ਕੌਮਾਂਤਰੀ www.amritsartimes.com
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 24 | Issue 251| 28 Oct. to 3 Nov. 2026 | Ph.: (+91) 175-291-2461 | Email: asrtimes@gmail.com

# ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਸਾਹਿਬ ਵਿਖੇ ਸਜਾਏ ਗਏ ਸੁੰਦਰ ਜਲੌਅ

### ਗੁਰਬਾਣੀ ਦੇ ਇਲਾਹੀ ਕੀਰਤਨ ਤੇ ਗੁਰੂ-ਜਸ ਨਾਲ ਸਿਰਜਿਆ ਅਧਿਆਤਮਿਕ ਮਾਹੌਲ

### ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਕੀਤੀ ਗਈ ਦੀਪਮਾਲਾ ਅਤੇ ਚਲਾਈ ਗਈ ਆਤਿਸ਼ਬਾਜ਼ੀ





**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅੰਮ੍ਰਿਤਸਰ ਦੇ ਬਾਨੀ ਅਤੇ ਸਿੱਖ ਧਰਮ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਲੰਘੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪਾਵਨ ਪ੍ਰਕਾਸ਼ ਪੁਰਬ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਾਦਾਦ 'ਚ ਸੰਗਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ। ਇਸ ਪਾਵਨ ਦਿਹਾੜੇ 'ਤੇ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦੇ ਇਲਾਹੀ ਕੀਰਤਨ ਤੇ ਗੁਰੂ-ਜਸ ਨਾਲ ਅਧਿਆਤਮਿਕ ਮਾਹੌਲ ਸਿਰਜਿਆ ਗਿਆ। ਇਸ ਸਬੰਧ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ ਗਏ। ਗੁਰੂ ਘਰ ਦੀ ਮੁੱਖ ਇਮਾਰਤ, ਪੁਲ, ਦਰਸ਼ਨੀ ਡਿਉਢੀ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਰਿਕਰਮਾ ਸਮੇਤ ਹੋਰ ਥਾਵਾਂ 'ਤੇ ਫੁੱਲਾਂ ਦੀ ਸਜਾਵਟ ਕੀਤੀ ਗਈ। ਸੰਗਤ ਲਈ ਫੁੱਲਾਂ ਦੀ ਸਜਾਵਟ ਖਿੱਚ ਦਾ ਕੇਂਦਰ ਰਹੀ। ਇਸ ਸਬੰਧ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।

ਦੇਰ ਸ਼ਾਮ ਸੰਗਤ ਨੇ ਦੀਪਮਾਲਾ ਕੀਤੀ। ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਅਲੌਕਿਕ ਆਤਿਸ਼ਬਾਜ਼ੀ ਵੀ ਕੀਤੀ ਗਈ ਜੋ ਖਿੱਚ ਦਾ ਕੇਂਦਰ ਬਣੀ, ਆਈ ਸੰਗਤ ਨੇ ਇਹ ਅਲੌਕਿਕ ਦ੍ਰਿਸ਼ ਆਪਣੇ ਮੋਬਾਈਲ ਫੋਨ 'ਚ ਕੈਦ ਕੀਤਾ ਅਤੇ ਦੇਸ਼ ਵਿਦੇਸ਼ ਬੈਠੇ ਆਪਣੇ ਸਾਕ ਸਬੰਧੀਆਂ ਨੂੰ ਭੇਜਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਗੁਰਪੁਰਬ ਮੌਕੇ ਸੰਗਤ ਵਾਸਤੇ ਵਿਸ਼ੇਸ਼ ਪਕਵਾਨ ਤਿਆਰ ਕੀਤੇ ਗਏ ਅਤੇ ਵੱਡੀ ਗਿਣਤੀ ਵਿੱਚ ਸੰਗਤ ਲੰਗਰ ਛਕਣ ਲਈ ਪੁੱਜੀ। ਸ਼ਾਮ ਵੇਲੇ ਰਹਿਰਾਸ ਤੋਂ ਬਾਅਦ ਆਤਿਸ਼ਬਾਜ਼ੀ ਚਲਾਈ ਗਈ। ਗੁਰੂ ਘਰ ਦੀ ਇਮਾਰਤ 'ਤੇ ਦੀਪਮਾਲਾ ਵੀ ਕੀਤੀ ਗਈ। ਇਸ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਗਤ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

**ਪਾਕਿਸਤਾਨੀ ਸ਼ਰਧਾਲੂਆਂ ਵੱਲੋਂ ਸਮਾਗਮ 'ਚ ਸ਼ਮੂਲੀਅਤ**

ਪਾਕਿਸਤਾਨੀ ਸਿੱਖਾਂ ਦੇ 49 ਮੈਂਬਰੀ ਜਥੇ ਨੇ ਸੱਚਖੰਡ ਦਰਬਾਰ ਸਾਹਿਬ ਸਮੂਹ ਵਿਖੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ 'ਚ ਸ਼ਮੂਲੀਅਤ ਕੀਤੀ। ਇਸ ਦੌਰਾਨ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਵੀ ਮੁਲਾਕਾਤ ਕੀਤੀ। ਭਾਰਤ ਸਥਿਤ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਲਈ ਆਇਆ ਇਹ ਜੱਥਾ ਦੇਰ ਰਾਤ ਨੂੰ ਅੰਮ੍ਰਿਤਸਰ ਪੁੱਜਾ ਸੀ, ਜਿੱਥੇ ਸ਼੍ਰੋਮਣੀ ਕਮੇਟੀ ਵੱਲੋਂ ਮੈਨੇਜਰ ਰਜਿੰਦਰ ਸਿੰਘ ਰੂਬੀ ਨੇ ਜਥੇ ਦਾ ਸਵਾਗਤ ਕੀਤਾ। ਪਾਕਿਸਤਾਨੀ ਸ਼ਰਧਾਲੂਆਂ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜਥੇ ਦੇ ਮੈਂਬਰਾਂ ਨੇ ਗੁਰੂ ਘਰ ਵਿੱਚ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ। ਉਨ੍ਹਾਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ 'ਚ ਚੱਲ ਰਹੇ ਗੁਰਬਾਣੀ ਕੀਰਤਨ ਵਿੱਚ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਤੋਂ ਆਈ ਸੰਗਤ ਦਾ ਸਨਮਾਨ ਕੀਤਾ ਗਿਆ।

# ਸਾਲ 1920 ਵਿੱਚ ਹੋਇਆ ਸੀ ਆਸਟ੍ਰੇਲੀਆ 'ਚ ਪਹਿਲਾ 'ਅਖੰਡ ਪਾਠ'

## 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪਾਵਨ ਸਰੂਪ ਆਸਟ੍ਰੇਲੀਆ ਕਦੋਂ, ਕਿੱਥੇ ਅਤੇ ਕਿਵੇਂ ਪਹੁੰਚਿਆ ਸੀ,' ਬਾਰੇ ਮਿਲੀ ਜਾਣਕਾਰੀ

### ਦੋ ਸਥਾਨਕ ਇਤਿਹਾਸਕਾਰਾਂ ਨੇ ਲੱਭਿਆ ਸੁਨਹਿਰੀ ਇਤਿਹਾਸ

ਸਿਡਨੀ/ਏ.ਟੀ.ਨਿਊਜ਼ : ਕਰੀਬ 15 ਸਾਲਾਂ ਤੋਂ ਵੱਧ ਸਮੇਂ ਦੀ ਲਗਾਤਾਰ ਖੋਜ ਤੋਂ ਬਾਅਦ ਆਸਟ੍ਰੇਲੀਆ ਦੇ ਦੋ ਉੱਘੇ ਇਤਿਹਾਸਕਾਰਾਂ ਨੇ ਇਹ ਸਥਾਪਿਤ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪਾਵਨ ਸਰੂਪ ਆਸਟ੍ਰੇਲੀਆ ਕਦੋਂ, ਕਿੱਥੇ ਅਤੇ ਕਿਵੇਂ ਪਹੁੰਚਿਆ ਸੀ। 85 ਸਾਲਾ ਲੈਨ ਕੈਨਾ ਅਤੇ 80 ਸਾਲਾ ਕ੍ਰਿਸਟਲ ਜੌਰਡਨ ਅਨੁਸਾਰ ਪਾਵਨ ਸਰੂਪ ਸਾਲ 1920 ਵਿੱਚ ਆਸਟ੍ਰੇਲੀਆ ਲਿਆਂਦਾ ਗਿਆ ਸੀ। ਉਨ੍ਹਾਂ ਨੇ ਨਾ ਸਿਰਫ਼ ਇਸ ਦੇ ਠਹਿਰਾਅ ਅਤੇ ਸਤਿਕਾਰ ਸਹਿਤ ਰੱਖੇ ਜਾਣ ਵਾਲੇ ਅਸਥਾਨਾਂ ਦਾ ਪਤਾ ਲਾਇਆ ਹੈ, ਸਗੋਂ ਉਸ ਇਤਿਹਾਸਕ ਘੋੜਾ-ਬੱਘੀ ਨੂੰ ਵੀ ਲੱਭ ਲਿਆ ਹੈ ਜਿਸ ਵਿੱਚ ਪਾਵਨ ਸਰੂਪ ਸੁਸ਼ੋਭਿਤ ਕਰਕੇ ਲਿਜਾਇਆ ਜਾਂਦਾ ਸੀ।

ਦੋਵਾਂ ਖੋਜੀਆਂ ਨੇ 1985 ਤੋਂ ਸਿੱਖਾਂ ਅਤੇ ਹੋਰ ਭਾਰਤੀਆਂ ਦੇ ਆਸਟ੍ਰੇਲੀਆਈ ਇਤਿਹਾਸ ਨੂੰ ਦਸਤਾਵੇਜ਼ੀ ਰੂਪ ਦੇਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਉਨ੍ਹਾਂ ਦੇ ਨਵੇਂ ਖ਼ੁਲਾਸੇ ਵਿਕਟੋਰੀਆ ਦੇ ਬੇਨਾਲਾ ਵਿੱਚ 'ਟੂਮਾਰੋ ਟੂਡੇ ਫਾਊਂਡੇਸ਼ਨ' ਵਿਖੇ ਰਿਲੀਜ਼ ਹੋਈ ਉਨ੍ਹਾਂ ਦੀ ਨਵੀਂ ਪੁਸਤਕ 'ਸਿਵਾਸਿੰਘ ਬੇਨਾਲਾ' ਵਿੱਚ ਦਰਜ ਹਨ।





ਕ੍ਰਿਸਟਲ ਜੌਰਡਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਕਿ ਆਸਟ੍ਰੇਲੀਆ ਵਿੱਚ ਪਹਿਲਾ ਅਖੰਡ ਪਾਠ ਸਾਲ 1920 ਵਿੱਚ ਵਿਕਟੋਰੀਆ ਦੇ ਪੇਂਡੂ ਖੇਤਰ ਵਿੱਚ ਹੋਇਆ ਸੀ, ਜਿਸ ਦੀ ਤਸਵੀਰ ਵੀ ਸੁਰੱਖਿਅਤ ਹੈ। ਇਹ ਕਿਤਾਬ ਸਿਵਾ ਸਿੰਘ ਬੇਨਾਲਾ ਨਾਮਕ ਇੱਕ ਫੇਰੀਵਾਲੇ (ਹਾਕਰ) ਅਤੇ ਕਿਸਾਨ ਦੇ ਜੀਵਨ ਦੁਆਲੇ ਘੁੰਮਦੀ ਹੈ, ਜੋ ਕਰੀਬ 1897 ਤੋਂ ਲੈ ਕੇ 1955 (ਆਪਣੀ ਮੌਤ ਤੱਕ) ਬੇਨਾਲਾ ਜ਼ਿਲ੍ਹੇ ਵਿੱਚ ਰਹੇ। ਉਹ ਇਲਾਕੇ ਦੇ ਸਿੱਖ ਭਾਈਚਾਰੇ ਲਈ ਧਾਰਮਿਕ ਆਗੂ ਵਜੋਂ ਸੇਵਾ ਨਿਭਾਉਂਦੇ ਸਨ, ਅਰਦਾਸਾਂ ਕਰਵਾਉਂਦੇ ਸਨ ਅਤੇ ਉੱਤਰ-ਪੂਰਬੀ ਵਿਕਟੋਰੀਆ ਵਿੱਚ ਸਸਕਾਰ ਦੀਆਂ ਰਸਮਾਂ ਪੂਰੀਆਂ ਕਰਦੇ ਸਨ। ਉਹ ਪਾਵਨ ਸਰੂਪ ਨੂੰ ਆਪਣੀ ਘੋੜਾ-ਬੱਘੀ ਵਿੱਚ ਪੂਰੇ ਅਦਬ ਨਾਲ ਲੈ ਕੇ ਜਾਂਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਇੱਕ ਸਥਾਨਕ ਕਿਸਾਨ ਨੇ ਇਸ ਬੱਘੀ ਨੂੰ ਸੰਭਾਲ ਕੇ ਰੱਖਿਆ। ਕ੍ਰਿਸਟਲ ਅਨੁਸਾਰ ਹੁਣ ਇਸ ਪਵਿੱਤਰ ਬੱਘੀ ਦੀ ਸੰਭਾਲ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਬੇਨਾਲਾ ਵਿੱਚ ਪੱਕੀ ਨੁਮਾਇਸ਼ ਲਈ ਰੱਖਿਆ ਜਾਵੇਗਾ। ਬੇਨਾਲਾ ਕੌਂਸਲ ਨੇ ਸਿਵਾ ਸਿੰਘ ਦੇ ਸਨਮਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪਾਠ ਦੀ ਯਾਦ ਵਿੱਚ ਇੱਕ ਕੇਂਦਰੀ ਪਾਰਕ ਵਿੱਚ ਯਾਦਗਾਰ ਬਣਾਉਣ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਸ ਖੋਜ ਯਾਤਰਾ ਦੀ ਸ਼ੁਰੂਆਤ ਬਾਰੇ ਦੱਸਦਿਆਂ ਕ੍ਰਿਸਟਲ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ 1985 ਵਿੱਚ ਕੰਮ ਸ਼ੁਰੂ ਕੀਤਾ ਸੀ ਤਾਂ ਆਸਟ੍ਰੇਲੀਆ ਵਿੱਚ ਭਾਰਤੀਆਂ ਦੇ ਇਤਿਹਾਸ ਬਾਰੇ ਬਹੁਤ ਘੱਟ ਜਾਣਕਾਰੀ ਸੀ।

(ਬਾਕੀ ਸਫ਼ਾ 26 'ਤੇ)


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# ਪੰਜਾਬ ’ਚ ਭਾਜਪਾ-ਅਕਾਲੀ ਗੱਠਜੋੜ ’ਤੇ ਪੇਚ ਫਸਿਆ

## ਭਾਜਪਾ ਸਾਰੀਆਂ 117 ਸੀਟਾਂ ’ਤੇ ਲੜਨ ਦੀ ਤਿਆਰੀ ਵਿੱਚ

## ਵੋਟ ਟਰਾਂਸਫਰ ਦਾ ਡਰ: ਭਾਜਪਾ ਦੇ ਅੰਦਰੂਨੀ ਸਰਵੇਖਣ ਨੇ ਅਕਾਲੀ ਦਲ ਨਾਲ ਸਮਝੌਤੇ ’ਤੇ ਲਗਾਈ ਰੋਕ

### ਖੇਤੀ ਅੰਦੋਲਨ ਅਤੇ ਪੰਥਕ ਮੁੱਦੇ ਅਜੇ ਵੀ ਵੱਡਾ ਅੜਿੱਕਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸੂਬੇ ਦੇ ਸਿਆਸੀ ਗਲਿਆਰਿਆਂ ਵਿੱਚ ਸਰਗਰਮੀ ਸਿਖ਼ਰਾਂ ’ਤੇ ਪੁੱਜ ਗਈ ਹੈ। ਕਦੇ ਦਹਾਕਿਆਂ ਤੱਕ ਇੱਕ-ਦੂਜੇ ਦੇ ਭਾਈਵਾਲ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਾਲੇ ਮੁੜ ਸਮਝੌਤੇ ਦੀਆਂ ਚਰਚਾਵਾਂ ਛਿੜ ਪਈਆਂ ਹਨ। ਹੁਣੇ ਜਿਹੇ ਸੁਖਬੀਰ ਸਿੰਘ ਬਾਦਲ ਨੇ ਸਮਾਨ ਵਿਚਾਰਧਾਰਾ ਵਾਲੀਆਂ ਪਾਰਟੀਆਂ ਨਾਲ ਹੱਥ ਮਿਲਾਉਣ ਦੇ ਸਪਸ਼ਟ ਸੰਕੇਤ ਦਿੱਤੇ ਹਨ, ਜਦਕਿ ਦੂਜੇ ਪਾਸੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨੂੰ ਰੱਦ ਕਰ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਐੱਨ.ਡੀ.ਏ. ਸਰਕਾਰ ਬਣਨ ਦੇ ਬਿਆਨ ਨੇ ਇਸ ਚਰਚਾ ਨੂੰ ਹੋਰ ਹਵਾ ਦੇ ਦਿੱਤੀ ਹੈ। ਪਰ ਦੂਜੇ ਪਾਸੇ ਪੰਜਾਬ ਭਾਜਪਾ ਸਾਰੀਆਂ 117 ਵਿਧਾਨ ਸਭਾ ਸੀਟਾਂ ’ਤੇ ਇਕੱਲਿਆਂ ਚੋਣ ਲੜਨ ਦੀ ਤਿਆਰੀ ਦਾ ਦਾਅਵਾ ਕਰ ਰਹੀ ਹੈ। ਆਖ਼ਰ ਭਾਜਪਾ ਸਮਝੌਤਾ ਕਿਉਂ ਲਟਕਾ ਰਹੀ ਹੈ, ਬਾਦਲ ਦਲ ਇੰਨਾ ਉਤਸੁਕ ਕਿਉਂ ਹੈ, ਕੀ ਪੰਜਾਬ ਦੇ ਸਿੱਖ ਭਾਜਪਾ ਵੱਲ ਮੁੜਨਗੇ ਅਤੇ ਭਾਜਪਾ ਦੀ ਪੰਜਾਬ ਵਿੱਚ ਕੀ ਸੰਭਾਵਨਾ ਹੈ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਫ਼ੈਸਲੇ ਵਿੱਚ ਦੇਰੀ ਕਰਨ ਦੇ ਪਿੱਛੇ ਪਾਰਟੀ ਦਾ ਅੰਦਰੂਨੀ ਹਿਸਾਬ-ਕਿਤਾਬ ਅਤੇ ਜ਼ਮੀਨੀ ਸਰਵੇਖਣ ਹਨ। ਭਾਜਪਾ ਦੇ ਅੰਦਰੂਨੀ ਸਰਵੇਖਣਾਂ ਅਨੁਸਾਰ ਜੇਕਰ ਦੋਵੇਂ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ, ਤਾਂ ਸ਼ਹਿਰੀ ਹਿੰਦੂ ਵੋਟ ਸ਼ਾਇਦ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਮਿਲ ਜਾਵੇ। ਪਰ ਪੇਂਡੂ ਖੇਤਰਾਂ ਵਿੱਚ ਬਾਦਲ ਦਲ ਦਾ ਰਵਾਇਤੀ ਸਿੱਖ ਵੋਟਰ ਭਾਜਪਾ ਉਮੀਦਵਾਰਾਂ ਦੇ ਪੱਖ ਵਿੱਚ ਵੋਟ ਪਾਉਣ ਤੋਂ ਝਿਜਕ ਸਕਦਾ ਹੈ। ਭਾਜਪਾ ਨੂੰ ਡਰ ਹੈ ਕਿ ਗੱਠਜੋੜ ਦਾ ਲਾਹਾ ਸਿਰਫ਼ ਅਕਾਲੀ ਦਲ ਨੂੰ ਮਿਲੇਗਾ ਅਤੇ ਭਾਜਪਾ ਨੂੰ ਸਿੱਖ ਵੋਟ ਦਾ ਫ਼ਾਇਦਾ ਨਹੀਂ ਹੋਵੇਗਾ। ਪੁਰਾਣੇ ਸਮਝੌਤੇ ਤਹਿਤ ਅਕਾਲੀ ਦਲ 94 ਸੀਟਾਂ ਅਤੇ ਭਾਜਪਾ ਸਿਰਫ਼ 23 ਸੀਟਾਂ ’ਤੇ ਚੋਣ ਲੜਦੀ ਸੀ। ਹੁਣ ਭਾਜਪਾ ਛੋਟਾ ਭਾਈਵਾਲ ਬਣ ਕੇ ਰਹਿਣ ਲਈ ਤਿਆਰ ਨਹੀਂ ਹੈ। ਪਾਰਟੀ ਘੱਟੋ-ਘੱਟ 45 ਤੋਂ 55 ਸੀਟਾਂ ਦੀ ਮੰਗ ਕਰ ਰਹੀ ਹੈ। ਬਾਦਲ ਦਲ ਇੰਨੀਆਂ ਸੀਟਾਂ ਛੱਡਣ ਲਈ ਤਿਆਰ ਨਹੀਂ ਹੈ, ਜਿਸ ਕਾਰਨ ਪੇਚ ਫਸਿਆ ਹੋਇਆ ਹੈ। ਸਾਲ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਕਾਰਨ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ। ਭਾਵੇਂ ਕਾਨੂੰਨ ਵਾਪਸ ਲੈ ਲਏ ਗਏ ਸਨ, ਪਰ ਦੋਹਾਂ ਧਿਰਾਂ ਦੇ ਰਿਸ਼ਤਿਆਂ ਵਿੱਚ ਆਈ ਕੌੜ ਅਜੇ ਪੂਰੀ ਤਰ੍ਹਾਂ ਦੂਰ ਨਹੀਂ ਹੋਈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਨਸ਼ਾ ਇੱਕ ਵੱਡਾ ਸਿਆਸੀ ਮੁੱਦਾ ਬਣ ਚੁੱਕਾ ਹੈ। ਭਾਜਪਾ ਇਸ ਵੇਲੇ ਮੌਜੂਦਾ ਸਰਕਾਰ ਨੂੰ ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਦੇ ਮੁੱਦੇ ’ਤੇ ਘੇਰ ਰਹੀ ਹੈ। ਪਾਰਟੀ ਦੇ ਕਈ ਆਗੂਆਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੇ ਪਿਛਲੇ ਦਸ ਸਾਲਾਂ ਦੇ ਰਾਜ ਦੌਰਾਨ ਲੱਗੇ ਦੋਸ਼ਾਂ ਕਾਰਨ ਅਕਾਲੀਆਂ ਨਾਲ ਮੰਚ ਸਾਂਝਾ ਕਰਨ ਨਾਲ ਭਾਜਪਾ ਦੇ ਆਪਣੇ ਅਕਸ ਨੂੰ ਢਾਹ ਲੱਗ ਸਕਦੀ ਹੈ। ਪੰਜਾਬ ਭਾਜਪਾ ਦੀ ਲੀਡਰਸ਼ਿਪ ਚਾਹੁੰਦੀ ਹੈ ਕਿ ਪਾਰਟੀ ਸਾਰੀਆਂ 117 ਸੀਟਾਂ ’ਤੇ ਉਮੀਦਵਾਰ ਖੜ੍ਹੇ ਕਰਨੇ ਚਾਹੀਦੇ ਹਨ। ਜੇਕਰ ਮੁੜ ਸਮਝੌਤਾ ਹੁੰਦਾ ਹੈ ਤਾਂ ਭਾਜਪਾ ਪੇਂਡੂ ਪੰਜਾਬ ਵਿੱਚ ਕਦੇ ਵੀ ਆਪਣੀ ਸੁਤੰਤਰ ਜਥੇਬੰਦੀ ਖੜ੍ਹੀ ਨਹੀਂ ਕਰ ਸਕੇਗੀ।

ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਭਾਜਪਾ ਇਸ ਵੇਲੇ ਇੱਕ ਅਹਿਮ ਮੋੜ ’ਤੇ ਖੜ੍ਹੀ ਹੈ। ਭਾਜਪਾ ਦਾ ਵੋਟ ਬੈਂਕ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਪਠਾਨਕੋਟ ਵਰਗੇ ਸ਼ਹਿਰੀ ਹਲਕਿਆਂ ਵਿੱਚ ਲਗਾਤਾਰ ਵਧਿਆ ਹੈ। ਸ਼ਹਿਰੀ ਹਿੰਦੂ ਵੋਟਰ ਹੁਣ ਕਾਂਗਰਸ ਦੀ ਥਾਂ ਭਾਜਪਾ ਨੂੰ ਆਪਣੇ ਪੱਕੇ ਹੱਕਦਾਰ ਵਜੋਂ ਦੇਖ ਰਿਹਾ ਹੈ। ਪਿਛਲੀਆਂ ਆਮ ਚੋਣਾਂ ਵਿੱਚ ਭਾਜਪਾ ਨੇ ਕਰੀਬ 18.5 ਫ਼ੀਸਦੀ ਵੋਟ ਸ਼ੇਅਰ ਹਾਸਲ ਕਰਕੇ ਆਪਣੀ ਮੌਜੂਦਗੀ ਦਰਜ ਕਰਵਾਈ ਸੀ। ਪੰਜਾਬ ਵਿੱਚ ਕੁਲ 117 ਵਿਧਾਨ ਸਭਾ ਸੀਟਾਂ ਵਿੱਚੋਂ ਬਹੁਗਿਣਤੀ ਸੀਟਾਂ ਪੇਂਡੂ ਹਨ। ਪਿੰਡਾਂ ਵਿੱਚ ਜਥੇਬੰਦਕ ਢਾਂਚੇ ਅਤੇ ਕਿਸਾਨੀ ਸਮਰਥਨ ਤੋਂ ਬਿਨਾਂ ਭਾਜਪਾ ਲਈ ਸਰਕਾਰ ਬਣਾਉਣ ਦਾ ਜਾਦੂਈ ਅੰਕੜਾ ਛੂਹਣਾ ਨਾਮੁਮਕਿਨ ਹੈ।

**ਬਾਦਲ ਦਲ ਭਾਜਪਾ ਨਾਲ ਸਮਝੌਤੇ ਲਈ ਇੰਨਾ ਉਤਸੁਕ ਕਿਉਂ ਹੈ?**

ਸ਼੍ਰੋਮਣੀ ਅਕਾਲੀ ਦਲ ਲਈ ਇਹ ਗੱਠਜੋੜ ਮਹਿਜ਼ ਚੋਣ ਸਮਝੌਤਾ ਨਹੀਂ, ਸਗੋਂ ਆਪਣੀ ਸਿਆਸੀ ਹੋਂਦ ਦੀ ਲੜਾਈ ਹੈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਵੱਡੀ ਹਾਰ ਮਿਲੀ ਸੀ। 2022 ਵਿੱਚ ਪਾਰਟੀ ਮਹਿਜ਼ 3 ਸੀਟਾਂ ’ਤੇ ਸਿਮਟ ਗਈ ਸੀ। ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀ ਦਲ ਦਾ ਵੋਟ ਸ਼ੇਅਰ ਡਿੱਗ ਕੇ ਕਰੀਬ 13.4 ਫ਼ੀਸਦੀ ਰਹਿ ਗਿਆ ਸੀ। ਅਜਿਹੇ ਸੰਕਟ ਵਿੱਚ ਪਾਰਟੀ ਨੂੰ ਦੁਬਾਰਾ ਖੜ੍ਹਾ ਹੋਣ ਲਈ ਇੱਕ ਮਜ਼ਬੂਤ ਸਹਾਰੇ ਦੀ ਲੋੜ ਹੈ।

(ਬਾਕੀ ਸਫ਼ਾ 26 ’ਤੇ)

### ਕੀ ਪੰਜਾਬ ਦੇ ਸਿੱਖ ਭਾਜਪਾ ਵੱਲ ਝੁਕਣਗੇ?

ਪੰਜਾਬ ਦੇ ਸਿੱਖਾਂ ਦਾ ਭਾਜਪਾ ਵੱਲ ਰੁਝਾਨ ਬਹੁਤ ਹੀ ਸੰਵੇਦਨਸ਼ੀਲ ਅਤੇ ਗੁੰਝਲਦਾਰ ਮਸਲਾ ਹੈ। ਪੰਜਾਬ ਦੇ ਬਹੁਗਿਣਤੀ ਸਿੱਖ ਖੇਤੀਬਾੜੀ ਨਾਲ ਜੁੜੇ ਹੋਏ ਹਨ। ਦਿੱਲੀ ਦੀਆਂ ਬਰੂਹਾਂ ’ਤੇ ਲੰਬਾ ਸਮਾਂ ਚੱਲੇ ਕਿਸਾਨ ਅੰਦੋਲਨ, ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨੀ ਮੰਗਾਂ ਨੂੰ ਲੈ ਕੇ ਪੇਂਡੂ ਕਿਸਾਨਾਂ ਅੰਦਰ ਕੇਂਦਰ ਸਰਕਾਰ ਵਿਰੁੱਧ ਰੋਸ ਅਜੇ ਵੀ ਕਾਇਮ ਹੈ।

ਪੰਥਕ ਵਿਦਵਾਨ ਡਾਕਟਰ ਖ਼ੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿੱਖ ਹਲਕਿਆਂ ਵਿੱਚ ਬਹੁਤ ਅਹਿਮ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵਿੱਚ ਕੇਂਦਰੀ ਦਖ਼ਲਅੰਦਾਜ਼ੀ ਦੇ ਦੋਸ਼ ਵੀ ਸਿੱਖਾਂ ਨੂੰ ਭਾਜਪਾ ਤੋਂ ਦੂਰ ਰੱਖਦੇ ਹਨ। ਹਾਲ ਹੀ ਵਿੱਚ ਪੰਜਾਬ ਦੀ ਪੰਥਕ ਸਿਆਸਤ ਵਿੱਚ ਕਈ ਨਵੇਂ ਪੰਥਕ ਚਿਹਰੇ ਉੱਭਰੇ ਹਨ, ਜਿਨ੍ਹਾਂ ਨੇ ਅਕਾਲੀ ਦਲ ਦੇ ਪੰਥਕ ਆਧਾਰ ਵਿੱਚ ਸੰਨ੍ਹ ਲਾਈ ਹੈ। ਜੇਕਰ ਬਾਦਲ ਦਲ ਭਾਜਪਾ ਨਾਲ ਹੱਥ ਮਿਲਾਉਂਦਾਹੈ, ਤਾਂ ਭਾਜਪਾ ਵਿਰੋਧੀ ਸਿੱਖ ਵੋਟਰ ਭਾਜਪਾ ਦੀ ਬਜਾਏ ਹੋਰ ਪੰਥਕ ਧਿਰਾਂ ਵੱਲ ਖਿਸਕ ਸਕਦਾ ਹੈ। ਆਮ ਪੇਂਡੂ ਸਿੱਖ ਅਜੇ ਵੀ ਭਾਜਪਾ ਨੂੰ ਆਪਣੀ ਪਹਿਲੀ ਪਸੰਦ ਨਹੀਂ ਮੰਨ ਰਿਹਾ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ, ਭਾਜਪਾ ਗੱਠਜੋੜ ਹੁੰਦਾ ਹੈ, ਤਾਂ ਦੋਵਾਂ ਧਿਰਾਂ ਨੂੰ ਕਿਸਾਨੀ ਮੰਗਾਂ, ਪੰਜਾਬ ਦੇ ਪਾਣੀਆਂ, ਫੈਡਰਲ ਢਾਂਚੇ ਅਤੇ ਪੰਥਕ ਮਸਲਿਆਂ ’ਤੇ ਇੱਕ ਸਪਸ਼ਟ ਸਮਝੌਤਾ ਕਰਕੇ ਲੋਕਾਂ ਸਾਹਮਣੇ ਜਾਣਾ ਪਵੇਗਾ। ਸਿਰਫ਼ ਸੱਤਾ ਦੇ ਲਾਲਚ ਵਿੱਚ ਹੋਇਆ ਸਮਝੌਤਾ ਪੰਜਾਬ ਦੇ ਲੋਕ ਪ੍ਰਵਾਨ ਨਹੀਂ ਕਰਨਗੇ।

(ਬਾਕੀ ਸਫ਼ਾ 26 ’ਤੇ)

# ਸਦਨ ਅੰਦਰ ‘ਡਰੱਗ ਮਨੀ’ ਤੇ ਬੰਦੀ ਸਿੰਘਾਂ ਦਾ ਮੁੱਦਾ ਗੂੰਜਿਆ, ਬਾਹਰ ਭਿੜੇ ‘ਆਪ’ ਤੇ ਕਾਂਗਰਸੀ ਵਿਧਾਇਕ

### ਪੰਜਾਬ ਵਿਧਾਨ ਸਭਾ ਦੇ ਆਖ਼ਰੀ ਸੈਸ਼ਨ ’ਚ ਦਰਿਆਈ ਪਾਣੀਆਂ ਬਾਰੇ ਪੰਜ ਮਤੇ ਪਾਸ

ਚੰਡੀਗੜ੍ਹ/ ਏ.ਟੀ.ਨਿਊਜ਼: ਪੰਜਾਬ ਵਿਧਾਨ ਸਭਾ ਦਾ ਇਜਲਾਸ ਭਾਰੀ ਹੰਗਾਮੇ, ਤਿੱਖੀ ਨੋਕ-ਝੋਕ ਅਤੇ ਸਿਆਸੀ ਦੂਸ਼ਣਬਾਜ਼ੀ ਦੀ ਭੇਟ ਚੜ੍ਹ ਗਿਆ। ਸਦਨ ਦੇ ਅੰਦਰ ਜਿੱਥੇ ਸਿਫ਼ਰ ਕਾਲ ਦੌਰਾਨ ਚੋਣਾਂ ਵਿੱਚ ‘ਡਰੱਗ ਮਨੀ’ ਦੀ ਵਰਤੋਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਸੰਵੇਦਨਸ਼ੀਲ ਮੁੱਦੇ ਭਖੇ ਰਹੇ, ਉੱਥੇ ਹੀ ਸਦਨ ਦੇ ਬਾਹਰ ਵੀ.ਆਈ.ਪੀ. ਲਾਊਂਜ ਵਿੱਚ ਕਾਂਗਰਸ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਆਹਮੋ-ਸਾਹਮਣੇ ਹੋ ਕੇ ਖਹਿਬੜ ਪਏ।

ਸਿਫ਼ਰ ਕਾਲ ਦੌਰਾਨ ਤਰਨ ਤਾਰਨ ਤੋਂ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਸਦਨ ਵਿੱਚ ਰੈੱਡ ਕਾਰਨਰ ਨੋਟਿਸ ਦਿਖਾਉਂਦਿਆਂ ਸਨਸਨੀਖੇਜ਼ ਖ਼ੁਲਾਸਾ ਕੀਤਾ। ਉਨ੍ਹਾਂ ਕੈਨੇਡਾ ਵਿੱਚ ਗ੍ਰਿਫ਼ਤਾਰ ਹੋਏ ਅੰਮ੍ਰਿਤਪਾਲ ਸਿੰਘ ਬਾਠ ਦਾ ਹਵਾਲਾ ਦਿੰਦਿਆਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਸ ਦੀ ਪਤਨੀ ਨੂੰ ਹਲਕਾ ਇੰਚਾਰਜ ਲਗਾਇਆ ਸੀ ਅਤੇ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਨਸ਼ੇ ਦੀ ਕਮਾਈ (ਡਰੱਗ ਮਨੀ) ਦੀ ਖੁੱਲ੍ਹ ਕੇ ਵਰਤੋਂ ਹੋਈ ਸੀ। ਸੰਧੂ ਨੇ ਮੰਗ ਕੀਤੀ ਕਿ ਰਾਜਨੀਤੀ ਵਿੱਚ ਗੈਂਗਸਟਰਾਂ ਦਾ ਦਾਖਲਾ ਰੋਕਣ ਅਤੇ ਸਰਪੰਚਾਂ ਦੇ ਕਤਲ ਦੀਆਂ ਵਿਦੇਸ਼ੀ ਸਾਜ਼ਿਸ਼ਾਂ ਦਾ ਪਰਦਾਫਾਸ਼ ਕਰਨ ਲਈ ਤੁਰੰਤ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਜਾਵੇ।

ਇਸੇ ਦੌਰਾਨ ਸਦਨ ਅੰਦਰ ਬੰਦੀ ਸਿੰਘਾਂ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਉੱਠਿਆ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਮਾਰ ਮਾਤਾ ਦੀ ਸੇਵਾ ਲਈ ਪੈਰੋਲ ਦੇਣ ਦੀ ਮੰਗ ਕੀਤੀ, ਜਦਕਿ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਵਕਾਲਤ ਕੀਤੀ। ਬਸਪਾ ਵਿਧਾਇਕ ਡਾ. ਨਛੱਤਰ ਪਾਲ ਨੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਅਤੇ ਨਵਾਂਸ਼ਹਿਰ ਵਿੱਚ ਨਾਜਾਇਜ਼ ਮਾਈਨਿੰਗ ਦਾ ਮਸਲਾ ਚੁੱਕਿਆ। ਇਸ ਤੋਂ ਇਲਾਵਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਸਰਕਾਰੀ ਸਕੂਲਾਂ ਵਿੱਚ ਨਰਸਰੀ ਤੇ ਐੱਲ.ਕੇ.ਜੀ. ਦੇ ਬੱਚਿਆਂ ਨੂੰ ਮਿਡ-ਡੇਅ ਮੀਲ ਨਾ ਦਿੱਤੇ ਜਾਣ ਦੇ ਵਿਤਕਰੇ ਨੂੰ ਗੰਭੀਰਤਾ ਨਾਲ ਉਠਾਇਆ, ਜਿਸ ’ਤੇ ਸਿੱਖਿਆ ਮੰਤਰੀ ਨੇ ਨਿਯਮਾਂ ਅਨੁਸਾਰ ਕਾਰਵਾਈ ਦਾ ਭਰੋਸਾ ਦਿੱਤਾ।



ਸਦਨ ਦੇ ਬਾਹਰ ਵੀ.ਆਈ.ਪੀ. ਲਾਊਂਜ ਵਿੱਚ ਮਾਹੌਲ ਉਸ ਸਮੇਂ ਅਖਾੜਾ ਬਣ ਗਿਆ ਜਦੋਂ ਕਾਂਗਰਸੀ ਵਿਧਾਇਕ ਰਾਜਪਾਲ ਦੇ ਭਾਸ਼ਣ ’ਤੇ ਬਹਿਸ ਦੌਰਾਨ ਵਾਕਆਊਟ ਕਰਕੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਕਾਂਗਰਸੀ ਆਗੂਆਂ ਨੇ ਦੋਸ਼ ਲਾਇਆ ਕਿ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਤੇ ਡੀ.ਏ. ਦੇਣ ਦੀ ਥਾਂ ਸਰਕਾਰ ਉਨ੍ਹਾਂ ’ਤੇ ਲਾਠੀਚਾਰਜ ਕਰ ਰਹੀ ਹੈ। ਇਸੇ ਦੌਰਾਨ ‘ਆਪ’ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਉੱਥੇ ਪਹੁੰਚ ਗਏ ਅਤੇ ਪਾਰਟੀ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਾਂਗਰਸ ਦੀ ਕਾਰਗੁਜ਼ਾਰੀ ’ਤੇ ਸਵਾਲ ਚੁੱਕਣ ਲੱਗੇ। ਇਸ ’ਤੇ ਕਾਂਗਰਸੀ ਵਿਧਾਇਕ ਬਰਿੰਦਰਮੀਤ ਪਾਹੜਾ, ਹਰਦੇਵ ਸਿੰਘ ਲਾਡੀ ਅਤੇ ਸੁਖਵਿੰਦਰ ਕੋਟਲੀ ਨੇ ਤਿੱਖਾ ਵਿਰੋਧ ਜਤਾਇਆ ਅਤੇ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਦੇ ਮੁੱਦੇ ’ਤੇ ਧਾਲੀਵਾਲ ਨੂੰ ਘੇਰ ਲਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ’ਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦਾ ਸਿੱਧਾ ਦੋਸ਼ ਲਗਾਇਆ।

ਇਜਲਾਸ ਦੌਰਾਨ ਪੰਜਾਬ ਦੇ ਪਾਣੀਆਂ ਨੂੰ ਲੈ ਕੇ 5 ਅਹਿਮ ਮਤੇ ਪੇਸ਼ ਕੀਤੇ ਗਏ। ਇਨ੍ਹਾਂ ਵਿੱਚ ਯਮੁਨਾ ਦੇ ਪਾਣੀ ਵਿੱਚ ਪੰਜਾਬ ਦਾ ਹਿੱਸਾ ਮੰਗਣਾ, ਰੋਪੜ-ਹਰੀਕੇ-ਫ਼ਿਰੋਜ਼ਪੁਰ ਹੈੱਡਵਰਕਸ ਦਾ ਪ੍ਰਬੰਧਕੀ ਕੰਟਰੋਲ ਪੰਜਾਬ ਨੂੰ ਦੇਣਾ, ਡੈਮ ਸੁਰੱਖਿਆ ਕਾਨੂੰਨ 2021 ਦਾ ਵਿਰੋਧ ਅਤੇ ਰਾਜਸਥਾਨ ਤੋਂ ਪਾਣੀ ਦੇ ਬਕਾਏ ਵਸੂਲਣ ਵਰਗੇ ਨੁਕਤੇ ਸ਼ਾਮਲ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ ਅਤੇ ਸੂਬਾ ਆਪਣੇ ਹੱਕਾਂ ਦੀ ਰਾਖੀ ਲਈ ਹਰ ਕਾਨੂੰਨੀ ਲੜਾਈ ਲੜੇਗਾ। ਉਨ੍ਹਾਂ ਕਰਤਾਰਪੁਰ ਲਾਂਘਾ ਨਿਰਵਿਘਨ ਖੋਲ੍ਹਣ ਦੀ ਮੰਗ ਵੀ ਦੁਹਰਾਈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਦਨ ਦੇ ਅੰਦਰ ਅਤੇ ਬਾਹਰ ਹੋਇਆ ਇਹ ਜ਼ਬਰਦਸਤ ਟਕਰਾਅ ਅਸਲ ਵਿੱਚ ਆਉਣ ਵਾਲੀਆਂ ਚੋਣਾਂ ਦੀ ਸਿਆਸੀ ਜ਼ਮੀਨ ਤਿਆਰ ਕਰਨ ਦੀ ਵੱਡੀ ਮੁਹਿੰਮ ਹੈ, ਜਿੱਥੇ ਨਸ਼ੇ, ਗੈਂਗਸਟਰ ਅਤੇ ਪੰਥਕ ਮੁੱਦੇ ਚੋਣ ਮੁਹਿੰਮ ਦੇ ਕੇਂਦਰ ਵਿੱਚ ਰਹਿਣਗੇ। ਵੀ.ਆਈ.ਪੀ. ਲਾਊਂਜ ਵਿੱਚ ਹੋਇਆ ਟਕਰਾਅ ਦਰਸਾਉਂਦਾ ਹੈ ਕਿ ਰਵਾਇਤੀ ਵਿਧਾਨਕ ਮਰਿਆਦਾਵਾਂ ਹੁਣ ਸੋਸ਼ਲ ਮੀਡੀਆ ਅਤੇ ਮੀਡੀਆ ਸੁਰਖੀਆਂ ਬਟੋਰਨ ਦੀ ਹੋੜ ਵਿੱਚ ਤਬਦੀਲ ਹੋ ਚੁੱਕੀਆਂ ਹਨ, ਜਿੱਥੇ ਦੋਵੇਂ ਧਿਰਾਂ ਆਪਣੇ ਸਮਰਥਕਾਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੀਆਂ ਹਨ ਕਿ ਉਹ ਮੈਦਾਨ ਵਿੱਚ ਡਟੀਆਂ ਹੋਈਆਂ ਹਨ।

### ਅਦਾਲਤਾਂ ਤੋਂ ਲੈ ਕੇ ਸੜਕਾਂ ਤੱਕ ਲੜਾਈ ਲੜਾਂਗੇ: ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਦਰਿਆਈ ਪਾਣੀਆਂ ਦੇ ਮਾਮਲੇ ’ਤੇ ਅਦਾਲਤਾਂ ਤੋਂ ਲੈ ਕੇ ਸੜਕਾਂ ਤੱਕ ਲੜਾਈ ਲੜਨ ਦਾ ਅਹਿਦ ਲੈਂਦਿਆਂ ਕਿਹਾ ਕਿ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਰਾਇਲਟੀ ਬਿਨਾਂ ਪਾਣੀ ਨਹੀਂ ਦਿਆਂਗੇ। ਰਾਜਸਥਾਨ ਵੱਲ 1.44 ਲੱਖ ਕਰੋੜ ਰੁਪਏ ਦੀ ਰਾਇਲਟੀ ਬਕਾਇਆ ਖੜ੍ਹੀ ਹੈ। ਰਾਵੀ ਤੇ ਬਿਆਸ ਦੇ ਪਾਣੀਆਂ ’ਤੇ ਰਾਜਸਥਾਨ ਅਤੇ ਹਰਿਆਣਾ ਦਾ ਕੋਈ ਹੱਕ ਨਹੀਂ ਬਣਦਾ। ਪੰਜਾਬ ਦੇ ਹਿੱਸੇ ਦਾ ਇੱਕ ਬੂੰਦ ਪਾਣੀ ਵੀ ਕਿਸੇ ਹੋਰ ਸੂਬੇ ਨੂੰ ਨਹੀਂ ਦਿੱਤਾ ਜਾਵੇਗਾ। ਜਲ ਸਰੋਤਾਂ ਦੀ ਵੰਡ ’ਚ ਕੋਈ ਬੇਇਨਸਾਫ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜਦੋਂ ‘ਆਪ’ ਨੇ ਵਾਗਡੋਰ ਸੰਭਾਲੀ ਸੀ ਤਾਂ ਉਸ ਵੇਲੇ 21 ਫ਼ੀਸਦ ਨਹਿਰੀ ਪਾਣੀ ਦੀ ਵਰਤੋਂ ਹੁੰਦੀ ਸੀ ਜੋ ਹੁਣ 80 ਫ਼ੀਸਦੀ ਤੱਕ ਪੁੱਜ ਗਈ ਹੈ।

# ਅਮਰੀਕਾ ਅਤੇ ਕੈਨੇਡਾ ਵਿਚਾਲੇ ਮਜ਼ਬੂਤ ਹੋਣ ਲੱਗੇ ਵਪਾਰਕ ਸਬੰਧ

## ਟਰੰਪ ਪ੍ਰਸ਼ਾਸਨ ਨੇ 50 ਵਸਤਾਂ ਨੂੰ ਟੈਰਿਫ਼ ਮੁਕਤ ਕੀਤਾ, ਪਰ ਕਈ ਹੋਰ ਵਸਤਾਂ ਨੂੰ ਟੈਰਿਫ਼ ਸੂਚੀ ਵਿੱਚ ਪਾਇਆ

ਵਾਸ਼ਿੰਗਟਨ/ਏ.ਟੀ.ਨਿਊਜ਼: ਵਾਈਟ ਹਾਊਸ ਵੱਲੋਂ ਜਾਰੀ ਸੂਚਨਾ ਮੁਤਾਬਿਕ ਟਰੰਪ ਪ੍ਰਸਾਸ਼ਨ ਨੇ 3 ਨਵੰਬਰ ਨੂੰ ਹੋਣ ਵਾਲੀਆਂ ਮੱਧਕਾਲੀ ਚੋਣਾਂ ਵਿੱਚ ਲੋਕਾਂ ਦੇ ਮੂਡ ਨੂੰ ਦੇਖਦੇ ਹੋਏ ਕੈਨੇਡਾ ਨਾਲ ਵਪਾਰਕ ਸਬੰਧ ਸੁਧਾਰਨ ਦੇ ਯਤਨਾਂ ਤਹਿਤ ਕੈਨੇਡਾ ਤੋਂ ਆਉਂਦੀਆਂ 50 ਵਸਤਾਂ ਨੂੰ 31 ਅਕਤੂਬਰ ਤੋਂ ਟੈਰਿਫ਼ ਮੁਕਤ ਕੀਤੇ ਜਾਣ ਦੇ ਫ਼ੈਸਲੇ ਬਾਰੇ ਬਿਆਨ ਜਾਰੀ ਕੀਤਾ ਹੈ।

ਪਰ ਨਾਲ ਹੀ ਕੁਝ ਅਜਿਹੀਆਂ ਵਸਤਾਂ ਨੂੰ ਟੈਰਿਫ਼ ਸੂਚੀ ਵਿੱਚ ਸ਼ਾਮਲ ਕੀਤਾ ਹੈ, ਜੋ ਆਮ ਕਰਕੇ ਬਹੁਤ ਘੱਟ ਮਾਤਰਾ ਵਿੱਚ ਕੈਨੇਡਾ ਤੋਂ ਅਮਰੀਕਾ ਜਾਂਦੀਆਂ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜੋ ਇਸ ਵੇਲੇ ਇਟਲੀ ਦੇ ਦੌਰੇ ’ਤੇ ਇਸਤਾਨਬੁਲ ਵਿੱਚ ਹਨ, ਵੱਲੋਂ ਇਸ ਨੂੰ ਦੋਹਾਂ ਦੇਸ਼ਾਂ ਦੇ ਵਪਾਰਕ ਸਬੰਧਾਂ ਵੱਲ ਲਿਆ ਗਿਆ ਚੰਗਾ ਕਦਮ ਕਰਾਰ ਦਿੱਤਾ ਹੈ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਸਮਝੌਤੇ ਤੇ ਦਸਤਖ਼ਤਾਂ ਤੋਂ ਪਹਿਲਾਂ ਕੈਨੇਡਾ ਸਰਕਾਰ ਇਸ ਦੇ ਦੂਰ ਅੰਦੇਸ਼ੀ ਪ੍ਰਭਾਵਾਂ ਦਾ ਧਿਆਨ ਜ਼ਰੂਰ ਰੱਖੇਗੀ।

ਉੱਧਰ ਦੋਹਾਂ ਦੇਸ਼ਾਂ ਦੇ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਡੋਨਲਡ ਟਰੰਪ ਸਰਕਾਰ ਵਲੋਂ 3 ਨਵੰਬਰ ਨੂੰ ਹੋਣ ਵਾਲੀਆਂ ਮੱਧਕਾਲੀ ਚੋਣਾਂ ਵਿੱਚ ਅਮਰੀਕਨ ਵੋਟਰਾਂ ਦੇ ਵਿਗੜੇ ਹੋਏ ਮੂਡ ਬਾਰੇ ਜਾਣ ਚੁੱਕੇ ਹਨ ਤੇ ਉਨ੍ਹਾਂ ਨੂੰ ਖੁਸ਼ ਕਰਨ ਦੇ ਕਦਮਾਂ ਚੋਂ ਇਹ ਵੀ ਇੱਕ ਯਤਨ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਸੀਂ ਅਜੇ ਵੀ ਵਪਾਰਕ ਸੌਦੇਬਾਜੀ ਉੱਤੇ ਗੱਲਬਾਤ ਕਰਨ ਲਈ ਚੰਗੀ ਨੀਅਤ ਨਾਲ ਬੈਠਣ ਲਈ ਤਿਆਰ ਹਾਂ ਤੇ ਕੈਨੇਡਾ ਦੇ ਹਿਤਾਂ ਲਈ ਸੋਚਦਿਆਂ ਸਮੇਂ ਦੀ ਪਰਵਾਹ ਨਹੀਂ ਕਰਦੇ। ਜਦੋਂ ਪ੍ਰਧਾਨ ਮੰਤਰੀ ਨੂੰ ਪੁੱਛਿਆ ਗਿਆ ਕਿ ਵਪਾਰ ਸਮਝੌਤੇ ਵਿੱਚ ਸਮੇਂ ਦੀ ਕਿੰਨੀ ਮਹੱਤਤਾ ਹੈ ਤਾਂ ਕਾਰਨੀ ਨੇ ਕਿਹਾ ਕਿ ਜੇ ਅਮਰੀਕੀ ਲੋਕ ਚੰਗੀ ਨੀਅਤ ਨਾਲ ਗੱਲਬਾਤ ਕਰਨ ਲਈ



ਤਿਆਰ ਹੋਣ ਤਾਂ ਕੈਨੇਡਾ ਹਰ ਵੀ ਅੜਿੱਕੇ ਢਿੱਲੇ ਕਰ ਦੇਵੇਗਾ , ਪਰ ਮਿੱਡਟਰਮ ਚੋਣਾਂ ਤੋਂ ਪਹਿਲਾਂ ਇਹ ਸੰਭਵ ਹੋਣ ਦੀ ਸੰਭਾਵਨਾ ਅਮਰੀਕਾ ਉੱਤੇ ਨਿਰਭਰ ਕਰਦੀ ਹੈ ਅਤੇ ਇਸ ਉੱਤੇ ਕੋਈ ਭਵਿੱਖਬਾਣੀ ਕਰਨਾ ਥੋੜ੍ਹਾ ਔਖਾ ਹੈ। ਕੈਨੇਡਾ ਪ੍ਰਧਾਨ ਮੰਤਰੀ ਦਫ਼ਤਰ ਨੇ ਇਹ ਦੱਸਿਆ ਕਿ ਦੋ ਦਿਨ ਪਹਿਲਾਂ ਅਮਰੀਕਨ ਰਾਸ਼ਟਰਪਤੀ ਨੇ ਮਾਰਕ ਕਾਰਨੀ ਨਾਲ ਲੰਮਾ ਸਮਾਂ ਗੱਲਬਾਤ ਕੀਤੀ ਸੀ।

ਗੌਰਤਲਬ ਹੈ ਕਿ ਅਮਰੀਕਾ ਵਿੱਚ ਰਾਸ਼ਟਰਪਤੀ ਅਤੇ ਹਾਊਸ ਆਫ਼ ਰਿਪਰਿਜੈਂਟਿਵ ਹਾਊਸ ਦੇ ਸਾਰੇ 435 ਮੈਂਬਰਾਂ ਅਤੇ ਸੈਨੇਟ ਦੇ 100 ਸੈਨੇਟਰਾਂ ਚੋਂ ਇੱਕ ਤਿਹਾਈ ਦੀ ਚੋਣ ਚਾਰ ਸਾਲ ਬਾਅਦ ਕੀਤੀ ਜਾਂਦੀ ਹੈ। ਜਿਸ ਦੌਰਾਨ ਰਾਸ਼ਟਰਪਤੀ ਕੋਲ ਸਭ ਤਾਕਤਾਂ ਰਹਿੰਦੀਆਂ ਹਨ। ਉਸ ਤੋਂ ਦੋ ਸਾਲ ਬਾਅਦ ਮੱਧਕਾਲੀ ਚੋਣਾਂ ਕਰਾਈਆਂ ਜਾਂਦੀਆਂ ਹਨ ਹਨ। ਇਨ੍ਹਾਂ ਚੋਣਾਂ ਮੌਕੇ ਵੋਟਰਾਂ ਦਾ ਮੂਡ ਵੇਖਿਆ ਜਾਂਦਾ ਹੈ, ਜਿਸ ਵਿੱਚ ਜੇ ਰਾਸ਼ਟਰਪਤੀ ਚੋਣ ਹਾਰ ਜਾਵੇ ਤਾਂ ਉਹ ਅਗਲੇ ਦੋ ਸਾਲ ਰਾਸ਼ਟਰਪਤੀ ਤਾਂ ਬਣਿਆ ਰਹਿੰਦਾ ਹੈ, ਪਰ ਸ਼ਕਤੀਆਂ ਪੱਖੋਂ ਉਸ ਦੇ ਪਰ ਕੁਤਰ ਜਾਂਦੇ ਹਨ ਭਾਵ ਉਹ ਮਨਆਈਆਂ ਨਹੀਂ ਕਰ ਸਕਦਾ।

ਇਸ ਤਰ੍ਹਾਂ ਦੋ ਸਾਲ ਬਾਅਦ ਹੋਣ ਵਾਲੀਆਂ ਮੱਧਕਾਲੀ ਚੋਣਾਂ ’ਚ ਇੱਕ ਤਿਹਾਈ ਸੈਨੇਟਰਾਂ ਦੀ ਥਾਂ ਹੋਰਾਂ ਦੀ ਚੋਣ ਹੁੰਦੀ ਹੈ ਤੇ ਦੂੱਜੇ ਹਾਊਸ ਵਿੱਚ ਖਾਲੀ ਸੀਟਾਂ ਭਰਨ ਲਈ ਚੋਣ ਹੁੰਦੀ ਹੈ। ਇਸ ਵੇਲੇ 435 ਮੈਂਬਰੀ ਹਾਊਸ ਵਿੱਚ ਸਤਾਧਾਰੀ ਰਿਪਬਲਿਕਨ ਪਾਰਚੀ ਕੋਲ 218 ਅਤੇ ਵਿਰੋਧੀ ਡੈਮੋਕ੍ਰੈਟਿਕਾਂ ਕੋਲ 214 ਅਤੇ ਅਜਾਦ ਕੋਲ ਇੱਕ ਸੀਟ ਹੈ। ਦੋ ਸੀਟਾਂ ਖਾਲੀ ਹਨ। ਇਸੇ ਤਰਾਂ ਸੈਨੇਟ ਵਿੱਚ ਸਤਾਧਾਰੀਆਂ ਕੋਲ 53 ਅਤੇ ਵਿਰੋਧੀਆਂ ਕੋਲ 45 + 2 (ਅਜਾਦ ਡੈਮਕ੍ਰਿਟਿਕ ਪੱਖੀ) ਹਨ। ਯਨੀ ਦੋਹਾਂ ਸਦਨਾਂ ਵਿੱਚ 53 - 47 ਦਾ ਫ਼ਸਵਾਂ ਮੁਕਾਬਲਾ ਹੈ। 3 ਨਵੰਬਰ ਨੂੰ ਜੇ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਵਿਰੋਧੀ ਟੋਨੀ ਤੋਂ ਘੱਟ ਵੋਟਾਂ ਲੈਂਦੇ ਹਨ ਅਤੇ ਦੋਹਾਂ ਹਾਊਸਾਂ ਦਾ ਸੰਤੁਲਨ ਵੀ ਪਹਿਲੇ ਤੋਂ ਵਿਗੜਦਾ ਹੈ ਤਾਂ ਰਾਸ਼ਟਰਪਤੀ ਤੋਂ ਮਨ ਮਰਜੀ ਦੇ ਫ਼ੈਸਲੇ ਲੈਣ ਦਾ ਹੱਕ ਖੁਸ ਜਾਂਦਾ ਹੈ ਤੇ ਦੇਸ਼ ਦੀਆਂ ਵਿਦੇਸ਼ ਨੀਤੀਆਂ ਸਮੇਤ ਹੋਰ ਕੰਮਾਂ ਵਿੱਚ ਕਿਸੇ ਬਦਲਾਉ ਜਾਂ ਵੱਡੇ ਨੀਤੀਗਤ ਫ਼ੈਸਲੇ ਲਈ ਹਾਊਸ ਅਤੇ ਸੈਨੇਟ ਤੋਂ ਮਨਜੂਰੀ ਲੈਣੀ ਪੈਂਦੀ ਹੈ।

# ਅਮਰੀਕਾ ਦੀ ਥਾਂ ਹੋਰ ਮੁਲਕਾਂ ’ਚ ਜਾਣ ਲੱਗੇ ਭਾਰਤੀ ਵਿਦਿਆਰਥੀ

## ਅਗਸਤ ’ਚ 39 ਫ਼ੀਸਦੀ ਘਟੀਆਂ ਅਮਰੀਕਾ ਦੇ ਸਟੂਡੈਂਟ ਵੀਜ਼ਾ ਐਂਟਰੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕੀ ਵਣਜ ਵਿਭਾਗ ਦੇ ਅੰਤਰਰਾਸ਼ਟਰੀ ਵਪਾਰ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ ਇਸ ਸਾਲ ਅਗਸਤ ਮਹੀਨੇ ਵਿੱਚ ਐੱਫ ਅਤੇ ਐੱਮ ਸ਼੍ਰੇਣੀ ਦੇ ਵੀਜ਼ਿਆਂ ’ਤੇ ਅਮਰੀਕਾ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 39 ਫੀਸਦੀ ਦੀ ਗਿਰਾਵਟ ਆਈ ਹੈ। ਸਾਲ 2020 ਦੀ ਕੋਰੋਨਾ ਮਹਾਮਾਰੀ ਤੋਂ ਬਾਅਦ ਅਗਸਤ ਮਹੀਨੇ ਵਿੱਚ ਅਮਰੀਕਾ ਪਹੁੰਚਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਇਹ ਸਭ ਤੋਂ ਹੇਠਲਾ ਪੱਧਰ ਹੈ।



ਇਸ ਸਾਲ ਅਗਸਤ ਵਿੱਚ 25,321 ਭਾਰਤੀ ਵਿਦਿਆਰਥੀ ਅਮਰੀਕਾ ਪਹੁੰਚੇ, ਜਦੋਂ ਕਿ ਪਿਛਲੇ ਸਾਲ ਅਗਸਤ ਵਿੱਚ ਇਹ ਗਿਣਤੀ 41,540 ਸੀ। ਇਹ ਅੰਕੜਾ ਅਗਸਤ 2023 ਦੇ 93,833 ਵਿਦਿਆਰਥੀਆਂ ਦੇ ਰਿਕਾਰਡ ਪੱਧਰ ਨਾਲੋਂ 73 ਫੀਸਦੀ ਘੱਟ ਹੈ। ਗਿਰਾਵਟ ਦੀ ਸ਼ੁਰੂਆਤ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ ਅਗਸਤ 2024 ਵਿੱਚ ਹੋਈ ਸੀ, ਜਦੋਂ ਆਮਦ 20.3 ਫੀਸਦੀ ਘਟ ਕੇ 74,825 ਰਹਿ ਗਈ ਸੀ। ਹਾਲਾਂਕਿ, ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਇਸ ਵਿੱਚ ਹੋਰ ਤੇਜ਼ੀ ਆਈ, ਜਿੱਥੇ ਅਗਸਤ 2025 ਵਿੱਚ 44.5 ਫੀਸਦੀ ਅਤੇ ਇਸ ਸਾਲ ਅਗਸਤ 2026 ਵਿੱਚ 39 ਫੀਸਦੀ ਦੀ ਹੋਰ ਗਿਰਾਵਟ ਦਰਜ ਕੀਤੀ ਗਈ। ਜੂਨ ਤੋਂ ਸਤੰਬਰ ਦਰਮਿਆਨ ਕੁੱਲ 53,714 ਭਾਰਤੀ ਵਿਦਿਆਰਥੀ ਅਮਰੀਕਾ ਪਹੁੰਚੇ, ਜੋ ਕਿ 2025 ਦੇ ਮੁਕਾਬਲੇ 28.2 ਫੀਸਦੀ ਅਤੇ 2024 ਦੇ ਮੁਕਾਬਲੇ 59.7 ਫੀਸਦੀ ਘੱਟ ਹੈ। (ਬਾਕੀ ਸਫ਼ਾ 26 ’ਤੇ)

## ਅਮਰੀਕਾ ’ਚ ਭਾਰਤੀਆਂ ਦੀ ਵਿੱਤੀ ਤਰੱਕੀ ਦਰਮਿਆਨ ਵਧੇ ਨਫ਼ਰਤੀ ਮਾਮਲੇ ਤੇ ਵੀਜ਼ਾ ਕਾਨੂੰਨ

ਵਾਸ਼ਿੰਗਟਨ, 27 ਅਕਤੂਬਰ (ਪ੍ਰਤੀਨਿਧੀ): ਅਮਰੀਕਾ ਵਿੱਚ ਵੱਸਦਾ ਭਾਰਤੀ ਭਾਈਚਾਰਾ ਦੇਸ਼ ਦੇ ਸਭ ਤੋਂ ਖੁਸ਼ਹਾਲ ਅਤੇ ਉੱਚ-ਸਿੱਖਿਅਤ ਸਮੂਹਾਂ ਵਿੱਚੋਂ ਇੱਕ ਬਣ ਕੇ ਉੱਭਰਿਆ ਹੈ। ਬਹੁਤ ਸਾਰੇ ਸਫ਼ਲ ਭਾਰਤੀ ਸੀ.ਈ.ਓ., ਉੱਦਮੀ ਅਤੇ ਵਿਗਿਆਨੀ ਆਪਣੀ ਇਸ ਤਰੱਕੀ ਦਾ ਸਿਹਰਾ ਆਪਣੀ ਮਿਹਨਤ ਦੇ ਨਾਲ-ਨਾਲ ਅਮਰੀਕਾ ਦੇ ਉਸ ਸੱਭਿਆਚਾਰ ਅਤੇ ਆਰਥਿਕਤਾ ਨੂੰ ਦਿੰਦੇ ਹਨ ਜੋ ਪ੍ਰਤਿੱਭਾ ਅਤੇ ਯੋਗਤਾ ਨੂੰ ਉਤਸ਼ਾਹਿਤ ਕਰਦੀ ਹੈ। ਦੂਜੇ ਪ੍ਰਵਾਸੀ ਭਾਈਚਾਰਿਆਂ ਦੇ ਉਲਟ, ਭਾਰਤੀ ਅਮਰੀਕੀਆਂ ਨੇ ਸਿਰਫ਼ ਇੱਕ ਹੀ ਪੀੜ੍ਹੀ ਦੇ ਅੰਦਰ ਇਹ ਬੁਲੰਦੀਆਂ ਹਾਸਲ ਕੀਤੀਆਂ ਹਨ। ਸਰੋਤ ਦੇ ਅੰਕੜਿਆਂ ਅਨੁਸਾਰ, ਭਾਰਤੀ ਅਮਰੀਕੀਆਂ ਦੀ ਔਸਤ ਘਰੇਲੂ ਆਮਦਨ 1,51,200 ਡਾਲਰ ਹੈ, ਜਦਕਿ ਗੋਰੇ ਅਮਰੀਕੀਆਂ ਲਈ ਇਹ ਔਸਤ 92,530 ਡਾਲਰ ਹੈ। ਸਿੱਖਿਆ ਦੇ ਖੇਤਰ ਵਿੱਚ ਵੀ 25 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੱਗਭਗ 3-ਚੌਥਾਈ (75%) ਭਾਰਤੀਆਂ ਕੋਲ ਬੈਚਲਰ ਡਿਗਰੀ ਹੈ, ਜਦਕਿ ਇਸ ਦੇ ਮੁਕਾਬਲੇ ਰਾਸ਼ਟਰੀ ਔਸਤ ਸਿਰਫ਼ 38 ਫ਼ੀਸਦੀ ਹੈ। ਇਸ ਤੋਂ ਇਲਾਵਾ, ਲੱਗਭਗ ਅੱਧੇ ਭਾਰਤੀਆਂ ਕੋਲ ਉੱਚ/ਗ੍ਰੈਜੂਏਟ ਡਿਗਰੀਆਂ ਹਨ। ਇਸ ਭਾਈਚਾਰੇ ਵਿੱਚ ਗ਼ਰੀਬੀ ਦੀ ਦਰ ਸਿਰਫ਼ 6 ਫ਼ੀਸਦੀ ਹੈ, ਜੋ ਕਿ ਕਿਸੇ ਵੀ ਨਸਲੀ ਸਮੂਹ ਦੇ ਮੁਕਾਬਲੇ ਸਭ ਤੋਂ ਘੱਟ ਦਰਾਂ ਵਿੱਚੋਂ ਇੱਕ ਹੈ, ਅਤੇ ਉਹ ਆਮ ਤੌਰ ’ਤੇ ਰੁਜ਼ਗਾਰਸ਼ੁਦਾ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਹਨ।

# ਅਮਰੀਕਾ ਵਿੱਚ ਐਚ-ਵੰਨ ਬੀ ਵੀਜ਼ਾ ਧਾਰਕਾਂ ’ਤੇ ਡੂੰਘਾ ਸੰਕਟ

## ਨੌਕਰੀਆਂ ਜਾਣ ਮਗਰੋਂ ਘਰ-ਕਾਰਾਂ ਛੱਡ ਭਾਰਤ ਪਰਤਣ ਲੱਗੇ ਆਈ.ਟੀ. ਪੇਸ਼ੇਵਰ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਲੰਮੇ ਸਮੇਂ ਤੋਂ ਵਸੇ ਭਾਰਤੀ ਆਈ.ਟੀ. ਪੇਸ਼ੇਵਰਾਂ ਲਈ ‘ਅਮਰੀਕਨ ਡਰੀਮ’ ਹੁਣ ਇੱਕ ਡੂੰਘੇ ਸੰਕਟ ਵਿੱਚ ਬਦਲਦਾ ਨਜ਼ਰ ਆ ਰਿਹਾ ਹੈ। ਟੈਕਸਾਸ ਦੇ ਡਲਾਸ ਸਮੇਤ ਕਈ ਵੱਡੇ ਸ਼ਹਿਰਾਂ ਵਿੱਚ ਐਚ-1ਬੀ ਵੀਜ਼ਾ ਧਾਰਕਾਂ ਦੀਆਂ ਨੌਕਰੀਆਂ ਛੁੱਟਣ ਤੋਂ ਬਾਅਦ ਅਜਿਹੀ ਨੌਬਤ ਆ ਗਈ ਹੈ ਕਿ ਲੋਕਾਂ ਨੂੰ ਆਪਣੇ ਕਰੋੜਾਂ ਰੁਪਏ ਦੇ ਘਰ, ਮਹਿੰਗੀਆਂ ਕਾਰਾਂ ਅਤੇ ਘਰੇਲੂ ਸਮਾਨ ਪਿੱਛੇ ਛੱਡ ਕੇ ਭਾਰਤ ਵਾਪਸ ਪਰਤਣ ਲਈ ਇਕਤਰਫ਼ਾ ਟਿਕਟਾਂ ਲੈਣੀਆਂ ਪੈ ਰਹੀਆਂ ਹਨ।

ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਮੁਤਾਬਕ ਜੇਕਰ ਕਿਸੇ ਐਚ-1ਬੀ ਵੀਜ਼ਾ ਧਾਰਕ ਦੀ ਨੌਕਰੀ ਚਲੀ ਜਾਂਦੀ ਹੈ, ਤਾਂ ਉਸ ਕੋਲ ਨਵੀਂ ਨੌਕਰੀ ਲੱਭਣ ਅਤੇ ਵੀਜ਼ਾ ਟਰਾਂਸਫਰ ਕਰਵਾਉਣ ਲਈ ਸਿਰਫ਼ 60 ਦਿਨਾਂ ਦਾ ਸਮਾਂ ਹੁੰਦਾ ਹੈ। ਪਹਿਲਾਂ ਆਈ.ਟੀ. ਖੇਤਰ ਵਿੱਚ ਮੰਗ ਜ਼ਿਆਦਾ ਹੋਣ ਕਰਕੇ ਮਹੀਨੇ-ਡੇਢ ਮਹੀਨੇ ਵਿੱਚ ਨਵਾਂ ਸਪਾਂਸਰ ਮਿਲ ਜਾਂਦਾ ਸੀ ਪਰ ਮੌਜੂਦਾ ਮੰਦੀ ਦੌਰਾਨ ਕੰਪਨੀਆਂ ਨਵੀਂ ਭਰਤੀ ਅਤੇ ਵੀਜ਼ਾ ਸਪਾਂਸਰਸ਼ਿਪ ਦੇਣ ਤੋਂ ਹੱਥ ਪਿੱਛੇ ਖਿੱਚ ਰਹੀਆਂ ਹਨ, ਜਿਸ ਕਾਰਨ 60




ਦਿਨਾਂ ਦੀ ਮਿਆਦ ਪੁੱਗਦੇ ਹੀ ਉਨ੍ਹਾਂ ਦਾ ਅਮਰੀਕਾ ਵਿੱਚ ਰਹਿਣਾ ਗ਼ੈਰ-ਕਾਨੂੰਨੀ ਹੋ ਜਾਂਦਾ ਹੈ।

ਪਿਛਲੇ ਸਾਲਾਂ ਦੌਰਾਨ ਉੱਤਰੀ ਟੈਕਸਾਸ (ਖ਼ਾਸ ਕਰਕੇ ਡਲਾਸ ਦੇ ਉਪ-ਨਗਰਾਂ ਜਿਵੇਂ ਸੈਲੀਨਾ, ਮੈਲੀਸਾ ਅਤੇ ਫ੍ਰਿਸਕੋ) ਵਿੱਚ ਭਾਰਤੀ ਪੇਸ਼ੇਵਰਾਂ ਨੇ ਵੱਡੇ ਪੱਧਰ ’ਤੇ ਆਲੀਸ਼ਾਨ ਮਕਾਨ ਖਰੀਦੇ ਸਨ। ਪਰ ਹੁਣ ਹਾਲਾਤ ਬਿਲਕੁਲ ਉਲਟ ਹਨ:ਕਈ ਇਲਾਕਿਆਂ ਵਿੱਚ ਜਾਇਦਾਦਾਂ ਦੇ ਰੇਟ 9 ਤੋਂ 10 ਫ਼ੀਸਦੀ ਜਾਂ ਤਕਰੀਬਨ 1 ਲੱਖ ਡਾਲਰ ਤੱਕ ਹੇਠਾਂ ਆ ਚੁੱਕੇ ਹਨ। ਜਿੰਨੀ ਰਕਮ ਦਾ ਲੋਕਾਂ ਨੇ ਬੈਂਕ ਲੋਨ ਚੁੱਕਿਆ ਹੋਇਆ ਹੈ, ਮਕਾਨ ਦੀ ਮੌਜੂਦਾ ਬਾਜ਼ਾਰੀ ਕੀਮਤ ਉਸ ਤੋਂ ਵੀ ਘੱਟ ਰਹਿ ਗਈ ਹੈ। ਇਸ ਹਾਲਤ ਵਿੱਚ ਘਰ ਵੇਚਣ ’ਤੇ ਵੀ ਬੈਂਕ ਦਾ ਕਰਜ਼ਾ ਪੂਰਾ ਨਹੀਂ ਹੁੰਦਾ। ਜਦੋਂ ਦੋਵੇਂ ਜੀਅ (ਪਤੀ-ਪਤਨੀ) ਬੇਰੁਜ਼ਗਾਰ ਹੋ ਜਾਣ, ਤਾਂ ਹਰ ਮਹੀਨੇ ਲੱਖਾਂ ਰੁਪਏ ਦੀ ਹੋਮ ਲੋਨ ਕਿਸ਼ਤ ਅਤੇ ਉੱਚਾ ਪ੍ਰਾਪਰਟੀ ਟੈਕਸ ਭਰਨਾ ਅਸੰਭਵ ਹੋ ਜਾਂਦਾ ਹੈ। ਸਮਾਂ ਘੱਟ ਹੋਣ ਕਾਰਨ ਲੋਕ ਘਰਾਂ ਨੂੰ ਬੈਂਕ ਦੇ ਸਹਾਰੇ ਛੱਡਣ ਲਈ ਮਜਬੂਰ ਹਨ ਅਮਰੀਕਾ ਵਿੱਚ ਕਾਰਾਂ ਜ਼ਿਆਦਾਤਰ ਬੈਂਕ ਲੋਨ ਜਾਂ ਲੀਜ਼ ’ਤੇ ਹੁੰਦੀਆਂ ਹਨ। 60 ਦਿਨਾਂ ਦੇ ਥੋੜ੍ਹੇ ਸਮੇਂ ਵਿੱਚ (ਬਾਕੀ ਸਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਾਮਰਾਜ ਅੱਗੇ ਡਟਣ ਵਾਲੀ ਪੰਜਾਬ ਦੀ ਧੀ ਸੋਫੀਆ ਦੀ ਵਿਰਾਸਤ ਪਰਤੀ

## ਹੀਰੇ-ਮਾਣਕਾਂ ਜੜੀ ਮੁੰਦਰੀ ਦਾ ਅਨੋਖਾ ਸਫ਼ਰ

## ਨੌਰਫੋਕ ਦੇ ਅਜਾਇਬਘਰ 'ਚ ਹੋਈ ਪ੍ਰਦਰਸ਼ਿਤ

ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਅਤੇ ਸਫ਼ਰਾਜੈਟ ਕਾਰਕੁਨ ਰਾਜਕੁਮਾਰੀ ਸੋਫੀਆ ਦੀ ਹੀਰੇ, ਮਾਣਕਾਂ ਅਤੇ ਨੀਲਮ ਜੜੀ ਦੁਰਲੱਭ ਮੁੰਦਰੀ ਅੱਠ ਦਹਾਕਿਆਂ ਬਾਅਦ ਜਨਤਕ ਹੋ ਗਈ ਹੈ। ਇਹ ਇਤਿਹਾਸਕ ਅੰਗੂਠੀ ਹੁਣ ਇੰਗਲੈਂਡ ਦੇ ਨੋਰਫੋਕ ਸਥਿਤ 'ਐਂਸ਼ੀਐਂਟ ਹਾਊਸ ਮਿਊਜ਼ੀਅਮ' ਵਿੱਚ ਪ੍ਰਦਰਸ਼ਿਤ ਕੀਤੀ ਗਈ ਹੈ। ਇਹ ਅੰਗੂਠੀ ਲਾਹੌਰ ਦਰਬਾਰ ਦੀ ਸ਼ਾਨ ਅਤੇ ਸੋਫੀਆ ਦੇ ਲੋਕ-ਸੰਘਰਸ਼ ਦੀ ਗਵਾਹੀ ਭਰਦੀ ਹੈ।

**ਸੇਵਾਦਾਰ ਪਰਿਵਾਰ ਵੱਲੋਂ ਅੱਠ ਦਹਾਕੇ ਸਾਂਭੀ ਰਹੀ ਅਣਮੁੱਲੀ ਨਿਸ਼ਾਨੀ**

ਇਸ ਮੁੰਦਰੀ ਬਾਰੇ ਇਤਿਹਾਸਕ ਹਲਕਿਆਂ ਵਿੱਚ ਇਹ ਗੱਲ ਸਾਫ਼ ਹੋ ਚੁੱਕੀ ਹੈ ਕਿ ਇਹ ਕਦੇ ਚੋਰੀ ਨਹੀਂ ਹੋਈ ਸੀ। ਦੂਜੇ ਵਿਸ਼ਵ ਯੁੱਧ ਦੇ ਭਿਆਨਕ ਦੌਰ ਦੌਰਾਨ ਰਾਜਕੁਮਾਰੀ ਸੋਫੀਆ ਅਤੇ ਉਸ ਦੀ ਭੈਣ ਕੈਥਰੀਨ ਬਕਿੰਘਮਸ਼ਾਇਰ ਦੇ ਇਲਾਕੇ ਵਿੱਚ ਰਹਿ ਰਹੀਆਂ ਸਨ। ਚਾਰੇ ਪਾਸੇ ਜੰਗ ਦਾ ਖ਼ੌਫ਼ ਸੀ। ਉਸ ਔਖੇ ਵੇਲੇ ਇੱਕ ਅੰਗਰੇਜ਼ ਜੋੜੇ—ਵਿਲਫ੍ਰੈਡ ਸਪੈਰੋ (ਜੋ ਮਾਲੀ ਦਾ ਕੰਮ ਕਰਦੇ ਸਨ) ਅਤੇ ਲਿਲੀ ਸਪੈਰੋ (ਜੋ ਘਰੇਲੂ ਕੰਮ-ਕਾਜ ਅਤੇ ਸੇਵਾ ਸੰਭਾਲਦੇ ਸਨ)—ਨੇ ਦੋਵਾਂ ਰਾਜਕੁਮਾਰੀਆਂ ਦੀ ਤਨਦੇਹੀ, ਸਤਿਕਾਰ ਅਤੇ ਵਫ਼ਾਦਾਰੀ ਨਾਲ ਸੇਵਾ ਕੀਤੀ ਸੀ।

ਉਨ੍ਹਾਂ ਦੀ ਇਸ ਨਿਸ਼ਕਾਮ ਸੇਵਾ ਅਤੇ ਘਰੇਲੂ ਸਾਂਝ ਤੋਂ ਖ਼ੁਸ਼ ਹੋ ਕੇ ਰਾਜਕੁਮਾਰੀ ਸੋਫੀਆ ਨੇ ਇਹ ਸ਼ਾਹੀ ਮੁੰਦਰੀ ਸਪੈਰੋ ਪਰਿਵਾਰ ਨੂੰ ਤੋਹਫ਼ੇ ਵਜੋਂ ਸੌਂਪ ਦਿੱਤੀ ਸੀ। ਸਪੈਰੋ ਪਰਿਵਾਰ ਨੇ ਇਸ ਅਮਾਨਤ



ਨੂੰ ਪੀੜ੍ਹੀ ਦਰ ਪੀੜ੍ਹੀ ਬੜੇ ਮਾਣ ਨਾਲ ਸਾਂਭ ਕੇ ਰੱਖਿਆ। ਸਮੇਂ ਦੇ ਗੇੜ ਨਾਲ ਇਸ ਪਰਿਵਾਰ ਦੀ ਪੋਤੀ 'ਕੇ', ਜੋ ਹੁਣ ਆਪਣੀ ਉਮਰ ਦੇ ਆਖ਼ਰੀ ਪੜਾਅ ਵਿੱਚ ਇੱਕ ਨਰਸਿੰਗ ਹੋਮ ਵਿੱਚ ਰਹਿ ਰਹੀ ਹੈ, ਨੇ ਸਾਲ 2023 ਵਿੱਚ ਇਹ ਇਤਿਹਾਸਕ ਮੁੰਦਰੀ ਨੋਰਫੋਕ ਦੇ ਐਂਸ਼ੀਐਂਟ ਹਾਊਸ ਮਿਊਜ਼ੀਅਮ ਨੂੰ ਦਾਨ ਕਰ ਦਿੱਤੀ। ਮਿਊਜ਼ੀਅਮ ਦੇ ਕਿਊਰੇਟਰ ਓਲੀਵਰ ਬੋਨ ਮੁਤਾਬਕ, ਨੈਸ਼ਨਲ ਲਾਟਰੀ ਗਰਾਂਟ ਦੀ ਮਾਲੀ ਸਹਾਇਤਾ ਨਾਲ ਹੁਣ ਇਸ ਅੰਗੂਠੀ ਨੂੰ ਵਿਸ਼ੇਸ਼ ਸ਼ੀਸ਼ੇ ਦੇ ਡਿਸਪਲੇਅ ਵਿੱਚ ਸਜਾ ਕੇ ਆਮ ਜਨਤਾ ਦੇ ਰੂਬਰੂ ਕੀਤਾ ਗਿਆ ਹੈ।

**ਸ਼ਾਹੀ ਸੁੱਖ-ਸਹੂਲਤਾਂ ਤਿਆਗ ਕੇ ਸੰਘਰਸ਼ ਦਾ ਰਾਹ ਚੁਣਨ ਵਾਲੀ ਸ਼ਖ਼ਸੀਅਤ**

8 ਅਗਸਤ 1876 ਨੂੰ ਲੰਡਨ ਦੇ ਬੈਲਗ੍ਰੇਵੀਆ ਵਿੱਚ ਜਨਮੀ ਸੋਫੀਆ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੀ। ਉਸ ਦੇ ਪਿਤਾ ਮਹਾਰਾਜਾ ਦਲੀਪ ਸਿੰਘ ਕੋਲੋਂ ਬਰਤਾਨਵੀ ਹਕੂਮਤ ਨੇ ਬਚਪਨ ਵਿੱਚ ਹੀ ਧੋਖੇ ਨਾਲ ਪੰਜਾਬ ਦੀ ਖ਼ੁਦਮੁਖ਼ਤਿਆਰ ਸਲਤਨਤ ਅਤੇ ਵਿਸ਼ਵ ਪ੍ਰਸਿੱਧ ਕੋਹਿਨੂਰ ਹੀਰਾ ਖੋਹ ਲਿਆ ਸੀ। ਮਹਾਰਾਣੀ ਵਿਕਟੋਰੀਆ ਨੇ ਸੋਫੀਆ ਨੂੰ ਆਪਣੀ ਧਰਮ-ਧੀ ਬਣਾਇਆ, ਜਿਸ ਕਰਕੇ ਉਸ ਦਾ ਬਚਪਨ ਇੰਗਲੈਂਡ ਦੇ ਵੱਡੇ ਮਹਿਲਾਂ ਵਿੱਚ ਬੀਤਿਆ।

ਪਰ ਸ਼ਾਹੀ ਦਰਬਾਰਾਂ ਦੀ ਇਹ ਚਮਕ-ਦਮਕ ਸੋਫੀਆ ਦੀ ਰੂਹ ਨੂੰ ਬਹੁਤੀ ਦੇਰ ਬੰਨ੍ਹ ਕੇ ਨਾ ਰੱਖ ਸਕੀ। ਸਾਲ 1907 ਵਿੱਚ ਜਦੋਂ ਉਸ ਨੇ ਗੁਪਤ ਰੂਪ ਵਿੱਚ ਆਪਣੀ ਭੈਣ ਬੰਬਾ ਨਾਲ ਪੰਜਾਬ ਅਤੇ ਭਾਰਤ ਦਾ ਦੌਰਾ ਕੀਤਾ, ਤਾਂ ਉੱਥੋਂ ਦੇ ਜ਼ਮੀਨੀ ਹਾਲਾਤ ਨੇ ਉਸ ਦੀ ਜ਼ਿੰਦਗੀ ਹੀ ਬਦਲ ਦਿੱਤੀ। ਆਪਣੇ ਪੁਰਖਿਆਂ ਦੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਖ਼ਿੱਤੇ ਅੰਦਰ ਗ਼ਰੀਬੀ, ਭੁੱਖਮਰੀ ਅਤੇ ਬਰਤਾਨਵੀ ਸਾਮਰਾਜ ਦੇ ਜ਼ੁਲਮ ਦੇਖ ਕੇ ਉਸ ਦਾ ਮਨ ਵਲੂੰਧਰਿਆ ਗਿਆ। ਇਸ ਯਾਤਰਾ ਨੇ ਉਸ ਅੰਦਰ ਬਗ਼ਾਵਤ ਦੀ ਚੰਗਿਆੜੀ ਬਾਲ ਦਿੱਤੀ। ਉਹ ਜਾਣ ਗਈ ਕਿ ਜਿਸ ਸਾਮਰਾਜ ਨੇ ਉਸ ਦੇ ਪਿਤਾ ਦਾ ਤਖ਼ਤ ਖੋਹਿਆ, ਉਹੀ ਸਾਮਰਾਜ ਕਰੋੜਾਂ ਬੇਜ਼ੁਬਾਨ ਲੋਕਾਂ ਦਾ ਖ਼ੂਨ ਨਿਚੋੜ ਰਿਹਾ ਹੈ।

**ਸਫ਼ਰਾਜੈਟ ਲਹਿਰ, ਜੇਲ੍ਹ ਯਾਤਰਾ ਅਤੇ ਰਾਜਸੀ ਬਗ਼ਾਵਤ**

ਇੰਗਲੈਂਡ ਪਰਤ ਕੇ ਸੋਫੀਆ ਨੇ ਕੁਲੀਨ ਵਰਗ ਦੀ ਐਸ਼ੋ-ਇਸ਼ਰਤ ਨੂੰ ਲੱਤ ਮਾਰ ਦਿੱਤੀ ਅਤੇ ਬਰਤਾਨਵੀ ਧਰਤੀ 'ਤੇ ਔਰਤਾਂ ਨੂੰ ਬਰਾਬਰ ਦਾ ਵੋਟ ਦਾ ਹੱਕ ਦਿਵਾਉਣ ਵਾਲੀ 'ਸਫ਼ਰਾਜੈਟ ਲਹਿਰ' ਵਿੱਚ ਸਰਗਰਮ ਹੋ ਗਈ। ਉਸ ਨੇ ਐਮਲੀਨ ਪੈਂਕਹਰਸਟ ਦੀ ਅਗਵਾਈ ਵਾਲੀ ਸੰਸਥਾ 'ਵਿਮੈਨਜ਼ ਸੋਸ਼ਲ ਐਂਡ ਪੋਲੀਟੀਕਲ ਯੂਨੀਅਨ' ਵਿੱਚ ਮੋਹਰੀ ਭੂਮਿਕਾ ਨਿਭਾਈ।

18 ਨਵੰਬਰ 1910 ਨੂੰ ਬਰਤਾਨਵੀ ਪਾਰਲੀਮੈਂਟ ਦੇ ਬਾਹਰ ਹਜ਼ਾਰਾਂ ਔਰਤਾਂ ਨੇ ਸ਼ਾਂਤਮਈ ਪ੍ਰਦਰਸ਼ਨ ਕੀਤਾ। ਗ੍ਰਹਿ ਮੰਤਰੀ ਵਿੰਸਟਨ ਚਰਚਿਲ ਦੇ ਹੁਕਮਾਂ ਤਹਿਤ ਪੁਲਿਸ ਨੇ ਪ੍ਰਦਰਸ਼ਨਕਾਰੀ ਔਰਤਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਅਤੇ ਉਨ੍ਹਾਂ ਨਾਲ ਅਸੱਭਿਅਕ ਵਤੀਰਾ ਅਪਣਾਇਆ। ਇਸ ਖ਼ੂਨੀ ਝੜਪ ਦੌਰਾਨ ਸੋਫੀਆ ਨੇ ਖ਼ੁਦ ਅੱਗੇ ਹੋ ਕੇ ਜ਼ਖ਼ਮੀ ਔਰਤਾਂ ਨੂੰ ਬਚਾਇਆ। ਉਸ ਨੇ ਹਮਲਾ ਕਰਨ ਵਾਲੇ ਪੁਲਿਸ ਕਾਂਸਟੇਬਲ ਦਾ ਬੈਜ ਨੰਬਰ ਨੋਟ ਕੀਤਾ ਅਤੇ ਸਿੱਧਾ ਗ੍ਰਹਿ ਮੰਤਰੀ ਵਿੰਸਟਨ ਚਰਚਿਲ ਨੂੰ ਇੱਕ ਇਤਿਹਾਸਕ ਸ਼ਿਕਾਇਤ ਪੱਤਰ ਲਿਖ ਕੇ ਪੁਲਿਸ ਦੀ ਦਰਿੰਦਗੀ ਦਾ ਪਰਦਾਫ਼ਾਸ਼ ਕੀਤਾ। ਫ਼ਰਵਰੀ 1911 ਵਿੱਚ ਜਦੋਂ ਬਰਤਾਨਵੀ ਪ੍ਰਧਾਨ ਮੰਤਰੀ ਐਚ. ਐਚ. ਐਸਕਵਿਥ ਪਾਰਲੀਮੈਂਟ ਪਹੁੰਚ ਰਹੇ ਸਨ, ਤਾਂ ਸੋਫੀਆ ਨੇ ਭੀੜ ਵਿੱਚੋਂ ਨਿਕਲ ਕੇ ਉਨ੍ਹਾਂ ਦੀ ਸਰਕਾਰੀ ਗੱਡੀ ਅੱਗੇ ਛਾਲ ਮਾਰ ਦਿੱਤੀ ਅਤੇ 'ਵੋਟਸ ਫ਼ਾਰ ਵਿਮੈਨ' ਦਾ ਪੋਸਟਰ ਲਹਿਰਾਇਆ।

(ਬਾਕੀ ਸਫ਼ਾ 26 'ਤੇ)

# ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਚੋਣਾਂ ਵਿੱਚ ਪੰਜਾਬੀ ਉਮੀਦਵਾਰਾਂ ਦੀ ਝੰਡੀ

## ਵੱਖ-ਵੱਖ ਇਲਾਕਿਆਂ 'ਚ ਪੰਜਾਬੀ ਮੂਲ ਦੇ 15 ਉਮੀਦਵਾਰ ਜੇਤੂ

## ਸਰੀ ਅਤੇ ਵ੍ਹਾਈਟ ਰੌਕ ਵਿੱਚ 'ਤੇ ਨੀਲੀ ਲਹਿਰ ਛਾਈ

ਸਰੀ/ਏ.ਟੀ.ਨਿਊਜ਼: ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀਆਂ ਸੂਬਾਈ ਚੋਣਾਂ ਵਿੱਚ ਪੰਜਾਬੀ ਮੂਲ ਦੇ 15 ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਇਨ੍ਹਾਂ ਵਿੱਚੋਂ 12 ਉਮੀਦਵਾਰ ਕੰਜ਼ਰਵੇਟਿਵ ਅਤੇ 3 ਉਮੀਦਵਾਰ ਐੱਨ ਡੀ ਪੀ ਨਾਲ ਸਬੰਧਿਤ ਹਨ। ਕੰਜ਼ਰਵੇਟਿਵ ਪਾਰਟੀ ਨੇ ਸਰੀ ਦੀਆਂ ਸਾਰੀਆਂ 10 ਸੀਟਾਂ ਉੱਤੇ ਹੂੰਝਾ-ਫੇਰ ਜਿੱਤ ਪ੍ਰਾਪਤ ਕੀਤੀ ਹੈ। 'ਸਰੀ ਨਾਓ-ਲੀਡਰ' ਦੀ ਰਿਪੋਰਟ ਅਨੁਸਾਰ, 'ਸਰੀ ਅਤੇ ਵ੍ਹਾਈਟ ਰੌਕ ਵਿੱਚ ਅਧਿਕਾਰਤ ਤੌਰ 'ਤੇ ਨੀਲੀ ਲਹਿਰ ਛਾ ਗਈ ਹੈ।'

ਇਨ੍ਹਾਂ ਚੋਣਾਂ ਵਿੱਚ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ ਤੋਂ ਆਪਣੀ ਸੀਟ ਬਰਕਰਾਰ ਰੱਖੀ, ਜੋ ਉਨ੍ਹਾਂ ਨੇ 2024 ਵਿੱਚ ਐੱਨ ਡੀ ਪੀ ਮੰਤਰੀ ਰਚਨਾ ਸਿੰਘ ਨੂੰ ਹਰਾ ਕੇ ਜਿੱਤੀ ਸੀ। ਉੱਥੇ ਹੀ ਡਾ. ਹਰਜੀਤ ਧਾਲੀਵਾਲ ਨੇ ਸਰੀ-ਨਿਊਟਨ ਤੋਂ ਐੱਨ ਡੀ ਪੀ ਦੀ ਜੈਸੀ ਸੁੰਨੜ ਨੂੰ ਹਰਾਇਆ। ਜਦਕਿ ਗੈਰੀ ਪੁਰੇਵਾਲ ਨੇ ਸਰੀ-ਫਲੀਟਵੁੱਡ ਤੋਂ ਐੱਨ ਡੀ ਪੀ ਦੇ ਮੌਜੂਦਾ ਵਿਧਾਇਕ ਜਗਰੂਪ ਬਰਾੜ ਨੂੰ ਹਰਾਇਆ, ਜੋ 2004 ਤੋਂ ਇਸ ਸੀਟ 'ਤੇ ਕਾਬਜ਼ ਸਨ। ਉੱਥੇ ਹੀ ਗੈਰੀ ਥਿੰਦ ਨੇ ਸਰੀ-ਗਿਲਡਫੋਰਡ ਤੋਂ ਐੱਨ. ਡੀ. ਪੀ. ਦੇ ਮੌਜੂਦਾ ਵਿਧਾਇਕ ਗੈਰੀ ਬੈੱਗ ਨੂੰ ਹਰਾਇਆ। ਥਿੰਦ ਨੇ ਇੱਕ ਹਫ਼ਤਾ ਪਹਿਲਾਂ ਸਰੀ ਦੀਆਂ ਨਗਰ ਨਿਗਮ ਚੋਣਾਂ ਵਿੱਚ ਸਕੂਲ ਟਰੱਸਟੀ ਦੀ ਸੀਟ ਵੀ ਜਿੱਤੀ ਸੀ। ਇਸ ਤੋਂ ਇਲਾਵਾ ਜ਼ੀਸ਼ਾਨ ਵਾਹਲਾ ਨੇ ਸਰੀ ਸਿਟੀ ਸੈਂਟਰ ਤੋਂ ਐੱਨ ਡੀ ਪੀ ਦੀ ਆਮਨਾ ਸ਼ਾਹ ਨੂੰ ਸਖ਼ਤ ਮੁਕਾਬਲੇ ਵਿੱਚ ਹਰਾਇਆ ਅਤੇ ਜੈਸੀ ਸਹੋਤਾ ਨੇ ਸਰੀ-ਸਰਪੈਂਟਾਈਨ ਰਿਵਰ ਤੋਂ ਜਿੱਤ ਪ੍ਰਾਪਤ ਕੀਤੀ। ਹੋਰ ਕੰਜ਼ਰਵੇਟਿਵ ਜੇਤੂਆਂ ਵਿੱਚ ਹਰਮਨ ਭੰਗੂ, ਜੋਡੀ ਤੂਰ, ਸਟੀਵ ਕੂਨਰ,



ਮੋਨਿਕਾ ਮੋਹਨ, ਪਵਨੀਤ ਸਿੰਘ ਅਤੇ ਦੀਪ ਸੰਧੂ ਸ਼ਾਮਲ ਹਨ। ਐੱਨ. ਡੀ. ਪੀ. ਵੱਲੋਂ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਰੋਹਿਣੀ ਅਰੋੜਾ ਜੇਤੂ ਰਹੇ ਹਨ। ਹਾਲਾਂਕਿ, ਕੈਨੇਡੀਅਨ ਮੁੱਖ ਧਾਰਾ ਮੀਡੀਆ ਨੇ ਅਜੇ ਇਨ੍ਹਾਂ ਨੌਂ ਨਾਵਾਂ ਦੀ ਪੁਸ਼ਟੀ ਨਹੀਂ ਕੀਤੀ ਹੈ।

ਪਿਛਲੇ ਦਿਨੀਂ ਹੋਈ 93 ਸੀਟਾਂ ਵਾਲੀ ਵਿਧਾਨ ਸਭਾ ਚੋਣ ਵਿੱਚ, 99 ਫੀਸਦੀ ਵੋਟਾਂ ਦੀ ਗਿਣਤੀ ਮਗਰੋਂ ਕੰਜ਼ਰਵੇਟਿਵ ਨੇ 64, ਐੱਨ ਡੀ ਪੀ ਨੇ 27 ਅਤੇ ਗ੍ਰੀਨਜ਼ ਨੇ 2 ਸੀਟਾਂ ਜਿੱਤੀਆਂ ਹਨ। 1928 ਤੋਂ ਬਾਅਦ ਇਹ ਕੰਜ਼ਰਵੇਟਿਵਜ਼ ਦੀ ਪਹਿਲੀ ਬਹੁਮਤ ਵਾਲੀ ਸਰਕਾਰ ਹੈ। ਐੱਨ ਡੀ ਪੀ ਆਗੂ ਡੇਵਿਡ ਈਬੀ ਨੇ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇ ਦਿੱਤਾ ਹੈ। ਨਵੇਂ ਬਣਨ ਜਾ ਰਹੇ ਪ੍ਰੀਮੀਅਰ ਲੋਰਨ ਡੋਰਕਸਨ ਨੇ ਕਿਹਾ ਕਿ 'ਬੀ.ਸੀ. ਯਕੀਨੀ ਤੌਰ 'ਤੇ ਨੀਲਾ ਹੈ।' ਨਵੰਬਰ ਦੇ ਸ਼ੁਰੂ ਵਿੱਚ ਅੰਤਿਮ ਨਤੀਜੇ ਆਉਣ ਦੀ ਉਮੀਦ ਹੈ, ਜਿਸ ਨਾਲ ਅੰਕੜਿਆਂ ਵਿੱਚ ਬਦਲਾਅ ਆ ਸਕਦਾ ਹੈ।

# ਕੈਨੇਡਾ 'ਚ ਮਹਿੰਗਾਈ ਕਾਰਨ ਲੋਕਾਂ ਦੀਆਂ ਵਧੀਆਂ ਮੁਸ਼ਕਿਲਾਂ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਅਤੇ ਜੀਵਨ ਬਸਰ ਕਰਨ ਦੇ ਖ਼ਰਚਿਆਂ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਫੂਡ ਬੈਂਕਸ ਕੈਨੇਡਾ ਦੀ ਤਾਜ਼ਾ ਹੰਗਰਕਾਊਂਟ ਰਿਪੋਰਟ ਅਨੁਸਾਰ, ਸਾਲ 2026 ਵਿੱਚ ਦੇਸ਼ ਭਰ ਦੇ ਫੂਡ ਬੈਂਕਾਂ 'ਤੇ ਹਰ ਮਹੀਨੇ ਲਗਪਗ 23.5 ਲੱਖ ਵਾਰ ਲੋਕਾਂ ਨੇ ਸਹਾਇਤਾ ਲਈ ਪਹੁੰਚ ਕੀਤੀ। ਇਹ ਗਿਣਤੀ ਪਿਛਲੇ ਸਾਲ ਨਾਲੋਂ ਲਗਭਗ 9 ਫ਼ੀਸਦੀ ਅਤੇ ਸਾਲ 2019 ਦੇ ਮੁਕਾਬਲੇ 117 ਫ਼ੀਸਦੀ ਵੱਧ ਹੈ।

ਫੂਡ ਬੈਂਕਸ ਕੈਨੇਡਾ ਦੀ ਮੁੱਖ ਕਾਰਜਕਾਰੀ ਅਧਿਕਾਰੀ ਕਿਰਸਟਿਨ ਬੀਅਰਡਸਲੀ ਨੇ ਕਿਹਾ ਕਿ ਇਹ ਅੰਕੜੇ ਉਸ ਸਥਿਤੀ ਨੂੰ ਦਰਸਾਉਂਦੇ ਹਨ, ਜਿੱਥੇ ਲੱਖਾਂ ਲੋਕਾਂ ਕੋਲ ਮੁਸ਼ਕਿਲਾਂ ਨਾਲ ਨਜਿੱਠਣ ਲਈ ਹੋਰ ਕੋਈ ਰਾਹ ਨਹੀਂ ਬਚਿਆ। ਉਨ੍ਹਾਂ ਅਨੁਸਾਰ, ਪਹਿਲਾਂ ਬਹੁਤੇ ਕੈਨੇਡੀਅਨ ਪਰਿਵਾਰ ਕਿਸੇ ਅਚਾਨਕ ਵਿੱਤੀ ਸੰਕਟ ਨੂੰ ਸਹਿਣ ਦੀ ਸਮਰੱਥਾ ਰੱਖਦੇ ਸਨ, ਪਰ ਹੁਣ ਹਾਲਾਤ ਬਦਲ ਗਏ ਹਨ। ਲੱਖਾਂ ਲੋਕਾਂ ਨੂੰ ਹਰ ਰੋਜ਼ ਭੋਜਨ ਖਰੀਦਣ ਅਤੇ ਘਰ ਦਾ ਕਿਰਾਇਆ ਦੇਣ ਵਿੱਚੋਂ ਕਿਸੇ ਇੱਕ ਨੂੰ ਤਰਜੀਹ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਰਿਪੋਰਟ ਮੁਤਾਬਕ, ਪ੍ਰਿੰਸ ਐਡਵਰਡ ਆਈਲੈਂਡ ਅਤੇ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਨੂੰ ਛੱਡ ਕੇ ਬਾਕੀ ਸਾਰੇ ਸੂਬਿਆਂ ਅਤੇ ਖੇਤਰਾਂ ਵਿੱਚ ਫੂਡ ਬੈਂਕਾਂ ਦੀ ਵਰਤੋਂ ਵਧੀ ਹੈ।

(ਬਾਕੀ ਸਫ਼ਾ 26 'ਤੇ)

## ਕੈਨੇਡਾ ਵਿੱਚ ਚੋਣ ਪ੍ਰਚਾਰ ਦੌਰਾਨ ਭਖਿਆ ਨਸਲਵਾਦ

# ਪੰਜਾਬੀ ਕੌਂਸਲਰ ਨਵਜੀਤ ਕੌਰ ਦੀ ਤਸਵੀਰ 'ਤੇ ਕਾਟਾ ਲਗਾ ਕੇ ਲਿਖਿਆ- 'ਨੋ ਪੰਜਾਬੀ'

## ਪੁਲਿਸ ਜਾਂਚ ਸ਼ੁਰੂ, ਸਿਆਸਤ ਗਰਮਾਈ, ਭੜਕੀਆਂ ਪੰਥਕ ਜਥੇਬੰਦੀਆਂ; ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇ

ਬਰੈਂਪਟਨ (ਕੈਨੇਡਾ)/ਏ.ਟੀ.ਨਿਊਜ਼: ਕੈਨੇਡਾ ਦੇ ਓਂਟਾਰੀਓ ਸੂਬੇ ਦੇ ਸ਼ਹਿਰ ਬਰੈਂਪਟਨ ਵਿੱਚ ਨਗਰ ਨਿਗਮ ਚੋਣਾਂ ਦੌਰਾਨ ਸਥਾਨਕ ਰਾਜਨੀਤੀ ਉਸ ਵੇਲੇ ਗਰਮਾ ਗਈ, ਜਦੋਂ ਬਰੈਂਪਟਨ ਦੀ ਪਹਿਲੀ ਦਸਤਾਰਧਾਰੀ ਸਿੱਖ ਮਹਿਲਾ ਕੌਂਸਲਰ ਨਵਜੀਤ ਕੌਰ ਬਰਾੜ ਨੂੰ ਨਿਸ਼ਾਨਾ ਬਣਾਉਂਦੇ ਹੋਏ ਨਫ਼ਰਤ ਭਰੇ ਪੋਸਟਰ ਲਗਾਏ ਜਾਣ ਦਾ ਮਾਮਲਾ ਸਾਹਮਣੇ ਆਇਆ। ਇਸ ਘਟਨਾ ਨੇ ਜਿੱਥੇ ਸਮੁੱਚੇ ਕੈਨੇਡੀਅਨ-ਪੰਜਾਬੀ ਭਾਈਚਾਰੇ ਵਿੱਚ ਰੋਸ ਦੀ ਲਹਿਰ ਦੌੜਾ ਦਿੱਤੀ ਹੈ, ਉੱਥੇ ਹੀ ਚੋਣ ਪ੍ਰਚਾਰ ਦੌਰਾਨ ਨਸਲਵਾਦ ਅਤੇ ਭਾਈਚਾਰਕ



ਸਹਿਣਸ਼ੀਲਤਾ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

**ਕੀ ਹੈ ਪੂਰਾ ਮਾਮਲਾ ਅਤੇ ਕਿਉਂ ਲਗਾਏ ਗਏ ਪੋਸਟਰ ?**

ਨਵਜੀਤ ਕੌਰ ਬਰਾੜ, ਜੋ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਮੁੜ ਮੈਦਾਨ ਵਿੱਚ ਉੱਤਰੇ ਹਨ, ਦੇ ਪ੍ਰਚਾਰ ਦੌਰਾਨ ਇੱਕ ਘਰ ਦੇ ਕੱਚ ਵਾਲੇ ਦਰਵਾਜ਼ੇ 'ਤੇ ਨਫ਼ਰਤੀ ਪੋਸਟਰ ਅਤੇ ਸਟਿੱਕਰ ਚਿਪਕਾਏ ਗਏ ਮਿਲੇ। ਦਰਵਾਜ਼ੇ 'ਤੇ 'ਨੋ ਪੰਜਾਬੀ', 'ਨੋ ਇਸਲਾਮ' ਵਰਗੇ ਨਸਲੀ ਤੇ ਧਾਰਮਿਕ ਵਿਤਕਰੇ ਵਾਲੇ ਸੰਦੇਸ਼ ਲਿਖੇ ਹੋਏ ਸਨ ਅਤੇ ਇਜ਼ਰਾਇਲ ਖ਼ਿਲਾਫ਼ ਵੀ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਗਈ ਸੀ। ਹੱਦ ਤਾਂ ਉਦੋਂ ਹੋਈ ਜਦੋਂ ਇੱਕ ਪੋਸਟਰ ਉੱਤੇ ਕੌਂਸਲਰ ਨਵਜੀਤ ਕੌਰ ਬਰਾੜ ਦੀ ਤਸਵੀਰ 'ਤੇ ਲਾਲ ਰੰਗ ਨਾਲ ਵੱਡਾ ਕਰਾਸ (ਕਾਟਾ) ਲਗਾਇਆ ਹੋਇਆ ਸੀ। ਇਹ ਹਰਕਤ ਚੋਣਾਂ ਦੇ ਮਾਹੌਲ ਵਿੱਚ ਪੰਜਾਬੀ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਖ਼ਿਲਾਫ਼ ਨਫ਼ਰਤ ਭੜਕਾਉਣ, ਲੋਕਾਂ ਨੂੰ ਵੰਡਣ ਅਤੇ ਉਮੀਦਵਾਰ ਨੂੰ ਡਰਾਉਣ-ਧਮਕਾਉਣ ਦੇ ਮਕਸਦ ਨਾਲ ਕੀਤੀ ਗਈ ਜਾਪਦੀ ਹੈ।

**ਨਵਜੀਤ ਕੌਰ ਬਰਾੜ ਦਾ ਪ੍ਰਤੀਕਰਮ**

ਨਵਜੀਤ ਕੌਰ ਬਰਾੜ ਨੇ ਇਸ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕਰਦਿਆਂ ਦੁੱਖ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਹੀ ਸ਼ਹਿਰ ਵਿੱਚ ਅਜਿਹੀ ਨਫ਼ਰਤ ਦੇਖਣਾ ਚਿੰਤਾਜਨਕ ਹੈ।

(ਬਾਕੀ ਸਫ਼ਾ 26 'ਤੇ)

# ਮਾਨਸਾ ਵਿੱਚ ਨਸ਼ੇ ਕਾਰਨ ਨੌਜਵਾਨ ਦੀ ਮੌਤ ਮਗਰੋਂ ਭੜਕਿਆ ਰੋਹ

## ਪੁਲਿਸ ਨੇ ਜਬਰੀ ਖੋਹੀ ਲਾਸ਼, ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ

## ਮਾਨਸਾ ਕਾਂਡ ਨੇ ਹਿਲਾਈ 'ਆਪ' ਸਰਕਾਰ, ਲੱਖਾ ਸਿਧਾਣਾ ਸਣੇ ਦਰਜਨਾਂ ਹਿਰਾਸਤ 'ਚ

ਮਾਨਸਾ/ਏ.ਟੀ.ਨਿਊਜ਼ : ਮਾਲਵੇ ਦਾ ਕੇਂਦਰ ਮੰਨੇ ਜਾਂਦੇ ਮਾਨਸਾ ਜ਼ਿਲ੍ਹੇ ਅੰਦਰ ਬੀਤੇ ਦਿਨੀਂ ਵਾਪਰੀਆਂ ਘਟਨਾਵਾਂ ਨੇ ਪੰਜਾਬ ਦੀ ਸਮੁੱਚੀ ਸਿਆਸਤ, ਪ੍ਰਸ਼ਾਸਨਿਕ ਕਾਰਜਸ਼ੈਲੀ ਅਤੇ ਕਾਨੂੰਨ-ਵਿਵਸਥਾ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਪਿੰਡ ਭੰਮੇ ਕਲਾਂ ਦੇ 32 ਸਾਲਾ ਨੌਜਵਾਨ ਦਲਜੀਤ ਸਿੰਘ ਦੀ ਕਥਿਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਮੌਤ ਤੋਂ ਬਾਅਦ ਜਦੋਂ ਪਰਿਵਾਰ ਅਤੇ ਪਿੰਡ ਵਾਸੀ ਉਸ ਦੀ ਮ੍ਰਿਤਕ ਦੇਹ ਨੂੰ ਇਨਸਾਫ਼ ਦੀ ਮੰਗ ਲਈ ਸ਼ਹਿਰ ਵੱਲ ਲਿਜਾ ਰਹੇ ਸਨ, ਤਾਂ ਪੁਲਿਸ ਵੱਲੋਂ ਰਸਤੇ ਵਿੱਚ ਵੱਡੀ ਨਾਕਾਬੰਦੀ ਕਰਕੇ ਲਾਸ਼ ਜਬਰੀ ਕਬਜ਼ੇ ਵਿੱਚ ਲੈ ਲਈ। ਇਸ ਹਰਕਤ ਨੇ ਸਥਿਤੀ ਨੂੰ ਵਿਸਫੋਟਕ ਬਣਾ ਦਿੱਤਾ।

ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਦਾ ਰਹਿਣ ਵਾਲਾ 32 ਸਾਲਾ ਦਲਜੀਤ ਸਿੰਘ ਆਪਣੇ ਘਰ ਦਾ ਇਕੱਲਾ ਕਮਾਊ ਜੀਅ ਸੀ, ਜਿਸ ਦੇ ਪਿੱਛੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਦੋ ਛੋਟੇ ਮਾਸੂਮ ਬੱਚੇ ਰਹਿ ਗਏ ਹਨ। ਪਰਿਵਾਰਕ ਮੈਂਬਰਾਂ ਅਨੁਸਾਰ ਦਲਜੀਤ ਪਹਿਲਾਂ ਨਸ਼ੇ ਦਾ ਆਦੀ ਸੀ ਪਰ ਪਿਛਲੇ 20-25 ਦਿਨਾਂ ਤੋਂ ਉਸ ਨੇ ਨਸ਼ਾ ਪੂਰੀ ਤਰ੍ਹਾਂ ਛੱਡਿਆ ਹੋਇਆ ਸੀ। ਮ੍ਰਿਤਕ ਦੀ ਪਤਨੀ ਪਰਮਜੀਤ ਕੌਰ ਅਤੇ ਮਾਤਾ ਸ਼ਿੰਦਰ ਕੌਰ ਨੇ ਦੱਸਿਆ ਕਿ ਬੀਤੇ ਮੰਗਲਵਾਰ ਸਵੇਰੇ ਦਲਜੀਤ ਆਪਣੀ ਧੀ ਨੂੰ ਸਕੂਲ ਵੈਨ 'ਤੇ ਚੜ੍ਹਾਉਣ ਗਿਆ ਸੀ ਅਤੇ ਆਪਣੇ ਪਿਤਾ ਨੂੰ ਦੱਸ ਕੇ ਗਿਆ ਸੀ ਕਿ ਉਹ ਕਿਸੇ ਕੰਮ ਲਈ ਮਾਨਸਾ ਜਾ ਰਿਹਾ ਹੈ। ਸਵੇਰੇ ਕਰੀਬ 9:55 ਵਜੇ ਤੱਕ ਉਸ ਦੀ ਪਰਿਵਾਰ ਨਾਲ ਫ਼ੋਨ 'ਤੇ ਗੱਲਬਾਤ ਹੋਈ ਸੀ, ਪਰ ਉਸ ਤੋਂ ਬਾਅਦ ਉਸ ਦਾ ਮੋਬਾਈਲ ਫ਼ੋਨ ਬੰਦ ਆਉਣ ਲੱਗਾ ਸੀ। ਬਾਅਦ ਦੁਪਹਿਰ ਪਰਿਵਾਰ ਨੂੰ ਸੂਚਨਾ ਮਿਲੀ ਕਿ ਕੁਝ ਅਣਪਛਾਤੇ ਵਿਅਕਤੀ ਦਲਜੀਤ ਨੂੰ ਇੱਕ ਕਾਰ ਵਿੱਚ ਲਿਆ ਕੇ ਪਿੰਡ ਭੰਮੇ ਕਲਾਂ ਦੇ ਬੱਸ ਅੱਡੇ ਨੇੜੇ ਸੜਕ ਕਿਨਾਰੇ ਖੇਤਾਂ ਕੋਲ ਬੇਹੋਸ਼ੀ ਦੀ ਹਾਲਤ ਵਿੱਚ ਸੁੱਟ ਕੇ ਫ਼ਰਾਰ ਹੋ ਗਏ ਸਨ। ਜਦੋਂ ਪਰਿਵਾਰ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ।



ਪਰਿਵਾਰ ਨੇ ਦੋਸ਼ ਲਾਇਆ ਕਿ ਇਲਾਕੇ ਵਿੱਚ ਚਿੱਟੇ ਸਮੇਤ ਮਾਰੂ ਨਸ਼ੇ ਸ਼ਰੇਆਮ ਵਿਕ ਰਹੇ ਹਨ ਅਤੇ ਕੁਝ ਵਿਅਕਤੀ ਉਸ ਨੂੰ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਦੇ ਕੇ ਮਾਰ ਗਏ ਹਨ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਨੂੰ ਲੈ ਕੇ ਦਲਜੀਤ ਦੀ ਮ੍ਰਿਤਕ ਦੇਹ ਮਾਨਸਾ-ਸਿਰਸਾ ਮੁੱਖ ਮਾਰਗ 'ਤੇ ਰੱਖ ਕੇ ਧਰਨਾ ਸ਼ੁਰੂ ਕੀਤਾ ਸੀ।

### ਰਮਦਿੱਤੇਵਾਲਾ ਚੌਕ 'ਤੇ ਟਕਰਾਅ: ਪੁਲਿਸ ਕਾਰਵਾਈ ਅਤੇ ਲਾਸ਼ ਖੋਹਣ ਦਾ ਵਿਵਾਦ

ਇਸ ਦੌਰਾਨ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੇ ਕਥਿਤ ਕਤਲ ਮਾਮਲੇ ਵਿੱਚ ਇਨਸਾਫ਼ ਲਈ ਪਿਛਲੇ ਪੰਦਰਾਂ ਦਿਨਾਂ ਤੋਂ ਚੱਲ ਰਹੇ ਧਰਨੇ ਤੋਂ ਲੱਖਾ ਸਿਧਾਣਾ, ਭਾਨਾ ਸਿੱਧੂ, ਮੋਹਨਜੀਤ ਸ਼ੇਰੋਂ ਅਤੇ ਝੋਟਾ ਦੇ ਪਿਤਾ ਭੀਮ ਸਿੰਘ ਫ਼ੌਜੀ ਸਮੇਤ ਕਈ ਆਗੂ ਭੰਮੇ ਕਲਾਂ ਧਰਨੇ ਵਿੱਚ ਪਹੁੰਚ ਗਏ। ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਉਪਰੰਤ ਪ੍ਰਦਰਸ਼ਨਕਾਰੀਆਂ ਨੇ ਫ਼ੈਸਲਾ ਕੀਤਾ ਕਿ ਦਲਜੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਮਾਨਸਾ ਵਿੱਚ ਚੱਲ ਰਹੇ ਵੱਡੇ ਧਰਨਾ ਸਥਾਨ 'ਤੇ ਲਿਜਾਇਆ ਜਾਵੇਗਾ ਤਾਂ ਜੋ ਸਰਕਾਰ ਦੇ ਨਸ਼ਾ ਵਿਰੋਧੀ ਦਾਅਵਿਆਂ ਦੀ ਹਕੀਕਤ ਸਾਹਮਣੇ ਲਿਆਂਦੀ ਜਾ ਸਕੇ।

ਜਿਉਂ ਹੀ ਪ੍ਰਦਰਸ਼ਨਕਾਰੀ ਮ੍ਰਿਤਕ ਦੇਹ ਲੈ ਕੇ ਮਾਨਸਾ ਸ਼ਹਿਰ ਵੱਲ ਵਧੇ, ਪੁਲਿਸ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਪੁਲਿਸ ਨੇ ਲਾਸ਼ ਨੂੰ ਸ਼ਹਿਰ ਦੇ ਮੁੱਖ ਧਰਨੇ ਵਿੱਚ ਪਹੁੰਚਣ ਤੋਂ ਰੋਕਣ ਲਈ ਸਿਰਸਾ ਰੋਡ ਅਤੇ ਰਮਦਿੱਤੇਵਾਲਾ ਚੌਕ ਵਿਖੇ ਵੱਡੇ ਟਰੱਕ ਤੇ ਟਰਾਲੇ ਖੜ੍ਹੇ ਕਰਕੇ ਸੜਕ ਪੂਰੀ ਤਰ੍ਹਾਂ ਜਾਮ ਕਰ ਦਿੱਤੀ। ਮੌਕੇ 'ਤੇ ਭਾਰੀ ਗਿਣਤੀ ਵਿੱਚ ਪੁਲਿਸ ਫੋਰਸ ਤੈਨਾਤ ਕੀਤੀ ਗਈ।

ਰਮਦਿੱਤੇਵਾਲਾ ਚੌਕ ਵਿਖੇ ਸਥਿਤੀ ਉਸ ਵੇਲੇ ਬੇਹੱਦ ਤਣਾਅਪੂਰਨ ਹੋ ਗਈ ਜਦੋਂ ਪੁਲਿਸ ਨੇ ਕਾਫ਼ਲੇ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਤਿੱਖੀ ਬਹਿਸ ਹੋਈ, ਜੋ ਕੁਝ ਹੀ ਪਲਾਂ ਵਿੱਚ ਧੱਕਾਮੁੱਕੀ ਅਤੇ ਹੱਥੋਪਾਈ ਵਿੱਚ ਬਦਲ ਗਈ। ਪ੍ਰਦਰਸ਼ਨਕਾਰੀਆਂ ਵੱਲੋਂ ਲਾਸ਼ ਦੇਣ ਤੋਂ ਇਨਕਾਰ ਕਰਨ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਚਸ਼ਮਦੀਦਾਂ ਅਤੇ ਸੋਸ਼ਲ ਮੀਡੀਆ 'ਤੇ ਆਏ ਦ੍ਰਿਸ਼ਾਂ ਅਨੁਸਾਰ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਸੜਕਾਂ 'ਤੇ ਖਦੇੜਿਆ, ਜਿਸ ਦੌਰਾਨ ਕਈ ਨੌਜਵਾਨਾਂ ਅਤੇ ਨਿਹੰਗ ਸਿੰਘਾਂ ਦੀਆਂ ਦਸਤਾਰਾਂ ਲਹਿ ਗਈਆਂ ਅਤੇ ਉਨ੍ਹਾਂ ਨੂੰ ਕੇਸਾਂ ਤੋਂ ਫੜ ਕੇ ਗੱਡੀਆਂ ਵਿੱਚ ਸੁੱਟਿਆ ਗਿਆ। ਪੁਲਿਸ ਨੇ ਮ੍ਰਿਤਕ ਨੌਜਵਾਨ ਦੀ ਦੇਹ ਨੂੰ ਜ਼ਬਰਦਸਤੀ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਕਿਸੇ ਅਣਦੱਸੀ ਥਾਂ 'ਤੇ ਰਵਾਨਾ ਕਰ ਦਿੱਤਾ। ਇਸ ਕਾਰਵਾਈ ਦੌਰਾਨ ਲੱਖਾ ਸਿਧਾਣਾ, ਭਾਨਾ ਸਿੱਧੂ, ਮੋਹਨਜੀਤ ਸ਼ੇਰੋਂ ਸਮੇਤ ਕਰੀਬ ਇੱਕ ਦਰਜਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

### ਪੁਲਿਸ ਪ੍ਰਸ਼ਾਸਨ ਦਾ ਪੱਖ

ਮਾਨਸਾ ਦੇ ਐੱਸ.ਐੱਸ.ਪੀ. ਵੈਭਵ ਚੌਧਰੀ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਦਾ ਮਾਹੌਲ ਖ਼ਰਾਬ ਹੋਣ ਤੋਂ ਰੋਕਣ ਲਈ ਮ੍ਰਿਤਕ ਦੇਹ ਨਾਲ ਪ੍ਰਦਰਸ਼ਨ ਕਰ ਰਹੇ ਲੋਕਾਂ ਖ਼ਿਲਾਫ਼ ਸੀਮਤ ਬਲ ਦੀ ਵਰਤੋਂ ਕੀਤੀ ਗਈ ਸੀ।

ਐੱਸ.ਐੱਸ.ਪੀ. ਨੇ ਦਾਅਵਾ ਕੀਤਾ ਕਿ ਦਲਜੀਤ ਸਿੰਘ ਦੀ ਮੌਤ ਨੂੰ ਪਹਿਲਾਂ ਨਸ਼ੇ ਦੀ ਓਵਰਡੋਜ਼ ਦੱਸਿਆ ਜਾ ਰਿਹਾ ਸੀ, ਪਰ ਮੁੱਢਲੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਕੁਝ ਵਿਅਕਤੀ ਉਸ ਨੂੰ ਕਾਰ ਵਿੱਚ ਲਿਆ ਕੇ ਉੱਥੇ ਸੁੱਟ ਗਏ ਸਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਤਿੰਨ ਮੁੱਖ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਨ੍ਹਾਂ ਖ਼ਿਲਾਫ਼ ਕਤਲ (ਧਾਰਾ 302) ਤਹਿਤ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨੌਜਵਾਨ ਦੀ ਮੌਤ ਨਸ਼ੇ ਕਾਰਨ ਹੋਈ ਹੈ ਜਾਂ ਕਿਸੇ ਹੋਰ ਵਜ੍ਹਾ ਨਾਲ, ਇਹ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਧਰਨੇ ਦੌਰਾਨ ਹੋਈ ਝੜਪ ਵਿੱਚ ਇੱਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਇਆ ਹੈ, ਜਿਸ ਕਾਰਨ ਪੁਲਿਸ 'ਤੇ ਹਮਲਾ ਕਰਨ ਅਤੇ ਕਤਲ ਦੀ ਕੋਸ਼ਿਸ਼ (ਧਾਰਾ 307) ਦਾ ਪਰਚਾ ਵੀ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨ ਦੀ ਦੇਹ ਨੂੰ ਪੋਸਟਮਾਰਟਮ ਉਪਰੰਤ ਸਤਿਕਾਰ ਸਹਿਤ ਪਰਿਵਾਰ ਹਵਾਲੇ ਕੀਤੀ ਜਾਵੇਗੀ।

### ਪੁਲਿਸ ਵਿਰੁੱਧ ਕਿਸਾਨ ਜਥੇਬੰਦੀ ਤੇ ਵਿਰੋਧੀ ਧਿਰਾਂ ਡਟੀਆਂ

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਮਾਨਸਾ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਪੰਜਾਬ ਭਰ ਦੇ ਥਾਣਿਆਂ ਅੱਗੇ ਰੋਸ ਮੁਜ਼ਾਹਰੇ ਕਰਨ ਅਤੇ ਘਿਰਾਓ ਕਰਨ ਦਾ ਸੱਦਾ ਦਿੱਤਾ ਹੈ। ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਅਤੇ ਮਾਨਸਾ ਬਲਾਕ ਪ੍ਰਧਾਨ ਜਗਸੀਰ ਸਿੰਘ ਜਵਾਹਰਕੇ ਨੇ ਐਲਾਨ ਕੀਤਾ ਕਿ ਮਾਨਸਾ ਵਿੱਚ ਚੱਲ ਰਹੇ ਇਨਸਾਫ਼ ਮੋਰਚੇ ਵਿੱਚ ਜਥੇਬੰਦੀ ਦਾ ਵੱਡਾ ਜਥਾ ਮੂਹਰਲੀ ਕਤਾਰ ਵਿੱਚ ਡਟੇਗਾ। ਉਨ੍ਹਾਂ ਮੰਗ ਕੀਤੀ ਕਿ ਨੌਜਵਾਨ ਦੀ ਦੇਹ ਤੁਰੰਤ ਪਰਿਵਾਰ ਨੂੰ ਸੌਂਪੀ ਜਾਵੇ, ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਨਸ਼ਾ ਤਸਕਰਾਂ ਸਮੇਤ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਘਟਨਾ 'ਤੇ ਡੂੰਘਾ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਪੰਜਾਬ ਪੁਲਿਸ ਨੇ ਸਿੱਖ ਮਰਿਆਦਾ, ਦਸਤਾਰਾਂ ਅਤੇ ਕਕਾਰਾਂ ਦੀ ਬੇਅਦਬੀ ਕਰਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇੱਕ ਗੁਰਸਿੱਖ ਨੂੰ ਵਾਲਾਂ ਤੋਂ ਫੜ ਕੇ ਸੜਕਾਂ 'ਤੇ ਘੜੀਸਣਾ ਅਸਹਿਣਯੋਗ ਹੈ।

ਉੱਧਰ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪੰਜਾਬ ਪੁਲਿਸ ਸਰਕਾਰ ਦੇ ਸਿਆਸੀ ਵਿੰਗ ਵਜੋਂ ਕੰਮ ਕਰ ਰਹੀ ਹੈ ਅਤੇ ਸੂਬਾ ਜੰਗਲ ਰਾਜ ਵਿੱਚ ਤਬਦੀਲ ਹੋ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਸ਼ਿਆਂ ਜ਼ਰੀਏ ਪੰਜਾਬ ਦੀ ਨੌਜਵਾਨੀ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ।

(ਬਾਕੀ ਸਫ਼ਾ 26 'ਤੇ)








# ਕਿਵੇਂ ਰੋਕੀ ਜਾਵੇ 'ਅੰਨ ਦੀ ਬਰਬਾਦੀ'?

### ਹਰ ਦਿਨ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ 20 ਫ਼ੀਸਦੀ ਖਾਣਯੋਗ ਭੋਜਨ

### ਕੂੜੇ 'ਚ ਸੁੱਟੇ ਭੋਜਨ ਨੂੰ ਖਾਣ ਲਈ ਆਵਾਰਾ ਕੁੱਤਿਆਂ, ਲਾਵਾਰਸ ਪਸ਼ੂਆਂ ਅਤੇ ਗਰੀਬ ਬੱਚਿਆਂ ਵਿਚਾਲੇ ਹੁੰਦੀ ਹੈ ਵੱਡੀ 'ਜੰਗ'

ਅੰਮ੍ਰਿਤਸਰ ਟਾਈਮਜ਼ ਬਿਊਰੋ

ਭਾਰਤ ਵਿੱਚ ਇਸ ਸਮੇਂ ਪਵਿੱਤਰ ਤਿਉਹਾਰਾਂ ਅਤੇ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ। ਜਿਸ ਕਾਰਨ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ 'ਮੇਲਿਆਂ' ਵਰਗਾ ਮਾਹੌਲ ਵੇਖਣ ਵਿੱਚ ਆ ਰਿਹਾ ਹੈ। ਅੱਜ ਕੱਲ੍ਹ ਪੂਰੇ ਭਾਰਤ ਵਿੱਚ ਮੈਰਿਜ ਪੈਲੇਸਾਂ, ਹੋਟਲਾਂ, ਧਰਮਸਾਲਾਵਾਂ, ਕਮਿਊਨਿਟੀ ਸੈਂਟਰਾਂ ਵਿੱਚ ਦਿਨ- ਰਾਤ ਵਿਆਹ ਸਮਾਗਮ ਹੋ ਰਹੇ ਹਨ। ਇਹਨਾਂ ਸਮਾਗਮਾਂ ਦੌਰਾਨ ਖਾਣ ਪੀਣ ਲਈ ਵੱਖ -ਵੱਖ ਕਿਸਮਾਂ ਦੇ ਵਿਅੰਜਨਾਂ ਦੀ ਭਰਮਾਰ ਹੁੰਦੀ ਹੈ। ਇਸ ਤੋਂ ਇਲਾਵਾ ਇਹਨਾਂ ਦਿਨਾਂ ਦੌਰਾਨ ਕਰਵਾਏ ਜਾਂਦੇ ਧਾਰਮਿਕ ਸਮਾਗਮਾਂ ਦੌਰਾਨ ਵੀ ਸੰਗਤਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ। ਅੱਜ ਕੱਲ੍ਹ ਦੇ ਵਿਆਹਾਂ ਵਿੱਚ ਖਾਣ ਪੀਣ ਦੇ ਏਨੇ ਪਦਾਰਥ ਹੁੰਦੇ ਹਨ ਕਿ ਉਹਨਾਂ ਸਭ ਦਾ 'ਟੇਸਟ' ਕਰਨਾ ਇੱਕ ਮਨੁੱਖ ਲਈ ਸੰਭਵ ਹੀ ਨਹੀਂ ਹੁੰਦਾ। ਹੁਣ ਗੱਲ ਕਰਦੇ ਹਾਂ ਇਸ ਤਸਵੀਰ ਦੇ ਦੂਜੇ ਪਾਸੇ ਦੀ। ਵੇਖਣ ਵਿੱਚ ਆਇਆ ਹੈ ਕਿ ਤਿਉਹਾਰਾਂ ਅਤੇ ਵਿਆਹਾਂ ਦੇ ਸੀਜ਼ਨ ਦੌਰਾਨ 'ਅੰਨ ਦੀ ਬਰਬਾਦੀ' ਵੀ ਵੱਡੇ ਪੱਧਰ 'ਤੇ ਹੁੰਦੀ ਹੈ।

ਪੂਰੇ ਵਿਸ਼ਵ ਵਿੱਚ ਜਿੱਥੇ 'ਭੁੱਖਮਰੀ' ਵੱਡਾ ਸੰਕਟ ਬਣੀ ਹੋਈ ਹੈ, ਉਥੇ ਹਰ ਦਿਨ ਹੁੰਦੀ 'ਅੰਨ ਦੀ ਬਰਬਾਦੀ' ਵੀ ਆਲਮੀ ਦੁਖਾਂਤ ਅਤੇ ਵੱਡੀ ਸਮੱਸਿਆ ਬਣ ਗਈ ਹੈ। ਭਾਰਤ ਸਮੇਤ ਦੁਨੀਆ ਦੇ ਵੱਖ- ਵੱਖ ਦੇਸ਼ਾਂ ਦੇ ਅਨੇਕਾਂ ਇਲਾਕਿਆਂ ਵਿੱਚ ਅਕਸਰ ਇਹ ਵੇਖਣ ਵਿੱਚ ਆਉਂਦਾ ਹੈ ਕਿ ਮੈਰਿਜ ਪੈਲਿਸਾਂ, ਹੋਟਲਾਂ , ਰੈਸਟੋਰੈਂਟਾਂ ਵਿੱਚ ਪਾਰਟੀਆਂ ਜਾਂ ਵਿਆਹ-ਸ਼ਾਦੀਆਂ ਤੋਂ ਬਾਅਦ ਬੱਚਿਆ ਖਾਣਾ ਜਾਂ ਲੋਕਾਂ ਵੱਲੋਂ ਛੱਡਿਆ ਗਿਆ ਜੂਠਾ ਖਾਣਾ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ, ਤਾਂ ਇਸ ਸੁੱਟੇ ਗਏ ਖਾਣੇ ਦੇ ਢੇਰ ਵਿੱਚੋਂ ਅੰਨ ਖਾਣ ਲਈ ਜਿਥੇ ਆਵਾਰਾ ਕੁੱਤੇ ਅਤੇ ਆਵਾਰਾ ਪਸ਼ੂ ਇਕੱਠੇ ਹੋ ਜਾਂਦੇ ਹਨ, ਉਥੇ ਹੀ ਗਰੀਬ ਅਤੇ ਭੁੱਖਮਰੀ ਦਾ ਸ਼ਿਕਾਰ ਬੱਚੇ ਵੀ ਆਪਣੀ ਭੁੱਖ ਮਿਟਾਉਣ ਲਈ ਕੂੜੇ ਦੇ ਢੇਰ ਵਿੱਚੋਂ ਜੂਠਾ ਜਾਂ ਬਚਿਆ ਅੰਨ ਚੁੱਕ ਕੇ ਖਾਂਦੇ ਨਜ਼ਰ ਆ ਜਾਂਦੇ ਹਨ। ਕਈ ਵਾਰ ਤਾਂ ਕੂੜੇ ਵਿੱਚ ਸੁੱਟੇ ਖਾਣੇ ਨੂੰ ਖਾਣ ਲਈ ਆਵਾਰਾ ਕੁੱਤਿਆਂ, ਆਵਾਰਾ ਪਸ਼ੂਆਂ ਅਤੇ ਗਰੀਬ ਬੱਚਿਆਂ ਵਿਚਾਲੇ 'ਜੰਗ' ਵੀ ਹੋ ਜਾਂਦੀ ਹੈ, ਜਿਸ ਨੂੰ 'ਭੁੱਖ ਦੀ ਜੰਗ' ਕਿਹਾ ਜਾ ਸਕਦਾ ਹੈ।



ਕੁਝ ਸਮਾਂ ਪਹਿਲਾਂ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ 'ਫ਼ੂਡ ਵੇਸਟ ਇੰਡੈਕਸ ਰਿਪੋਰਟ' 'ਚ ਅੰਨ ਭਾਵ ਭੋਜਨ ਦੀ ਬਰਬਾਦੀ ਦੀ ਗੱਲ ਨੂੰ ਉਭਾਰਿਆ ਗਿਆ। ਰਿਪੋਰਟ ਮੁਤਾਬਕ 20 ਫ਼ੀਸਦੀ ਖਾਣਯੋਗ ਭੋਜਨ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਹਾਲਾਤ ਤਾਂ ਇਸ ਸਮੇਂ ਇਹ ਬਣ ਗਏ ਹਨ ਕਿ ਇੱਕ ਪਾਸੇ ਹਰ ਦਿਨ ਦੁਨੀਆ ਦੇ 78.3 ਕਰੋੜ ਲੋਕ ਖਾਲੀ ਪੇਟ ਸੌਣ ਲਈ ਮਜਬੂਰ ਹਨ, ਦੂਜੇ ਪਾਸੇ ਹਰ ਰੋਜ਼ 100 ਕਰੋੜ ਖ਼ੁਰਾਕਾਂ ਦੇ ਬਰਾਬਰ ਭੋਜਨ ਬਰਬਾਦ ਹੋ ਰਿਹਾ ਹੈ। ਜੇਕਰ ਅਸੀਂ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇੱਕ ਸਾਲ 'ਚ ਲਗਭਗ 105.2 ਕਰੋੜ ਟਨ ਭੋਜਨ ਬਰਬਾਦ ਹੋ ਰਿਹਾ ਹੈ, ਜੋ ਹਰ ਸਾਲ ਔਸਤਨ 132 ਕਿਲੋ ਪ੍ਰਤੀ ਵਿਅਕਤੀ ਦੇ ਬਰਾਬਰ ਹੈ।

ਭੋਜਨ ਦੀ ਬਰਬਾਦੀ ਇੱਕ ਵਿਸ਼ਵ ਦੁਖਾਂਤ ਹੈ। ਇਹ ਭੋਜਨ ਪੂਰੀ ਦੁਨੀਆ ਵਿੱਚ ਅਜਿਹੇ ਸਮੇਂ ਵਿੱਚ ਬਰਬਾਦ ਹੋ ਰਿਹਾ ਹੈ ਜਦੋਂ ਲੱਖਾਂ ਲੋਕਾਂ ਨੂੰ ਪੂਰਾ ਭੋਜਨ ਨਹੀਂ ਮਿਲ ਰਿਹਾ ਹੈ। ਇਸ ਦਾ ਅਸਰ ਵਿਸ਼ਵ ਅਰਥਵਿਵਸਥਾ 'ਤੇ ਵੀ ਪੈਂਦਾ ਹੈ।

ਵਿਸ਼ਵ ਪੱਧਰ 'ਤੇ ਹੋਣ ਵਾਲੀ ਜ਼ਿਆਦਾਤਰ ਭੋਜਨ ਦੀ ਬਰਬਾਦੀ



(ਯਾਨੀ 60 ਫ਼ੀਸਦੀ) ਘਰਾਂ ਵਿੱਚ ਹੋ ਰਹੀ ਹੈ। ਜੇਕਰ ਅਸੀਂ ਘਰਾਂ ਵਿੱਚ ਬਰਬਾਦ ਕੀਤੇ ਜਾ ਰਹੇ ਭੋਜਨ ਦੀ ਕੁੱਲ ਮਾਤਰਾ ਨੂੰ ਵੇਖੀਏ, ਤਾਂ ਇਹ ਲਗਭਗ 631 ਮਿਲੀਅਨ ਟਨ ਹੈ। ਇਸ ਤੋਂ ਵੱਡੀ ਦੁਖਦਾਈ ਗੱਲ ਕੀ ਹੋਵੇਗੀ ਕਿ ਜਿੱਥੇ ਇੱਕ ਪਾਸੇ ਇਸ ਭੋਜਨ ਦੀ ਬਰਬਾਦੀ ਹੋ ਰਹੀ ਹੈ, ਉੱਥੇ ਦੂਜੇ ਪਾਸੇ ਵਿਸ਼ਵ ਪੱਧਰ 'ਤੇ ਪੰਜ ਸਾਲ ਤੋਂ ਘੱਟ ਉਮਰ ਦੇ 15 ਕਰੋੜ ਬੱਚਿਆਂ ਦਾ ਵਿਕਾਸ ਰੁਕ ਗਿਆ ਹੈ ਕਿਉਂਕਿ ਉਨ੍ਹਾਂ ਦੀ ਖ਼ੁਰਾਕ ਵਿੱਚ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਹੈ। ਇਸ ਦਾ ਮਤਲਬ ਹੈ ਕਿ ਉਹ ਬੱਚੇ ਕਿਸੇ ਨਾ ਕਿਸੇ ਰੂਪ ਵਿੱਚ ਕੁਪੋਸ਼ਣ ਦਾ ਸ਼ਿਕਾਰ ਹਨ।

ਜੇਕਰ ਦੇਖਿਆ ਜਾਵੇ ਤਾਂ ਅੱਜ ਭੋਜਨ ਪਦਾਰਥਾਂ ਦੀ ਬਰਬਾਦੀ ਸਿਰਫ਼ ਅਮੀਰ ਦੇਸ਼ਾਂ ਤੱਕ ਹੀ ਸੀਮਤ ਨਹੀਂ ਹੈ। ਇਹ ਸਮੱਸਿਆ ਘੱਟ ਅਤੇ ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਵੀ ਵੱਧ ਰਹੀ ਹੈ। ਅੰਕੜੇ ਇਹ ਵੀ ਪੁਸ਼ਟੀ ਕਰਦੇ ਹਨ ਕਿ ਉੱਚ-ਆਮਦਨੀ, ਉੱਚ-ਮੱਧਮ ਆਮਦਨੀ ਅਤੇ ਨਿਮਨ-ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਔਸਤ ਭੋਜਨ ਦੀ ਬਰਬਾਦੀ ਪ੍ਰਤੀ ਵਿਅਕਤੀ ਪ੍ਰਤੀ ਸਾਲ ਸਿਰਫ਼ ਸੱਤ ਕਿਲੋਗ੍ਰਾਮ ਤੱਕ ਹੁੰਦੀ ਹੈ। ਖਾਣ-ਪੀਣ ਦੀਆਂ ਵਸਤੂਆਂ ਦਾ ਇਹ ਨੁਕਸਾਨ ਅਤੇ ਬਰਬਾਦੀ ਆਰਥਿਕ ਪੱਖੋਂ ਵੀ ਬਹੁਤ ਮਹਿੰਗੀ ਹੁੰਦੀ ਜਾ ਰਹੀ ਹੈ। ਇਸ ਕਾਰਨ ਇੱਕ ਖਰਬ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਭੋਜਨ ਦੀ ਬਰਬਾਦੀ ਰੋਕਣ ਲਈ ਭੋਜਨ ਦੀ ਬਰਬਾਦੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਨਾ ਹੋਵੇਗਾ। ਸੜੇ ਹੋਏ ਭੋਜਨ ਨੂੰ ਖੇਤਾਂ ਵਿੱਚ ਖਾਦ ਵਜੋਂ ਵਰਤਣਾ ਸ਼ਹਿਰਾਂ ਵਿੱਚ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਜੇਕਰ ਭੋਜਨ ਦੀ ਬਰਬਾਦੀ ਨੂੰ ਰੋਕ ਦਿੱਤਾ ਜਾਵੇ ਤਾਂ ਨਾ ਸਿਰਫ਼ ਕਰੋੜਾਂ ਲੋਕਾਂ ਨੂੰ ਭੋਜਨ ਮਿਲ ਸਕੇਗਾ, ਸਗੋਂ ਹਰ ਸਾਲ ਹੋਣ ਵਾਲੇ ਲਗਭਗ 68,39,675 ਕਰੋੜ ਰੁਪਏ (94,000 ਕਰੋੜ ਡਾਲਰ) ਦੇ ਆਰਥਿਕ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਇਹ ਬਚਿਆ ਹੋਇਆ ਪੈਸਾ ਆਮ ਲੋਕਾਂ ਦੀ ਭਲਾਈ ਦੇ ਲਈ ਖ਼ਰਚਿਆ ਜਾ ਸਕਦਾ ਹੈ

## ਭਾਰਤ 'ਚ ਵੀ ਬਹੁਤ ਹੁੰਦੀ ਹੈ ਭੋਜਨ ਦੀ ਬਰਬਾਦੀ

ਭਾਰਤ ਵਿੱਚ 'ਅੰਨ' ਨੂੰ 'ਦੇਵਤਾ' ਮੰਨਿਆ ਜਾਂਦਾ ਹੈ ਪਰ ਫ਼ਿਰ ਵੀ ਭਾਰਤ ਵਿੱਚ ਹਰ ਸਾਲ ਲਗਭਗ 68.8 ਮਿਲੀਅਨ ਟਨ ਭੋਜਨ ਬਰਬਾਦ ਹੁੰਦਾ ਹੈ। ਜੇਕਰ ਪ੍ਰਤੀ ਵਿਅਕਤੀ ਆਧਾਰ 'ਤੇ ਦੇਖੀਏ ਤਾਂ ਹਰ ਵਿਅਕਤੀ ਹਰ ਸਾਲ 50 ਕਿਲੋ ਭੋਜਨ ਬਰਬਾਦ ਕਰਦਾ ਹੈ। ਭਾਰਤ ਵਿੱਚ ਵਿਆਹ ਸ਼ਾਦੀ ਮੌਕੇ ਜਾਂ ਪਾਰਟੀਆਂ ਮੌਕੇ ਆਪਣੀ ਪਲੇਟ ਵਿੱਚ ਜੂਠਾ ਖਾਣਾ ਛੱਡਣਾ ਇੱਕ ਫ਼ੈਸ਼ਨ ਬਣ ਗਿਆ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਪਾਰਟੀਆਂ ਅਤੇ ਖਾਣੇ ਦੇ ਦੌਰਾਨ ਵੱਡੀ ਗਿਣਤੀ ਲੋਕ ਆਪਣੀਆਂ ਪਲੇਟਾਂ ਵਿੱਚ ਲੋੜ ਤੋਂ ਜ਼ਿਆਦਾ ਭੋਜਨ ਪਾ ਲੈਂਦੇ ਹਨ ਅਤੇ ਉਸ ਤੋਂ ਬਾਅਦ ਉਹ ਥੋੜ੍ਹਾ ਭੋਜਨ ਖਾਣ ਤੋਂ ਬਾਅਦ ਬਾਕੀ ਭੋਜਨ ਨੂੰ ਡਸਟਬਿਨ ਵਿੱਚ ਸੁੱਟ ਦਿੰਦੇ ਹਨ। ਇਹ ਬਰਬਾਦ ਕੀਤਾ ਹੋਇਆ ਭੋਜਨ ਬਾਅਦ ਵਿੱਚ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਅੰਨ ਨੂੰ ਬਰਬਾਦ ਕਰਨ ਦੀ ਥਾਂ ਇਹ ਅੰਨ ਭੁੱਖੇ ਢਿੱਡ ਸੌਂਦੇ ਲੋਕਾਂ ਵਿੱਚ ਵੰਡਿਆ ਜਾ ਸਕਦਾ ਹੈ।

## ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਅੰਤਰ

ਸ਼ਹਿਰੀ ਅਤੇ ਪੇਂਡੂ ਆਬਾਦੀ ਦੇ ਵਿਚਕਾਰ ਭੋਜਨ ਦੀ ਬਰਬਾਦੀ ਦੀਆਂ ਦਰਾਂ ਵਿੱਚ ਇੱਕ ਮਹੱਤਵਪੂਰਨ ਅੰਤਰ ਦੇਖਿਆ ਗਿਆ ਹੈ। ਉਦਾਹਰਣ ਲਈ, ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਪੇਂਡੂ ਆਬਾਦੀ ਮੁਕਾਬਲਤਨ ਘੱਟ ਭੋਜਨ ਦੀ ਬਰਬਾਦੀ ਕਰਦੀ ਹੈ। ਇਸ ਦਾ ਇੱਕ ਸੰਭਵ ਕਾਰਨ ਇਹ ਹੈ ਕਿ ਪਿੰਡਾਂ ਵਿੱਚ ਬਚਿਆ ਹੋਇਆ ਭੋਜਨ ਪਸ਼ੂਆਂ ਨੂੰ ਖੁਆਇਆ ਜਾਂਦਾ ਹੈ ਅਤੇ ਖੇਤਾਂ ਵਿੱਚ ਖਾਦ ਵਜੋਂ ਵੀ ਵਰਤਿਆ ਜਾਂਦਾ ਹੈ। ਇਸ ਦੇ ਨਾਲ ਹੀ ਸ਼ਹਿਰਾਂ ਵਿੱਚ ਬਚਿਆ ਹੋਇਆ ਭੋਜਨ ਸਿੱਧਾ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਵੱਡੀ ਗਿਣਤੀ ਪਿੰਡਾਂ ਵਿੱਚ ਇਹ ਰਿਵਾਜ ਵੀ ਹੈ ਕਿ ਵਿਅਕਤੀ ਜਿੰਨਾ ਭੋਜਨ ਆਪਣੀ ਥਾਲ਼ੀ ਜਾਂ ਪਲੇਟ ਵਿੱਚ ਪਾਉਂਦੇ ਹਨ, ਉਸ ਨੂੰ ਸਾਰਾ ਖਾਂਦੇ ਹਨ। ਵੱਡੀ ਗਿਣਤੀ ਪਿੰਡਾਂ ਵਿੱਚ ਜੂਠ ਛੱਡਣ ਨੂੰ ਗਲਤ ਮੰਨਿਆ ਜਾਂਦਾ ਹੈ, ਇਸ ਕਰਕੇ ਪਿੰਡਾਂ ਵਿੱਚ ਭੋਜਨ ਦੀ ਬਰਬਾਦੀ ਘੱਟ ਹੁੰਦੀ ਹੈ।

## ਵਾਤਾਵਰਣ 'ਤੇ ਪ੍ਰਭਾਵ

ਭੋਜਨ ਦੀ ਬਰਬਾਦੀ ਦਾ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਬਰਬਾਦ ਕੀਤਾ ਗਿਆ ਭੋਜਨ ਆਪਣੇ ਆਲ਼ੇ ਦੁਆਲ਼ੇ ਸੜਿਹਾਂਦ ਮਾਰਦਾ ਰਹਿੰਦਾ ਹੈ, ਇਸ ਭੋਜਨ ਵਿਚੋਂ ਮੀਥੇਨ ਵਰਗੀਆਂ ਗੈਸਾਂ ਵੀ ਨਿਕਲਦੀਆਂ ਰਹਿੰਦੀਆਂ ਹਨ, ਜੋ ਕਿ ਜਲਵਾਯੂ ਤਬਦੀਲੀ ਦਾ ਕਾਰਨ ਬਣ ਜਾਂਦੀਆਂ ਹਨ। ਜਿਵੇਂ ਜਿਵੇਂ ਬਰਬਾਦ ਕੀਤੇ ਭੋਜਨ ਦੇ ਢੇਰ ਵਧਦੇ ਜਾਂਦੇ ਹਨ, ਉਵੇਂ ਹੀ ਵਾਤਾਵਰਣ ਦੂਸ਼ਿਤ ਹੁੰਦਾ ਜਾਂਦਾ ਹੈ। ਅਜਿਹੇ ਭੋਜਨ ਕਾਰਨ ਵਾਤਾਵਰਣ ਵਿੱਚ ਆਏ ਵਿਗਾੜ ਦਾ ਅਸਰ ਮਨੁੱਖ ਦੀ ਸਿਹਤ ਅਤੇ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ 'ਤੇ ਵੀ ਹੋ ਸਕਦਾ ਹੈ।





ਸਰਬੱਤ ਦਾ ਭਲਾ

SCOPE

Sikh Community Organised for Political Engagement.

# SCOPE ENDORSEMENT GUIDE

## City of Fremont • November 3, 2026 General Election

★ ★ ★

**Vote for SCOPE-endorsed candidates and ballot positions.**

### STATEWIDE

| | | |
|---|---|---|
| ✔ | Governor | **Xavier Becerra** |
| ✔ | Lieutenant Governor | **Fiona Ma** |
| ✔ | Secretary of State | **Shirley N. Weber** |
| ✔ | Controller | **Malia M. Cohen** |
| ✔ | Treasurer | **Eleni Kounalakis** |
| ✔ | Attorney General | **Rob Bonta** |
| ✔ | Insurance Commissioner | **Ben Allen** |
| ✔ | State Board of Equalization District 2 | **Sally J. Lieber** |

### FEDERAL

| | | |
|---|---|---|
| ✔ | U.S. House of Representatives District 14 | **Aisha Wahab** |

### STATE LEGISLATURE

| | | |
|---|---|---|
| ✔ | California State Senate District 10 | **Scott Sakakihara** |
| ✔ | California State Assembly District 20 | **Liz Ortega** |
| ✔ | California State Assembly District 24 | **Alex Lee** |

### NONPARTISAN

| | | |
|---|---|---|
| ✔ | State Superinteıdtent of Public Instruction | **Richard Barrera** |

### SCHOOL

| | | |
|---|---|---|
| — | Ohlone Community College District Trustee — Area 6 | **No Endorsement** |
| ✔ | School Board Office | **Diane Jones** |

### CITY

| | | |
|---|---|---|
| ✔ | Fremont City Council District 2 | **Desrie Campbell** |
| ✔ | Fremont City Council District 3 | **Kathy Kimberlin** |
| ✔ | Fremont City Council District 4 | **Aziz Akbari** |

### SPECIAL DISTRICT

| | | |
|---|---|---|
| ✔ | AC Transit District Director Ward 7 | **Diane Shaw** |
| ✔ | Alameda County Water District Director Ward 2 | **Judy C. Huang** |
| ✔ | Alameda County Water District Director Ward 3 | **Paul Sethy** |
| ✔ | BART Board Director District 6 | **Liz Ames** |
| ✔ | East Bay Regional Park District Director Ward 3 | **Rebecca Lewington** |

### JUDICIAL RETENTION

| | | | |
|---|---|---|---|
| ✔ | California Supreme Court | **Kelli M. Evans** | YES |
| ✔ | California Supreme Court | **Joshua P. Groban** | YES |
| ✔ | Court of Appeal, First District, Division 1 | **Charles A. Smiley** | YES |
| ✔ | Court of Appeal, First District, Division 1 | **Kathleen M. Banke** | YES |
| ✔ | Court of Appeal, First District, Division 1 | **Monique Langhorne Wilson** | YES |
| ✔ | Court of Appeal, First District, Division 2 | **Therese M. Stewart** | YES |
| ✔ | Court of Appeal, First District, Division 2 | **Tara M. Desautels** | YES |
| ✔ | Court of Appeal, First District, Division 3 | **Ioana Petrou** | YES |
| ✔ | Court of Appeal, First District, Division 3 | **Victor A. Rodriguez** | YES |
| ✔ | Court of Appeal, First District, Division 4 | **Tracie L. Brown** | YES |
| ✔ | Court of Appeal, First District, Division 5 | **Mark B. Simons** | YES |
| ✔ | Court of Appeal, First District, Division 5 | **Danny Y. Chou** | YES |
| ✔ | Court of Appeal, First District, Division 5 | **Gordon B. Burns** | YES |

### STATE PROPOSITIONS

| | | |
|---|---|---|
| ✔ | Proposition 1 | YES |
| ✔ | Proposition 2 | YES |
| ✔ | Proposition 3 | YES |
| ✔ | Proposition 4 | YES |
| ✔ | Proposition 5 | YES |
| ✔ | Proposition 37 | YES |
| ✔ | Proposition 38 | YES |
| ✔ | Proposition 39 | NO |
| ✔ | Proposition 40 | YES |
| ✔ | Proposition 41 | NO |
| ✔ | Proposition 42 | NO |
| ✔ | Proposition 43 | NO |
| ✔ | Proposition 44 | NO |
| ✔ | Proposition 45 | NO |

### REGIONAL MEASURE

| | | |
|---|---|---|
| ✔ | **Measure RTM** | YES |




★ ★ ★ Prepared by SCOPE — Sikh Community Organized for Political Engagement ★ ★ ★

SCOPE
Sikh Community Organized for Political Engagement.

# UNION CITY
## 2026 ENDORSEMENT GUIDE

Candidates • Ballot Measures • Judicial Retention

### STATEWIDE CANDIDATES 9

| Office | Candidate |
|---|---|
| Governor | **Xavier Becerra** |
| Lieutenant Governor | **Fiona Ma** |
| Secretary of State | **Shirley N. Weber** |
| Controller | **Malia M. Cohen** |
| Treasurer | **Eleni Kounalakis** |
| Attorney General | **Rob Bonta** |
| Insurance Commissioner | **Ben Allen** |
| Board of Equalization, District 2 | **Sally J. Lieber** |
| Superintendent of Public Instruction | **Richard Barrera** |

### FEDERAL & LEGISLATURE 3

| Office | Candidate |
|---|---|
| U.S. Representative, District 14 | **Aisha Wahab** |
| State Senator, District 10 | **Scott Sakakihara** |
| State Assembly Member, District 20 | **Liz Ortega** |

### CITY, SCHOOLS & DISTRICTS 6

| Office | Candidate |
|---|---|
| Union City Council, District 2 | **Victor Lopez Pulido** |
| Union City Council, District 3 | **Cheris Crocker-Root** |
| New Haven USD Trustee, Area 4 | **Shruti Kumar** |
| New Haven USD Trustee, Area 5 | **Deepti Garg** |
| East Bay Regional Park, Ward 3 | **Rebecca Lewington** |
| Alameda County Water, Ward 3 | **Paul Sethy** |

### BALLOT MEASURE POSITIONS 16

| Measure | Position |
|---|---|
| Proposition 1 | YES |
| Proposition 2 | YES |
| Proposition 3 | YES |
| Proposition 4 | YES |
| Proposition 5 | YES |
| Proposition 37 | YES |
| Proposition 38 | YES |
| Proposition 39 | NO |
| Proposition 40 | YES |
| Proposition 41 | NO |
| Proposition 42 | NO |
| Proposition 43 | NO |
| Proposition 44 | NO |
| Proposition 45 | NO |
| Measure RTM (Regional) | YES |
| Measure II (Union City) | YES |

### JUDICIAL RECOMMENDATIONS 13 YES

SC: CA Supreme Court D1-D5: First District Court of Appeal

| Court | Judge | Recommendation |
|---|---|---|
| SC | Kelli M. Evans | YES |
| SC | Joshua P. Groban | YES |
| D1 | Charles A. Smiley | YES |
| D1 | Kathleen M. Banke | YES |
| D1 | Monique Langhorne Wilson | YES |
| D2 | Therese M. Stewart | YES |
| D2 | Tara M. Desautels | YES |
| D3 | Ioana Petrou | YES |
| D3 | Victor A. Rodríguez | YES |
| D4 | Tracie L. Brown | YES |
| D5 | Mark B. Simons | YES |
| D5 | Danny Y. Chou | YES |
| D5 | Gordon B. Burns | YES |

Prepared from SCOPE-provided selections • Verify ballot details before public distribution

ONE-PAGE GUIDE

# ਅਮਰੀਕੀ ਜੀਵਨ ਸ਼ੈਲੀ ਅਪਣਾਉਣ ਦੇ ਨਾਲ-ਨਾਲ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਲਈ ਯਤਨਸ਼ੀਲ ਭਾਈਚਾਰਾ

## ਅਮਰੀਕੀ ਵਿੱਦਿਅਕ ਮਾਹੌਲ ਤੇ ਸਿੱਖੀ ਕਦਰਾਂ-ਕੀਮਤਾਂ ਵਿਚਾਲੇ ਤਾਲਮੇਲ ਬਿਠਾਉਣ ਦੀਆਂ ਕੀ ਹਨ ਚੁਣੌਤੀਆਂ





ਅਮਰੀਕਾ ਦੇ ਮੈਸਾਚੂਸਟਸ ਸੂਬੇ ਵਿੱਚ ਵਸਦੇ ਸਿੱਖ ਭਾਈਚਾਰੇ ਲਈ ਆਪਣੀਆਂ ਧਾਰਮਿਕ ਜੜ੍ਹਾਂ ਨਾਲ ਜੁੜੇ ਰਹਿਣਾ ਇੱਕ ਵੱਡਾ ਚੈਲਿੰਜ ਬਣ ਚੁੱਕਾ ਹੈ। ਇੱਥੇ ਪੱਛਮੀ ਸੱਭਿਆਚਾਰ ਵਿੱਚ ਰਲਣ-ਮਿਲਣ ਦੀ ਦੌੜ ਅਤੇ ਆਪਣੀਆਂ ਰਵਾਇਤਾਂ ਨੂੰ ਬਚਾਉਣ ਦੀ ਤਾਂਘ ਵਿਚਾਲੇ ਇੱਕ ਗੰਭੀਰ ਜਦੋਜਹਿਦ ਸਾਫ਼ ਦਿਖਾਈ ਦੇ ਰਹੀ ਹੈ। ਮੈਡਫੋਰਡ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀਆਂ ਕੰਧਾਂ ਅੰਦਰ ਗੂੰਜਦੀ ਗੁਰਮਤਿ ਸੰਗੀਤ ਦੀ ਆਵਾਜ਼ ਇਸੇ ਸੰਘਰਸ਼ ਦੀ ਗਵਾਹੀ ਭਰਦੀ ਹੈ। ਐਤਵਾਰ ਵਾਲੇ ਦਿਨ ਇੱਥੇ ਬੱਚੇ ਹਰਮੋਨੀਅਮ, ਤਬਲਾ ਅਤੇ ਮੋਰ ਦੇ ਆਕਾਰ ਵਾਲੇ ਤੰਤੀ ਸਾਜ਼ ਤਾਊਸ ਦੀਆਂ ਤਾਰਾਂ ਛੇੜਦੇ ਨਜ਼ਰ ਆਉਂਦੇ ਹਨ। ਮਾਪਿਆਂ ਦੀ ਪੂਰੀ ਕੋਸ਼ਿਸ਼ ਹੈ ਕਿ ਅਮਰੀਕੀ ਮਾਹੌਲ ਵਿੱਚ ਵੱਡੇ ਹੋ ਰਹੇ ਬੱਚੇ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਵਿਰਾਸਤ ਨੂੰ ਨਾ ਵਿਸਾਰਨ।

ਮੈਲਰੋਜ਼ ਸ਼ਹਿਰ ਦੇ ਵਸਨੀਕ 45 ਸਾਲਾ ਤਲਵਿੰਦਰ ਸਿੰਘ ਲਈ ਇਹ ਸਿਰਫ਼ ਇੱਕ ਰਸਮ ਨਹੀਂ, ਸਗੋਂ ਜੀਵਨ ਦਾ ਅਹਿਮ ਫ਼ਰਜ਼ ਹੈ। ਮੁੰਬਈ ਤੋਂ ਦੋ ਦਹਾਕੇ ਪਹਿਲਾਂ ਅਮਰੀਕਾ ਆਏ ਤਲਵਿੰਦਰ ਦਾ ਕਹਿਣਾ ਹੈ ਕਿ ਵਿਦੇਸ਼ ਦੀ ਧਰਤੀ ਉੱਤੇ ਬੱਚਿਆਂ ਨੂੰ ਧਰਮ ਨਾਲ ਜੋੜ ਕੇ ਰੱਖਣ ਲਈ ਮਾਪਿਆਂ ਨੂੰ ਆਪਣਾ ਬਹੁਤ ਸਾਰਾ ਸਮਾਂ ਲਗਾਉਣਾ ਪੈਂਦਾ ਹੈ। ਉਹ ਹਰ ਐਤਵਾਰ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਲੈ ਕੇ ਆਉਂਦੇ ਹਨ ਤਾਂ ਜੋ ਉਹ ਗੁਰੂ ਦੀਆਂ ਸਿੱਖਿਆਵਾਂ ਨੂੰ ਸਮਝ ਸਕਣ। ਸਿੱਖ ਧਰਮ ਦੀ ਨੀਂਹ ਪੰਜ ਸਦੀਆਂ ਪਹਿਲਾਂ ਪੰਜਾਬ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ, ਜਿਨ੍ਹਾਂ ਨੇ ਜਾਤ-ਪਾਤ ਦਾ ਖੰਡਨ ਕਰਕੇ ਸਾਰੇ ਇਨਸਾਨਾਂ ਨੂੰ ਇੱਕ ਰੱਬ ਦੇ ਲੜ ਲਾਇਆ ਸੀ। ਇਸੇ ਬੁਨਿਆਦੀ ਸੋਚ ਨੂੰ ਬੱਚਿਆਂ ਦੇ ਹਿਰਦਿਆਂ ਵਿੱਚ ਉਤਾਰਨਾ ਅੱਜ ਪ੍ਰਵਾਸੀ ਸਿੱਖਾਂ ਲਈ ਸਭ ਤੋਂ ਅਹਿਮ ਕਾਰਜ ਹੈ।

ਹਾਲਾਂਕਿ, ਇਹ ਰਸਤਾ ਇੰਨਾ ਆਸਾਨ ਨਹੀਂ ਹੈ। ਗੁਰਦੁਆਰਾ ਸਾਹਿਬ ਦੇ ਅਧਿਆਪਕ 35 ਸਾਲਾ ਰਮਨਜੀਤ ਸਿੰਘ ਦੱਸਦੇ ਹਨ ਕਿ ਵਾਲੰਟੀਅਰਾਂ ਅਤੇ ਮਾਪਿਆਂ ਦਾ ਇਹ ਸੰਘਰਸ਼ ਇੱਕ ਲਗਾਤਾਰ ਲੜੀ ਜਾਣ ਵਾਲੇ ਧਰਮਯੁੱਧ ਵਰਗਾ ਹੈ। ਬੱਚੇ ਹਫ਼ਤੇ ਦੇ ਪੰਜ ਦਿਨ ਅਮਰੀਕੀ ਸਕੂਲਾਂ ਵਿੱਚ ਬਿਤਾਉਂਦੇ ਹਨ, ਜਿੱਥੇ ਪੱਛਮੀ ਸਮਾਜ ਦਾ ਪ੍ਰਭਾਵ ਬਹੁਤ ਡੂੰਘਾ ਹੁੰਦਾ ਹੈ। ਉਸ ਦੇ ਮੁਕਾਬਲੇ ਗੁਰਦੁਆਰਾ ਸਾਹਿਬ ਵਿੱਚ ਮਿਲਣ ਵਾਲਾ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਰਮਨਜੀਤ ਸਿੰਘ ਅਨੁਸਾਰ ਪਹਿਲੀ ਪੀੜ੍ਹੀ ਦੇ ਬਹੁਤ ਸਾਰੇ ਪ੍ਰਵਾਸੀ ਆਪਣੀ ਰੋਜ਼ੀ-ਰੋਟੀ ਕਮਾਉਣ ਅਤੇ ਆਰਥਿਕ ਪੈਰ ਜਮਾਉਣ ਵਿੱਚ ਇੰਨੇ ਉਲਝੇ ਰਹੇ ਕਿ ਉਹ ਆਪਣੇ ਬੱਚਿਆਂ ਨੂੰ ਰਵਾਇਤਾਂ ਦੀ ਪੂਰੀ ਸਿੱਖਿਆ ਨਹੀਂ ਦੇ ਸਕੇ। ਪਰ ਹੁਣ ਨਵੀਂ ਪੀੜ੍ਹੀ ਨੂੰ ਇਸ ਕਮੀ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਮੈਸਾਚੂਸਟਸ ਵਿੱਚ ਸਿੱਖਾਂ ਦੀ ਕੁੱਲ ਆਬਾਦੀ ਕੁਝ ਹਜ਼ਾਰ ਹੀ ਹੈ। ਅਮਰੀਕਾ ਦੇ ਹੋਰਨਾਂ ਵੱਡੇ ਸੂਬਿਆਂ ਦੇ ਮੁਕਾਬਲੇ ਇਹ ਗਿਣਤੀ ਬਹੁਤ ਘੱਟ ਹੈ, ਪਰ ਆਪਣੇ ਵਿਲੱਖਣ ਬਾਣੇ ਕਰਕੇ ਇਹ ਭਾਈਚਾਰਾ ਆਸਾਨੀ ਨਾਲ ਪਛਾਣਿਆ ਜਾਂਦਾ ਹੈ। ਦਸਤਾਰਾਂ ਸਜਾਏ ਅਤੇ ਦਾੜ੍ਹੀਆਂ ਰੱਖੇ ਸਿੱਖ ਮਰਦ ਅਤੇ ਰੰਗ-ਬਿਰੰਗੇ ਸੂਟ ਪਹਿਨੀਆਂ ਔਰਤਾਂ ਭੀੜ ਵਿੱਚੋਂ ਅਲੱਗ ਨਜ਼ਰ ਆਉਂਦੀਆਂ ਹਨ। ਪਰ ਇਹ ਵੱਖਰੀ ਦਿੱਖ ਕਈ ਵਾਰ ਨਸਲੀ ਨਫ਼ਰਤ ਦਾ ਕਾਰਨ ਵੀ ਬਣ ਜਾਂਦੀ ਹੈ ਸਾਲ 2025 ਵਿੱਚ ਫਲੋਰੀਡਾ ਵਿਖੇ ਇੱਕ ਸਿੱਖ ਟਰੱਕ ਡਰਾਈਵਰ ਨਾਲ ਵਾਪਰੇ ਸੜਕ ਹਾਦਸੇ ਤੋਂ ਬਾਅਦ ਅਮਰੀਕਾ ਵਿੱਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀ ਮੁਹਿੰਮ ਸ਼ੁਰੂ ਹੋ ਗਈ ਸੀ। ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਸੋਸ਼ਲ ਮੀਡੀਆ ਉੱਤੇ ਇੱਕ ਦਸਤਾਰਧਾਰੀ ਸਿੱਖ ਦੀ ਤਸਵੀਰ ਸਾਂਝੀ ਕਰਕੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ, ਜਿਸ ਨੇ ਨਫ਼ਰਤ ਦੀ ਅੱਗ ਨੂੰ ਹੋਰ ਭੜਕਾਇਆ ਸੀ। ਇਸ ਘਟਨਾ ਦੇ ਕੁਝ ਹੀ ਦਿਨਾਂ ਬਾਅਦ ਵਾਇਓਮਿੰਗ ਵਿੱਚ ਇੱਕ ਟਰੱਕ ਸਟਾਪ 'ਤੇ ਗੁਰਵਿੰਦਰ ਸਿੰਘ ਨਾਮੀ ਸਿੱਖ ਡਰਾਈਵਰ ਉੱਤੇ 17 ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਅਜਿਹੀਆਂ ਖ਼ੌਫ਼ਨਾਕ ਵਾਰਦਾਤਾਂ ਨੇ ਅਮਰੀਕਾ ਭਰ ਦੇ ਸਿੱਖਾਂ ਦੇ ਮਨਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਭਰ ਦਿੱਤੀ ਹੈ।

ਮੈਡਫੋਰਡ ਗੁਰਦੁਆਰੇ ਨਾਲ ਜੁੜੀ ਇੱਕ ਸਥਾਨਕ ਨਰਸ, ਜੋ ਆਪਣੀ ਪਛਾਣ 'ਨਿੱਕੀ' ਵਜੋਂ ਦੱਸਦੀ ਹੈ, ਨੇ ਕੰਮ ਦੇ ਸਥਾਨ ਉੱਤੇ ਹੋਣ ਵਾਲੇ ਵਿਤਕਰੇ ਦੇ ਡਰੋਂ ਆਪਣਾ ਅਸਲ ਨਾਂ ਗੁਪਤ ਰੱਖਿਆ ਹੋਇਆ ਹੈ। ਉਸ ਨੇ ਦੱਸਿਆ ਕਿ ਉਹ 21 ਸਾਲ ਪਹਿਲਾਂ ਇਸ ਉਮੀਦ ਨਾਲ ਭਾਰਤ ਤੋਂ ਅਮਰੀਕਾ ਆਈ ਸੀ ਕਿ ਇਹ ਇੱਕ ਬਰਾਬਰੀ, ਇਨਸਾਫ਼ ਅਤੇ ਅਧਿਕਾਰਾਂ ਵਾਲਾ ਦੇਸ਼ ਹੈ। ਪਰ ਪਿਛਲੇ ਕੁਝ ਸਮੇਂ ਦੌਰਾਨ ਲੋਕਾਂ ਦੇ ਨਜ਼ਰੀਏ ਵਿੱਚ ਵੱਡੀ ਤਬਦੀਲੀ ਆਈ ਹੈ। ਜਦੋਂ ਉਸ ਨੇ ਆਪਣੀ ਧਾਰਮਿਕ ਆਸਥਾ ਨੂੰ ਪੂਰੀ ਤਰ੍ਹਾਂ ਅਪਣਾਉਂਦਿਆਂ ਜਨਤਕ ਥਾਵਾਂ ਉੱਤੇ ਸਿੱਖ ਔਰਤਾਂ ਵਾਲੀ ਦਸਤਾਰ ਸਜਾਉਣੀ ਸ਼ੁਰੂ ਕੀਤੀ, ਤਾਂ ਹਸਪਤਾਲ ਵਿੱਚ ਉਸ ਦੇ ਸਾਥੀਆਂ ਅਤੇ ਮਰੀਜ਼ਾਂ ਦੇ ਦੇਖਣ ਦਾ ਢੰਗ ਬਦਲ ਗਿਆ ਸੀ। ਨਿੱਕੀ ਦਾ ਕਹਿਣਾ ਹੈ ਕਿ ਲੋਕਾਂ ਦੀਆਂ ਨਜ਼ਰਾਂ ਵਿੱਚ ਸਾਫ਼ ਮਹਿਸੂਸ ਹੁੰਦਾ ਹੈ ਕਿ ਉਹ ਤੁਹਾਨੂੰ ਸਵੀਕਾਰ ਕਰ ਰਹੇ ਹਨ ਜਾਂ ਸ਼ੱਕੀ ਨਜ਼ਰ ਨਾਲ ਦੇਖ ਰਹੇ ਹਨ।

ਭਾਵੇਂ ਮੈਸਾਚੂਸਟਸ ਨੂੰ ਹੋਰਨਾਂ ਸੂਬਿਆਂ ਦੇ ਮੁਕਾਬਲੇ ਕਾਫ਼ੀ ਸਹਿਣਸ਼ੀਲ ਮੰਨਿਆ ਜਾਂਦਾ ਹੈ, ਪਰ ਸਮਾਜ ਵਿੱਚ ਰਲਣ-ਮਿਲਣ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਕਈ ਸਿੱਖ ਅਮਰੀਕਾ ਪਹੁੰਚਦਿਆਂ ਹੀ ਆਪਣੇ ਕੇਸ ਕਟਵਾ ਲੈਂਦੇ ਹਨ। ਐਵਰੇਟ ਸ਼ਹਿਰ ਦੀ ਬਲਵਿੰਦਰ ਕੌਰ ਇਸ ਦਰਦ ਨੂੰ ਬਾਖ਼ੂਬੀ ਸਮਝਦੀ ਹੈ। ਉਸ ਦੇ ਮਰਹੂਮ ਪਿਤਾ ਅਤੇ ਉਸ ਦੇ ਪਤੀ ਨੇ ਵੀ ਅਮਰੀਕਾ ਆ ਕੇ ਦਸਤਾਰ ਲਾਹ ਦਿੱਤੀ ਸੀ। ਬਲਵਿੰਦਰ ਅਨੁਸਾਰ ਉਸ ਦੇ ਪਤੀ 9/11 ਦੇ ਹਮਲਿਆਂ ਤੋਂ ਇੱਕ ਸਾਲ ਬਾਅਦ ਇੱਥੇ ਪਹੁੰਚੇ ਸਨ, ਜਦੋਂ ਅਮਰੀਕਾ ਵਿੱਚ ਦਸਤਾਰਧਾਰੀ ਸਿੱਖਾਂ ਨੂੰ ਗ਼ਲਤਫ਼ਹਿਮੀ ਵਿੱਚ ਮੁਸਲਿਮ ਸਮਝ ਕੇ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ।

(ਬਾਕੀ ਸਫ਼ਾ 27 'ਤੇ)

# ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ, ਕੈਲੀਫ਼ੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ











ਮਿਲਪੀਟਸ/ਕੈਲੀਫ਼ੋਰਨੀਆ/ਏ.ਟੀ. ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਹਫ਼ਤਾਵਾਰੀ ਸਜੇ ਵਿਸ਼ੇਸ਼ ਦੀਵਾਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਮੰਚ ਸੰਚਾਲਨ ਪ੍ਰਵਾਨਾ ਵੱਲੋਂ ਸੰਭਾਲਦਿਆਂ ਗੁਰ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ ਕਿਸੇ ਰਾਜ ਜਾਂ ਜ਼ਮੀਨ ਲਈ ਨਹੀਂ, ਸਗੋਂ ਧਰਮ, ਅਣਖ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸੀ। ਗੁਰੂ ਸਾਹਿਬ ਨੇ ਜ਼ੁਲਮ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਕਈ ਇਤਿਹਾਸਕ ਜੰਗਾਂ ਲੜੀਆਂ। ਖਿਦਰਾਣਾ ਦੀ ਜੰਗ (ਮੁਕਤਸਰ) ਉਹਨਾਂ ਦੀ ਆਖਰੀ ਵੱਡੀ ਜੰਗ ਸੀ। ਜਿੱਥੇ 40 ਸਿੰਘ (ਚਾਲੀ ਮੁਕਤੇ) ਨੇ ਸ਼ਹਾਦਤ ਪਾ ਕੇ ਗੁਰੂ ਸਾਹਿਬ ਨਾਲ ਟੁੱਟੀ ਗੰਢੀ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ( ਜਿੱਤ ਦੀ ਚਿੱਠੀ) ਲਿਖਿਆ, ਜੋ ਨੈਤਿਕ ਜਿੱਤ ਦਾ ਪ੍ਰਤੀਕ ਸੀ। ਅੰਤ ਵਿੱਚ 1708 ਵਿੱਚ ਨੰਦੇੜ ਵਿਖੇ ਗੁਰੂ ਸਾਹਿਬ ਜੀ ਨੇ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਖਤਮ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਮੇਸ਼ਾ ਸਿੱਖਾਂ ਦੇ 'ਪ੍ਰਗਟ ਗੁਰੂ' ਥਾਪਿਆ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਜਸਦੀਪ ਸਿੰਘ ਫਰੀਮੋਂਟ, ਬੀਬੀ ਬਲਵਿੰਦਰ ਕੌਰ ਹੰਸਰਾ, ਤਰਸੇਮ ਸਿੰਘ ਸੁਮਨ, ਤਰਲੋਚਨ ਸਿੰਘ ਦੁਪਾਲਪੁਰੀ, ਬਲਜਿੰਦਰ ਸਿੰਘ, ਰਣਜੀਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰੂ ਸਾਹਿਬ ਜੀ ਦੀ ਰਣਨੀਤੀ ਅਤੇ ਸਿੰਘਾਂ ਦੀਆਂ ਬਹਾਦਰੀ ਦੀਆਂ ਬੀਰ ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਸੁਚੇਤ ਕੀਤਾ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਅਸੀਂ ਅਕਸਰ ਇਸ ਗੁਰਦੁਆਰਾ ਸਾਹਿਬ ਵਿੱਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਾਂ। ਸੁਹਿਰਦ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਦਾ ਸੁਨੇਹਾ ਅਖ਼ਬਾਰਾਂ ਰਾਹੀਂ ਘਰ ਪਹੁੰਚਾਇਆ ਜਾਂਦਾ ਹੈ। ਸਿੱਖ ਇਤਿਹਾਸ ਦੇ ਮਾਣਮੱਤੇ ਵਿਰਸੇ ਨੂੰ ਗੁਰਮਤਿ ਆਸ਼ੇ ਅਨੁਸਾਰ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਪ੍ਰਵਾਨਾ ਵੱਲੋਂ ਪ੍ਰੋਗਰਾਮ ਦੇ ਸਾਰ ਅੰਸ਼ ਵਜੋਂ ਕਾਜ਼ੀ ਨੂਰ ਮੁਹੰਮਦ ਦੇ ਵਿਚਾਰ ਸਾਂਝੇ ਕੀਤੇ ਗਏ ਕਿ ਪਾਣੀ ਨੂੰ ਅੱਗ ਨਹੀਂ ਲੱਗ ਸਕਦੀ। ਇਹ ਕੁਦਰਤ ਦਾ ਸਿੱਧਾਂਤ ਹੈ। ਇਹ ਨਾ ਮੁਮਕਿਨ ਹੈ। ਕਾਜ਼ੀ ਨੂਰ ਮੁਹੰਮਦ ਨੇ ਜਦੋਂ ਖ਼ਾਲਸੇ ਦੀ ਸੂਰਬੀਰਤਾ ਦੇ ਜੌਹਰ ਵੇਖੇ ਤਾਂ ਕਹਿ ਉੱਠਿਆ ਕਿ ਸੰਸਾਰ ਦੇ ਲੋਕੋ, ਮੈਂ ਜੰਗੇ ਮੈਦਾਨ ਅੱਖੀਂ ਡਿੱਠਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਕੇ ਰੱਖ ਦਿੱਤੀ। ਆਪਣੇ ਅਜੀਬ ਜੰਗੀ ਪੈਂਤੜਿਆਂ ਨਾਲ ਜਦੋਂ ਖ਼ਾਲਸਾ ਦੁਸ਼ਮਣ ਨੂੰ ਘੇਰ ਲੈਂਦਾ ਅਤੇ ਫਿਰ ਘਿਰੇ ਹੋਏ ਦੁਸ਼ਮਣ 'ਤੇ ਏਨੀ ਦਲੇਰੀ ਅਤੇ ਤਾਕਤ ਨਾਲ ਵਾਰ ਕਰਦਾ ਹੈ ਕਿ ਦੁਸ਼ਮਣ ਦਾ ਸਫਾਇਆ ਕਰ ਕੇ ਰੱਖ ਦਿੰਦਾ ਹੈ। ਹਮਲਾ ਏਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਜੇ ਉਸ ਦੇ ਪਾਣੀ ਵੀ ਸਾਹਮਣੇ ਆ ਜਾਵੇ ਤਾਂ ਉਸ ਨੂੰ ਵੀ ਅੱਗ ਲਗਾ ਕੇ ਰੱਖ ਦਿੰਦਾ ਹੈ। ਗੈਰ ਮੁਮਕਿਨ ਨੂੰ ਮੁਮਕਿਨ ਬਣਾ ਕੇ ਰੱਖ ਦਿੰਦਾ ਹੈ। ਯਾਦਗਾਰੀ ਤਸਵੀਰਾਂ ਨਾਲ ਇਹ ਸਮਾਗਮ ਸੰਪੰਨ ਹੋਇਆ।

# ਬੱਚਿਆਂ ਨੂੰ ਬਚਪਨ ਤੋਂ ਹੀ ਗੁਰੂ ਸਾਹਿਬ ਅਤੇ ਸਿੱਖੀ ਨਾਲ ਜੋੜੀਏ : ਜਥੇ. ਗੜਗੱਜ



ਓਸਲੋ (ਨਾਰਵੇ)/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਾਰਵੇ ਦੇ ਓਸਲੋ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ 'ਚ ਸ਼ਮੂਲੀਅਤ ਕੀਤੀ ਅਤੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਬਾਬਾ ਬੁੱਢਾ ਜੀ ਦੇ ਜੀਵਨ ਇਤਿਹਾਸ ਦੇ ਨਾਲ-ਨਾਲ ਸਿੱਖੀ ਸਿਧਾਂਤਾਂ, ਪੰਥ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸੰਗਤ ਨੂੰ ਸਿੱਖੀ ਨਾਲ ਜੁੜਨ ਦੀ ਪ੍ਰੇਰਣਾ ਕੀਤੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਛੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਕੀਤੀ ਅਤੇ ਗੁਰੂ ਘਰ ਦੀ ਪੂਰਨ ਸ਼ਰਧਾ ਨਾਲ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਬਾਬਾ ਬੁੱਢਾ ਜੀ ਬ੍ਰਹਮ-ਗਿਆਨੀ ਸਨ ਅਤੇ ਉਨ੍ਹਾਂ ਛੇਵੇਂ ਪਾਤਸ਼ਾਹ ਜੀ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਵੀ ਧਾਰਨ ਕਰਵਾਈਆਂ। ਬਾਬਾ ਬੁੱਢਾ ਜੀ ਨੇ ਹੀ ਛੇਵੇਂ ਪਾਤਸ਼ਾਹ ਜੀ ਨੂੰ ਸ਼ਸਤਰ ਵਿਦਿਆ ਸਿਖਾਈ, ਭਾਵ ਉਹ ਸੰਤ ਦੇ ਨਾਲ-ਨਾਲ ਸਿਪਾਹੀ ਵੀ ਸਨ। ਉਨ੍ਹਾਂ ਕਿਹਾ ਕਿ ਅੱਜ ਵੀ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਗੁਰੂ ਸਾਹਿਬ ਅਤੇ ਸਿੱਖੀ ਨਾਲ ਜੋੜੀਏ, ਬੱਚਿਆਂ ਦੇ ਕੇਸ ਸਾਬਤ ਰੱਖੀਏ।

**ਦਰਪਣ ਝੂਠ ਨਹੀਂ ਬੋਲਦਾ**

# ਝੋਟਾ ਕਤਲ ਕਾਂਡ: ਮਾਨਸਾ ਵਿੱਚ, ਦਿੱਲੀ ਅੰਦੋਲਨ ਵਰਗਾ ਮੰਜ਼ਰ

## ਨਸ਼ਾ ਵਿਰੋਧੀ ਮੋਰਚਾ 'ਆਪ' ਸਰਕਾਰ ਲਈ ਬਣਿਆ ਸਿਆਸੀ ਚੁਣੌਤੀ ➢ ਪੰਜਾਬ ਵਿੱਚ 'ਆਪ' ਵਿਰੁੱਧ ਲੋਕ ਰੋਹ ਤੇਜ਼, ਫੂਕੇ ਗਏ ਝਾੜੂ

### ਚੋਣ ਮਸ਼ੀਨਰੀ ਅਤੇ ਬੂਥ ਪ੍ਰਬੰਧ: ਅਮਿਤ ਸ਼ਾਹ ਦੀ ਸਿਆਸੀ ਵਿਉਂਤਬੰਦੀ ਦਾ ਅਸਲ ਆਧਾਰ ਕੀ ਹੈ ?

ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਪੰਜਾਬ ਦੀ ਸਿਆਸਤ ਅਤੇ ਸਮਾਜਿਕ ਮਾਹੌਲ ਵਿੱਚ ਭਾਰੀ ਉਥਲ-ਪੁਥਲ ਮਚੀ ਹੋਈ ਹੈ। ਕੇਂਦਰੀ ਜਾਂਚ ਬਿਊਰੋ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲਏ ਜਾਣ ਤੋਂ ਬਾਅਦ ਜਾਂਚ ਦਾ ਘੇਰਾ ਲਗਾਤਾਰ ਫੈਲ ਰਿਹਾ ਹੈ। ਦੂਜੇ ਪਾਸੇ ਬਰਨਾਲਾ-ਸਿਰਸਾ ਕੌਮੀ ਸ਼ਾਹਰਾਹ 'ਤੇ ਲੱਗਿਆ ਧਰਨਾ ਦਿੱਲੀ ਦੇ ਕਿਸਾਨ ਅੰਦੋਲਨ ਵਾਂਗ ਇੱਕ ਵੱਡੇ ਜਨਤਕ ਮੋਰਚੇ ਦਾ ਰੂਪ ਧਾਰਨ ਕਰ ਗਿਆ ਹੈ। ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਵਿਰੁੱਧ ਲੋਕ ਰੋਹ ਤੇਜ਼ ਹੋ ਗਿਆ ਹੈ। ਇਸ ਨੇ ਸਰਕਾਰ ਦੀਆਂ ਮੁਫ਼ਤ ਸਹੂਲਤਾਂ ਦੀ ਰਾਜਨੀਤੀ ਸਾਹਮਣੇ ਵੀ ਗੰਭੀਰ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ।

ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਤਹਿ ਤੱਕ ਪਹੁੰਚਣ ਲਈ ਸੀ.ਬੀ.ਆਈ. ਨੇ ਤਿੰਨ ਟੀਮਾਂ ਤਾਇਨਾਤ ਕੀਤੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਟੀਮ ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਦੇ ਹਥਿਆਰ ਲਾਇਸੈਂਸ ਸਬੰਧੀ ਪ੍ਰਸ਼ਾਸਨਿਕ ਤੇ ਪੁਲਿਸ ਰਿਕਾਰਡ ਦੀ ਜਾਂਚ ਕਰ ਰਹੀ ਹੈ ਤਾਂ ਜੋ ਲਾਪਰਵਾਹ ਤੇ ਭ੍ਰਿਸ਼ਟ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਦੂਜੀ ਟੀਮ ਮੁਲਜ਼ਮਾਂ ਅਤੇ ਉਹਨਾਂ ਦੇ ਸੰਪਰਕ ਵਿੱਚ ਰਹੇ ਵਿਅਕਤੀਆਂ ਦੇ ਟਿਕਾਣਿਆਂ ਦੀ ਤਲਾਸ਼ੀ ਲੈ ਰਹੀ ਹੈ, ਜਦਕਿ ਤੀਜੀ ਟੀਮ ਝੋਟੇ ਨੂੰ ਸੁਪਾਰੀ ਦੇ ਕੇ ਕਤਲ ਕਰਵਾਉਣ ਦੇ ਦੋਸ਼ਾਂ ਦੇ ਮੱਦੇਨਜ਼ਰ ਸਥਾਨਕ ਨਸ਼ਾ ਮਾਫ਼ੀਆ ਅਤੇ ਪ੍ਰਸ਼ਾਸਨਿਕ ਮਿਲੀਭੁਗਤ ਦੇ ਗੱਠਜੋੜ ਦੀ ਜਾਂਚ ਵਿੱਚ ਜੁਟੀ ਹੋਈ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਵਿਰੁੱਧ ਲੋਕਾਂ ਦੇ ਗੁੱਸੇ ਦਾ ਸਭ ਤੋਂ ਵੱਡਾ ਕਾਰਨ ਉਹ ਵਾਅਦੇ ਹਨ, ਜੋ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਸਨ। ਸਰਕਾਰ ਬਣਨ ਤੋਂ ਬਾਅਦ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਚਿੱਟੇ ਅਤੇ ਮੈਡੀਕਲ ਨਸ਼ਿਆਂ ਦੀ ਵਿਕਰੀ ਨਾ ਰੁਕਣ ਕਾਰਨ ਲੋਕਾਂ ਵਿੱਚ ਨਿਰਾਸ਼ਾ ਪੈਦਾ ਹੋ ਰਹੀ ਸੀ।



ਪਰਵਿੰਦਰ ਸਿੰਘ ਝੋਟਾ ਦੇ ਕਤਲ ਨੇ ਨਸ਼ਿਆਂ ਵਿਰੁੱਧ ਲੋਕਾਂ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ ਹੈ, ਜਿਸ ਕਾਰਨ ਮਾਨਸਾ ਵਿਖੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ 'ਝਾੜੂ' ਫੂਕੇ ਗਏ। ਝੋਟਾ ਦੇ ਪਿਤਾ ਭੀਮ ਸਿੰਘ ਅਤੇ ਸਮਾਜਿਕ ਕਾਰਕੁਨਾਂ ਦਾ ਕਹਿਣਾ ਹੈ ਕਿ ਨੌਜਵਾਨ ਇੱਕ ਪਾਸੇ ਓਵਰਡੋਜ਼ ਨਾਲ ਮਰ ਰਹੇ ਹਨ ਅਤੇ ਦੂਜੇ ਪਾਸੇ ਨਸ਼ਾ ਵਿਰੋਧੀ ਆਵਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਇਹ ਗੁੱਸਾ ਹੁਣ ਸਿੱਧਾ ਸੱਤਾਧਾਰੀ ਧਿਰ ਵੱਲ ਸੇਧਿਤ ਹੋ ਚੁੱਕਾ ਹੈ।

ਇਸ ਘਟਨਾ ਨੇ ਸੂਬੇ ਦੇ ਸਮਾਜਿਕ, ਪੰਥਕ ਅਤੇ ਕਿਸਾਨੀ ਹਲਕਿਆਂ ਨੂੰ ਇੱਕ ਮੰਚ 'ਤੇ ਲਿਆ ਖੜ੍ਹਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਿੱਖ ਸੰਗਤ ਨੂੰ 28 ਅਕਤੂਬਰ ਨੂੰ ਦੇਸ਼-ਵਿਦੇਸ਼ ਦੇ ਗੁਰਦੁਆਰਾ ਸਾਹਿਬਾਨ ਵਿੱਚ ਪਰਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਅਤੇ ਪੰਜਾਬ ਦੀ ਜਵਾਨੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਦਾ ਸੱਦਾ ਦਿੱਤਾ ਹੈ। ਜਥੇਦਾਰ ਨੇ ਨਸ਼ਾ ਤਸਕਰਾਂ ਦਾ ਸਮਾਜਿਕ ਬਾਈਕਾਟ ਕਰਨ ਦੀ ਅਪੀਲ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਮੈਡੀਕਲ ਤੇ ਸਿੰਥੈਟਿਕ ਨਸ਼ਿਆਂ ਦਾ ਨੈੱਟਵਰਕ ਨਾ ਤੋੜਿਆ ਗਿਆ ਤਾਂ ਪੰਜਾਬ ਦੀ ਨੌਜਵਾਨੀ ਦਾ ਭਵਿੱਖ ਘੁਣ ਵਾਂਗ ਖ਼ਤਮ ਹੋ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਨਸਾ ਪਹੁੰਚ ਕੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਨਸਾਫ਼ ਲਈ ਬਣੀ ਐਕਸ਼ਨ ਕਮੇਟੀ ਦਾ ਸਾਥ ਦੇਣ ਦਾ ਐਲਾਨ ਕੀਤਾ। 13 ਦਿਨ ਬੀਤ ਜਾਣ ਦੇ ਬਾਵਜੂਦ ਸਸਕਾਰ ਨਾ ਹੋਣ ਕਾਰਨ ਮਾਨਸਾ ਵਿੱਚ ਬਰਨਾਲਾ-ਸਿਰਸਾ ਨੈਸ਼ਨਲ ਹਾਈਵੇ 'ਤੇ ਲੱਗਿਆ ਧਰਨਾ ਮਘਦਾ ਜਾ ਰਿਹਾ ਹੈ। ਬਲਬੀਰ ਸਿੰਘ ਰਾਜੇਵਾਲ ਸਮੇਤ ਪ੍ਰਮੁੱਖ ਕਿਸਾਨ ਆਗੂ, ਵਿਦਿਆਰਥੀ ਜਥੇਬੰਦੀਆਂ, ਮੁਲਾਜ਼ਮ ਅਤੇ ਲੇਖਕ ਵੱਡੀ ਗਿਣਤੀ ਵਿੱਚ ਟਰੈਕਟਰ-ਟਰਾਲੀਆਂ ਲੈ ਕੇ ਪਹੁੰਚ ਰਹੇ ਹਨ। ਟਰਾਲੀਆਂ 'ਤੇ ਤਰਪਾਲਾਂ ਅਤੇ ਝੋਟੇ ਦੀਆਂ ਤਸਵੀਰਾਂ ਵਾਲੇ ਬੈਨਰ ਲੱਗੇ ਹੋਏ ਹਨ, ਜਿਸ ਨਾਲ ਮਾਹੌਲ ਦਿੱਲੀ ਮੋਰਚੇ ਦੀ ਯਾਦ ਤਾਜ਼ਾ ਕਰਵਾ ਰਿਹਾ ਹੈ।

# ਗੁਜਰਾਤ ਦੀਆਂ ਸੀਖਾਂ ਪਿੱਛੋਂ ਕਿਵੇਂ ਚੱਲ ਰਿਹਾ ਬਿਸ਼ਨੋਈ ਦਾ ਅੰਤਰਰਾਸ਼ਟਰੀ ਕ੍ਰਾਈਮ ਸਿੰਡੀਕੇਟ ?

## ➢ ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਦੇ ਨਿਸ਼ਾਨੇ 'ਤੇ ਬਿਸ਼ਨੋਈ ਗੈਂਗ ➢ ਸਾਬਰਮਤੀ ਦੀ ਕਾਲ-ਕੋਠੜੀ ਬਣੀ ਅਪਰਾਧ ਦਾ ਗੜ੍ਹ

### ਸਲਮਾਨ ਖ਼ਾਨ ਤੋਂ ਬਾਬਾ ਸਿੱਦੀਕੀ ਤੱਕ: ਅੰਡਰਵਰਲਡ ਦੇ ਨਿਸ਼ਾਨੇ 'ਤੇ ਮੁੰਬਈ ਦੀਆਂ ਵੱਡੀਆਂ ਹਸਤੀਆਂ

ਅਹਿਮਦਾਬਾਦ ਦੀ ਸਾਬਰਮਤੀ ਸੈਂਟਰਲ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਪੂਰੇ ਦੇਸ਼ ਦੇ ਕਾਨੂੰਨੀ ਅਤੇ ਸੁਰੱਖਿਆ ਪ੍ਰਬੰਧਾਂ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਉਹ ਉੱਚ ਸੁਰੱਖਿਆ ਵਾਲੀ ਕਾਲ-ਕੋਠੜੀ ਵਿੱਚ ਕੈਦ ਹੈ, ਪਰ ਇਸ ਦੇ ਬਾਵਜੂਦ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਵਿੱਚ ਗੋਲੀਆਂ ਚੱਲਣ ਅਤੇ ਫਿਰੌਤੀ ਵਸੂਲਣ ਦਾ ਸਿਲਸਿਲਾ ਬਿਸ਼ਨੋਈ ਦੇ ਨਾਮ ਉਪਰ ਲਗਾਤਾਰ ਜਾਰੀ ਹੈ। ਸੁਪਰਸਟਾਰ ਸਲਮਾਨ ਖ਼ਾਨ ਦੇ ਘਰ ਬਾਹਰ ਹੋਈ ਫਾਇਰਿੰਗ ਤੋਂ ਲੈ ਕੇ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਸ਼ਰੇਆਮ ਕਤਲ ਤੱਕ, ਹਰ ਵੱਡੀ ਵਾਰਦਾਤ ਦੇ ਤਾਰ ਇਸੇ ਜੇਲ੍ਹ ਦੀ ਕੋਠੜੀ ਨਾਲ ਜੁੜ ਰਹੇ ਹਨ। ਜੇਲ੍ਹ ਦੀਆਂ ਉੱਚੀਆਂ ਕੰਧਾਂ ਪਿੱਛੋਂ ਅਜਿਹਾ ਦਹਿਸ਼ਤੀ ਸਾਮਰਾਜ ਚੱਲਣਾ ਭਾਰਤੀ ਨਿਆਂ ਅਤੇ ਜੇਲ੍ਹ ਪ੍ਰਸ਼ਾਸਨ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਜਾਂਚ ਏਜੰਸੀਆਂ ਮੁਤਾਬਕ ਇਹ ਸਿੰਡੀਕੇਟ ਪੁਰਾਣੇ ਰਵਾਇਤੀ ਗੈਂਗਾਂ ਵਾਂਗ ਨਹੀਂ, ਸਗੋਂ ਕਾਰਪੋਰੇਟ ਕੰਪਨੀ ਵਾਂਗ ਕੰਮ ਕਰਦਾ ਹੈ। ਜੇਲ੍ਹ ਦੇ ਅੰਦਰੋਂ ਐਨਕ੍ਰਿਪਟਡ ਮੈਸੇਜਿੰਗ ਐਪਸ ਜਿਵੇਂ ਕਿ ਸਿਗਨਲ, ਟੈਲੀਗ੍ਰਾਮ ਅਤੇ ਵਰਚੁਅਲ ਪ੍ਰਾਈਵੇਟ ਨੈੱਟਵਰਕ ਰਾਹੀਂ ਹਦਾਇਤਾਂ ਬਾਹਰ ਭੇਜੀਆਂ ਜਾਂਦੀਆਂ ਹਨ। ਗੈਂਗ ਦੇ ਸਿਖ਼ਰਲੇ ਆਗੂ ਕਦੇ ਵੀ ਜ਼ਮੀਨੀ ਸ਼ੂਟਰਾਂ ਨਾਲ ਸਿੱਧਾ ਸੰਪਰਕ ਨਹੀਂ ਕਰਦੇ, ਸਗੋਂ ਕੋਡ ਵਰਡ ਵਾਲੇ ਵੌਇਸ ਨੋਟ ਭੇਜਦੇ ਹਨ। ਇਸ ਨੈੱਟਵਰਕ ਨੂੰ ਚਲਾਉਣ ਲਈ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਰਾਹੀਂ ਭਰਤੀ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਛੋਟੀ ਰਕਮ, ਨਕਲੀ ਸ਼ੁਹਰਤ ਅਤੇ ਹਥਿਆਰਾਂ ਦਾ ਲਾਲਚ ਦੇ ਕੇ ਵਰਤਿਆ ਜਾਂਦਾ ਹੈ, ਜਿਸ ਕਾਰਨ ਸ਼ੂਟਰਾਂ ਦੇ ਫੜੇ ਜਾਣ ਜਾਂ ਮਾਰੇ ਜਾਣ 'ਤੇ ਵੀ ਮੁੱਖ ਨੈੱਟਵਰਕ ਸੁਰੱਖਿਅਤ ਰਹਿੰਦਾ ਹੈ।



ਇਸ ਪੂਰੇ ਘਟਨਾਕ੍ਰਮ ਵਿੱਚ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਦੀ ਭੂਮਿਕਾ 'ਤੇ ਵੀ ਸਵਾਲ ਉੱਠ ਰਹੇ ਹਨ। ਲਾਰੈਂਸ ਬਿਸ਼ਨੋਈ ਉੱਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੀਆਰਪੀਸੀ ਦੀ ਧਾਰਾ 268 ਲਗਾਈ ਗਈ ਹੈ। ਇਸ ਕਾਰਨ ਉਸ ਨੂੰ ਗੁਜਰਾਤ ਦੀ ਜੇਲ੍ਹ ਤੋਂ ਬਾਹਰ ਕਿਸੇ ਹੋਰ ਸੂਬੇ ਦੀ ਪੁਲਿਸ ਹਿਰਾਸਤ ਵਿੱਚ ਨਹੀਂ ਭੇਜਿਆ ਜਾ ਸਕਦਾ। ਮਹਾਰਾਸ਼ਟਰ ਅਤੇ ਪੰਜਾਬ ਪੁਲਿਸ ਦੇ ਕਈ ਜਾਂਚ ਅਧਿਕਾਰੀ ਨਿੱਜੀ ਗੱਲਬਾਤ ਵਿੱਚ ਮੰਨਦੇ ਹਨ ਕਿ ਉਨ੍ਹਾਂ ਨੂੰ ਮੁੱਖ ਸਾਜ਼ਿਸ਼ਘਾੜੇ ਤੋਂ ਆਹਮੋ-ਸਾਹਮਣੇ ਪੁੱਛਗਿੱਛ ਕਰਨ ਦੀ ਖੁੱਲ੍ਹ ਨਹੀਂ ਮਿਲ ਰਹੀ। ਜਦੋਂ ਤੱਕ ਮੁੱਖ ਸਰਗਨਾ ਹਿਰਾਸਤੀ ਪੁੱਛਗਿੱਛ ਤੋਂ ਬਾਹਰ ਰਹੇਗਾ, ਉਦੋਂ ਤੱਕ ਇਸ ਗਿਰੋਹ ਦੇ ਅਸਲ ਮਾਸਟਰਮਾਈਂਡ ਅਤੇ ਫੰਡਿੰਗ ਦੇ ਸਰੋਤਾਂ ਦਾ ਪਰਦਾਫਾਸ਼ ਹੋਣਾ ਬੇਹੱਦ ਮੁਸ਼ਕਿਲ ਹੈ।

ਇਹ ਮਾਮਲਾ ਹੁਣ ਭਾਰਤ ਦੀਆਂ ਹੱਦਾਂ ਪਾਰ ਕਰਕੇ ਕੌਮਾਂਤਰੀ ਜਾਂਚ ਅਤੇ ਕੂਟਨੀਤਕ ਵਿਵਾਦ ਦਾ ਰੂਪ ਲੈ ਚੁੱਕਾ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਕਮਿਸ਼ਨਰ ਮਾਈਕਲ ਡੂਹੇਮ ਨੇ ਜਨਤਕ ਤੌਰ 'ਤੇ ਗੰਭੀਰ ਦੋਸ਼ ਲਾਏ ਸਨ ਕਿ ਕੈਨੇਡਾ ਦੀ ਧਰਤੀ 'ਤੇ ਖ਼ਾਲਿਸਤਾਨੀ ਸਿੱਖ ਲੀਡਰਾਂ ਨੂੰ ਨਿਸ਼ਾਨਾ ਬਣਾਉਣ ਲਈ ਇਸ ਗਿਰੋਹ ਦੀ ਵਰਤੋਂ ਕੀਤੀ ਗਈ ਸੀ। ਕੈਨੇਡੀਅਨ ਸੁਰੱਖਿਆ ਵਿਸ਼ਲੇਸ਼ਕ ਸਟੀਵਰਟ ਬੈੱਲ ਅਨੁਸਾਰ ਇਹ ਗਿਰੋਹ ਭਾਰਤ ਤੋਂ ਕੈਨੇਡਾ ਅਤੇ ਅਮਰੀਕਾ ਤੱਕ ਫੈਲਿਆ ਸੰਗਠਿਤ ਅਪਰਾਧ ਸਿੰਡੀਕੇਟ ਬਣ ਚੁੱਕਾ ਹੈ। ਇਸੇ ਤਰ੍ਹਾਂ ਅਮਰੀਕੀ ਜਾਂਚ ਏਜੰਸੀ ਐਫਬੀਆਈ ਅਤੇ ਉੱਥੋਂ ਦੇ ਅਦਾਲਤੀ ਦਸਤਾਵੇਜ਼ਾਂ ਵਿੱਚ ਵੀ ਇਸ ਨੈੱਟਵਰਕ ਦੇ ਅੰਤਰਰਾਸ਼ਟਰੀ ਲਿੰਕਾਂ ਦਾ ਜ਼ਿਕਰ ਆਇਆ ਹੈ। ਅਮਰੀਕੀ ਮਾਹਿਰ ਡਾ. ਸੀ. ਕ੍ਰਿਸਟੀਨ ਫੇਅਰ ਚਿਤਾਵਨੀ ਦਿੰਦੇ ਹਨ ਕਿ ਜਦੋਂ ਰਾਜਕੀ ਪ੍ਰਬੰਧ ਅਪਰਾਧਿਕ ਨੈੱਟਵਰਕਾਂ ਪ੍ਰਤੀ ਢਿੱਲ ਵਰਤਦਾ ਹੈ, ਤਾਂ ਉਹ ਅਪਰਾਧੀ ਖ਼ੁਦ ਸਿਸਟਮ ਤੋਂ ਵੱਡੇ ਹੋ ਜਾਂਦੇ ਹਨ।

## ਆਈ.ਟੀ.ਬੀ.ਪੀ. ਮੁਖੀ ਦੇ ਖ਼ੁਲਾਸੇ ਮਗਰੋਂ ਕੌਮੀ ਸੁਰੱਖਿਆ 'ਤੇ ਚਿੰਤਾ

# ਚੀਨ ਦੀ ਘੁਸਪੈਠ 'ਤੇ ਸਿਆਸੀ ਘਮਸਾਣ: ਮੋਦੀ ਸਰਕਾਰ 'ਤੇ ਉੱਠੇ ਸਵਾਲ

ਭਾਰਤ ਅਤੇ ਚੀਨ ਵਿਚਾਲੇ ਸਰਹੱਦੀ ਖਿੱਚੋਤਾਣ ਇੱਕ ਵਾਰ ਫਿਰ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਲੱਦਾਖ ਤੋਂ ਬਾਅਦ ਹੁਣ ਅਰੁਣਾਚਲ ਪ੍ਰਦੇਸ਼ ਦੀ ਅਸਲ ਕੰਟਰੋਲ ਰੇਖਾ 'ਤੇ ਚੀਨੀ ਫ਼ੌਜ ਦੀਆਂ ਸਰਗਰਮੀਆਂ ਕਾਰਨ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਇੰਡੋ-ਤਿੱਬਤ ਬਾਰਡਰ ਪੁਲਿਸ ਦੇ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਦੇ ਤਾਜ਼ਾ ਖੁਲਾਸੇ ਨੇ ਇਸ ਸੰਕਟ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਅਰੁਣਾਚਲ ਪ੍ਰਦੇਸ਼ ਵਿੱਚ ਕਈ ਥਾਵਾਂ 'ਤੇ ਦੋਵਾਂ ਦੇਸ਼ਾਂ ਦੇ ਸੈਨਿਕਾਂ ਵਿਚਾਲੇ ਆਹਮੋ-ਸਾਹਮਣੇ ਦੀ ਸਥਿਤੀ ਬਣੀ ਹੋਈ ਹੈ। ਇਹ ਘਟਨਾਕ੍ਰਮ ਭਾਰਤ ਅੰਦਰ ਸਿਆਸੀ ਪਾਰਾ ਵੀ ਚੜ੍ਹਾ ਦਿੱਤਾ ਹੈ।

ਅਸਲ ਵਿਵਾਦ ਇਹ ਹੈ ਕਿ ਦੋਵਾਂ ਮੁਲਕਾਂ ਵਿਚਾਲੇ 3,488 ਕਿਲੋਮੀਟਰ ਲੰਮੀ ਸਰਹੱਦ 'ਤੇ ਜ਼ਮੀਨੀ ਹੱਦਬੰਦੀ ਸਪੱਸ਼ਟ ਨਹੀਂ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਅਰੁਣਾਚਲ ਦੇ ਅੱਪਰ ਸੁਬਨਸਿਰੀ ਜ਼ਿਲ੍ਹੇ ਅਧੀਨ ਪੈਂਦੇ ਤਕਸਿੰਗ, ਮਾਜਾ, ਗੇਲਿਮੋ ਅਤੇ ਅਸਫੀਲਾ ਦੇ ਇਲਾਕਿਆਂ ਵਿੱਚ ਚੀਨੀ ਫ਼ੌਜ ਨੇ ਪੱਕੇ ਤੰਬੂ ਲਗਾਏ ਹਨ। ਇਹ ਥਾਵਾਂ ਭਾਰਤ ਵੱਲੋਂ ਮੰਨੀ ਜਾਂਦੀ ਸਰਹੱਦੀ ਰੇਖਾ ਤੋਂ 6 ਤੋਂ 7 ਕਿਲੋਮੀਟਰ ਅੰਦਰ ਦੱਸੀਆਂ ਜਾ ਰਹੀਆਂ ਹਨ। ਜਿਨ੍ਹਾਂ ਖੇਤਰਾਂ ਨੂੰ ਦੋਵੇਂ ਧਿਰਾਂ ਲੰਮੇ ਸਮੇਂ ਤੋਂ ਅਣ-ਐਲਾਨਿਆ 'ਨੋ ਮੈਨਜ਼ ਲੈਂਡ' ਮੰਨਦੀਆਂ ਆਈਆਂ ਸਨ, ਹੁਣ ਚੀਨ ਉੱਥੇ ਭਾਰਤੀ ਜਵਾਨਾਂ ਅਤੇ ਸਥਾਨਕ ਲੋਕਾਂ ਨੂੰ ਦਾਖ਼ਲ ਹੋਣ ਤੋਂ ਰੋਕ ਰਿਹਾ ਹੈ।



ਜ਼ਮੀਨੀ ਕਬਜ਼ੇ ਦੀ ਗੱਲ ਕਰੀਏ ਤਾਂ ਲੱਦਾਖ ਦੇ ਅਕਸਾਈ ਚਿਨ ਖੇਤਰ ਵਿੱਚ ਲਗਭਗ 38,000 ਵਰਗ ਕਿਲੋਮੀਟਰ ਜ਼ਮੀਨ ਚੀਨ ਦੇ ਗ਼ੈਰ-ਕਾਨੂੰਨੀ ਕਬਜ਼ੇ ਹੇਠ ਹੈ। ਦੂਜੇ ਪਾਸੇ ਚੀਨ ਪੂਰੇ ਅਰੁਣਾਚਲ ਪ੍ਰਦੇਸ਼ ਦੇ ਲਗਭਗ 90,000 ਵਰਗ ਕਿਲੋਮੀਟਰ ਇਲਾਕੇ ਨੂੰ ਆਪਣਾ ਹਿੱਸਾ ਦੱਸਦਾ ਹੈ, ਜਿਸ ਨੂੰ ਭਾਰਤ ਮੁੱਢੋਂ ਰੱਦ ਕਰਦਾ ਰਿਹਾ ਹੈ। ਇਸ ਤੋਂ ਇਲਾਵਾ ਲੋਂਗਜੂ ਵਰਗੇ ਪਿੰਡਾਂ 'ਤੇ ਚੀਨ ਨੇ 1959 ਤੋਂ ਕਬਜ਼ਾ ਕੀਤਾ ਹੋਇਆ ਹੈ। ਹੁਣ ਚੀਨ ਸਿਰਫ਼ ਗਸ਼ਤ ਤੱਕ ਸੀਮਤ ਨਹੀਂ ਰਿਹਾ, ਸਗੋਂ ਉਹ ਸਰਹੱਦ ਦੇ ਨਾਲ-ਨਾਲ ਪੱਕੀਆਂ ਸੜਕਾਂ, ਪੁਲ, ਭੂਮੀਗਤ ਬੰਕਰ ਅਤੇ ਮਾਡਲ ਪਿੰਡ ਵਸਾ ਕੇ ਆਪਣੀ ਸਥਾਈ ਪਕੜ ਮਜ਼ਬੂਤ ਕਰ ਰਿਹਾ ਹੈ।

ਇਸ ਸਰਹੱਦੀ ਸੰਕਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਾਰਜਸ਼ੈਲੀ ਅਤੇ ਸਰਕਾਰ ਦੀ ਨੀਤੀ 'ਤੇ ਤਿੱਖੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰਾਂ ਅਤੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਲ 2014 ਤੋਂ ਪਹਿਲਾਂ ਚੀਨ ਨੂੰ 'ਲਾਲ ਅੱਖਾਂ' ਦਿਖਾਉਣ ਦੇ ਦਾਅਵੇ ਕਰਨ ਵਾਲੀ ਲੀਡਰਸ਼ਿਪ ਅੱਜ ਚੀਨ ਦੇ ਮਾਮਲੇ 'ਤੇ ਚੁੱਪ ਕਿਉਂ ਹੈ। ਕਾਂਗਰਸ ਅਤੇ ਹੋਰ ਵਿਰੋਧੀ ਆਗੂਆਂ ਦਾ ਦੋਸ਼ ਹੈ ਕਿ ਸਰਕਾਰ ਸੰਸਦ ਵਿੱਚ ਚੀਨ ਦੇ ਮੁੱਦੇ 'ਤੇ ਚਰਚਾ ਕਰਵਾਉਣ ਤੋਂ ਭੱਜਦੀ ਰਹੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਹਾਕੀ ਦਾ 'ਨਵਾਂ ਯੁੱਗ'

ਪੰਜਾਬ ਦੀ ਪਵਿੱਤਰ ਅਤੇ ਜ਼ਰਖ਼ੇਜ਼ ਧਰਤੀ ਨੇ ਜਿੱਥੇ ਅਨੇਕਾਂ ਦੇਸ਼ ਭਗਤ ਅਤੇ ਬਹਾਦਰ ਸੂਰਮੇ ਪੈਦਾ ਕੀਤੇ ਹਨ, ਉਥੇ ਇਸ ਕਰਮਾਂ ਵਾਲੀ ਧਰਤੀ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਖਿਡਾਰੀਆਂ ਨੂੰ ਵੀ ਜਨਮ ਦਿੱਤਾ ਹੈ ਤੇ ਪੂਰੇ ਮਾਣ ਸਤਿਕਾਰ ਨਾਲ ਉਨ੍ਹਾਂ ਨੂੰ ਪਾਲਿਆ ਅਤੇ ਪਲ਼ੋਸਿਆ ਹੈ। ਇਸ ਸਮੇਂ ਪੰਜਾਬ ਦੀ ਧਰਤੀ ਅੰਤਰਰਾਸ਼ਟਰੀ ਪੱਧਰ 'ਤੇ ਮੁੜ ਚਰਚਾ ਵਿੱਚ ਆਈ ਹੋਈ ਹੈ। ਅੱਜ-ਕੱਲ੍ਹ ਪੰਜਾਬ ਦੀ ਪਵਿੱਤਰ ਅਤੇ ਖੇਡ ਪ੍ਰੇਮੀ ਧਰਤੀ 'ਤੇ 'ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫ਼ੀ' ਕਰਵਾਈ ਜਾ ਰਹੀ ਹੈ, ਜਿਸ ਵਿੱਚ ਭਾਰਤ ਸਮੇਤ ਜਪਾਨ, ਮਲੇਸ਼ੀਆ, ਚੀਨ, ਬੰਗਲਾਦੇਸ਼, ਕੋਰੀਆ ਦੀਆਂ ਹਾਕੀ ਟੀਮਾਂ ਹਿੱਸਾ ਲੈ ਕੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰ ਰਹੀਆਂ ਹਨ। ਇਸ ਚੈਂਪੀਅਨਸ਼ਿਪ ਦੇ ਲੀਗ ਮੈਚ ਜਲੰਧਰ 'ਚ ਬਰਲਟਨ ਪਾਰਕ ਦੇ ਇਤਿਹਾਸਕ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਕਰਵਾਏ ਜਾ ਰਹੇ ਹਨ, ਜਦੋਂ ਕਿ ਸੈਮੀ ਫ਼ਾਈਨਲ ਅਤੇ ਫ਼ਾਈਨਲ ਮੈਚ ਨਵੰਬਰ ਮਹੀਨੇ ਦੀ ਸ਼ੁਰੂਆਤ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਸਟੇਡੀਅਮ ਵਿੱਚ ਕਰਵਾਏ ਜਾਣਗੇ। ਇਸ ਚੈਂਪੀਅਨਸ਼ਿਪ ਲਈ ਜਿਸ ਤਰੀਕੇ ਨਾਲ ਪੰਜਾਬ ਸਰਕਾਰ, ਪ੍ਰਸ਼ਾਸਨ, ਸੀਨੀਅਰ ਹਾਕੀ ਖਿਡਾਰੀਆਂ ਵੱਲੋਂ ਜਿੱਥੇ ਬਹੁਤ ਉਤਸ਼ਾਹ ਦਿਖਾਇਆ ਜਾ ਰਿਹਾ ਹੈ, ਉਥੇ ਖੇਡ ਪ੍ਰੇਮੀ ਅਤੇ ਵੱਡੀ ਗਿਣਤੀ ਪੰਜਾਬੀ ਵੀ ਹਾਕੀ ਦੇ ਅੰਤਰਰਾਸ਼ਟਰੀ ਮੈਚਾਂ ਦਾ ਆਨੰਦ ਲੈ ਰਹੇ ਹਨ। ਹਾਲ ਤਾਂ ਇਹ ਹੈ ਕਿ ਇਸ ਸਮੇਂ ਪੂਰੇ ਪੰਜਾਬ ਵਿੱਚ ਹਰ ਪਾਸੇ ਹਾਕੀ ਦੀ 'ਹਰਿਆਲੀ' ਛਾ ਗਈ ਹੈ।

ਭਾਰਤ ਦੀ ਹਾਕੀ ਨੇ ਬੀਤੇ ਸਮੇਂ ਦੌਰਾਨ ਬਹੁਤ ਉਤਰਾਓ ਚੜ੍ਹਾਓ ਵੇਖੇ ਹਨ। ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਪੂਰੇ ਜਗਤ ਵਿੱਚ ਭਾਰਤ ਦੀ ਹਾਕੀ ਟੀਮ ਦੀ 'ਚੜ੍ਹਤ' ਅਤੇ 'ਸਰਦਾਰੀ' ਹੁੰਦੀ ਸੀ। ਵੱਖ- ਵੱਖ ਮੇਲਿਆਂ ਵਿੱਚ ਕਵੀਸ਼ਰ ਅਤੇ ਢਾਡੀ ਹਾਕੀ ਖਿਡਾਰੀਆਂ ਦੀਆਂ ਕਵਿਤਾਵਾਂ ਅਤੇ ਵਾਰਾਂ ਗਾਇਆ ਕਰਦੇ ਸਨ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੂਰੇ ਵਿਸ਼ਵ ਨੂੰ ਭਾਰਤ ਨੇ ਹੀ ਹਾਕੀ ਦੀ ਖੇਡ ਸਿਖਾਈ ਹੈ। ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ । ਇਹ ਮਾਣ ਸਿਰਫ਼ ਭਾਰਤੀ ਹਾਕੀ ਟੀਮ ਨੂੰ ਹੀ ਜਾਂਦਾ ਹੈ ਕਿ ਭਾਰਤ ਨੇ ਉਲੰਪਿਕ ਖੇਡਾਂ ਵਿੱਚ ਹੁਣ ਤੱਕ ਸਭ ਤੋਂ ਜਿਆਦਾ ਮੈਡਲ ( 8 ਸੋਨੇ ਦੇ, 1 ਚਾਂਦੀ ਦਾ ਅਤੇ ਦੋ ਕਾਂਸੇ ਦੇ) ਹਾਕੀ ਵਿੱਚ ਹੀ ਜਿੱਤੇ। ਉਲੰਪਿਕ ਖੇਡਾਂ ਤੋਂ ਇਲਾਵਾ ਭਾਰਤੀ ਹਾਕੀ ਟੀਮ ਨੇ 1966 ਵਿੱਚ ਏਸ਼ੀਆਈ ਖੇਡਾਂ ਵਿੱਚ ਸੋਨੇ ਦਾ ਤਗਮਾ ਜਿੱਤਿਆ ਅਤੇ ਆਪਣੀ ਜੇਤੂ ਮੁਹਿੰਮ ਜਾਰੀ ਰੱਖੀ। ਇਸ ਤੋਂ ਇਲਾਵਾ 1975 ਵਿੱਚ ਭਾਰਤੀ ਹਾਕੀ ਟੀਮ ਨੇ ਵਿਸ਼ਵ ਹਾਕੀ ਕੱਪ ਜਿੱਤਿਆ ਅਤੇ ਹਰ ਪਾਸੇ ਹੀ ਆਪਣੀ ਬੱਲੇ ਬੱਲੇ ਕਰਵਾਈ। ਇਹ ਵੀ ਇੱਕ ਹਕੀਕਤ ਹੈ ਕਿ ਉਲੰਪਿਕ ਖੇਡਾਂ ਵਿੱਚ ਸੁਨਹਿਰੀ ਇਤਿਹਾਸ ਰਚਣ ਵਾਲੀ ਭਾਰਤੀ ਹਾਕੀ ਟੀਮ 1980 ਦੀਆਂ ਮਾਸਕੋ ਉਲੰਪਿਕ ਖੇਡਾਂ ਵਿੱਚ ਸੋਨੇ ਦਾ ਤਗਮਾ ਜਿੱਤਣ ਤੋਂ ਬਾਅਦ ਪੂਰੇ 'ਚਾਰ ਦਹਾਕਿਆਂ' ਦੌਰਾਨ ਉਲੰਪਿਕ ਖੇਡਾਂ ਵਿੱਚ ਕੋਈ ਤਗਮਾ ਨਹੀਂ ਜਿੱਤ ਸਕੀ ਸੀ ਅਤੇ ਭਾਰਤੀ ਹਾਕੀ ਡੁੱਬਣ ਕਿਨਾਰੇ ਪਹੁੰਚ ਗਈ ਸੀ। ਉਸ ਸਮੇਂ ਭਾਰਤੀ ਹਾਕੀ ਟੀਮ ਦੇ ਨਾਲ -ਨਾਲ ਟੀਮ ਦੀ ਚੋਣ 'ਤੇ ਵੀ ਸਵਾਲ ਉੱਠਣੇ ਸ਼ੁਰੂ ਹੋ ਗਏ ਸਨ ਪਰ ਪਿਛਲੀਆਂ ਦੋ ਉਲੰਪਿਕ ਖੇਡਾਂ ਦੌਰਾਨ ਭਾਰਤੀ ਹਾਕੀ ਟੀਮ ਲਗਾਤਾਰ ਦੋ ਵਾਰ ਕਾਂਸੀ ਦਾ ਤਗਮਾ ਜਿੱਤਣ ਵਿੱਚ ਕਾਮਯਾਬ ਰਹੀ ਸੀ। ਇਸ ਤੋਂ ਇਲਾਵਾ ਕੁਝ ਮਹੀਨੇ ਪਹਿਲਾਂ ਹੀ ਹੋਈਆਂ ਰਾਸ਼ਟਰ-ਮੰਡਲ ਖੇਡਾਂ ਵਿੱਚ ਭਾਰਤੀ ਹਾਕੀ ਟੀਮਾਂ (ਮਹਿਲਾ ਤੇ ਪੁਰਸ਼) ਗੋਲਡ ਮੈਡਲ ਜਿੱਤ ਚੁੱਕੀਆਂ ਹਨ। ਜਿਸ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਹਾਕੀ ਨੇ ਖੇਡ ਜਗਤ ਦੇ ਅੰਬਰ 'ਤੇ ਮੁੜ ਉੱਚੀ ਉਡਾਣ ਭਰੀ ਹੈ।

ਪੰਜਾਬ ਵਿੱਚ ਕਰਵਾਈ ਜਾ ਰਹੀ ਇਸ ਅੰਤਰਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਕਾਰਨ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹਾਕੀ ਦੇ 'ਨਵੇਂ ਯੁੱਗ' ਦੀ ਸ਼ੁਰੂਆਤ ਹੋ ਗਈ ਹੋਵੇ। ਇਸ ਸਮੇਂ ਪੰਜਾਬ ਦਾ 'ਖੇਡ ਜਗਤ' ਨਵੀਆਂ ਤੇ ਉੱਚੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲੇ ਪੰਜਾਬ ਦੀ ਧਰਤੀ 'ਤੇ ਹੋਣ ਕਾਰਨ ਪੰਜਾਬ ਦੇ 'ਖੇਡ ਜਗਤ' ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਸਨਮਾਨ ਮਿਲ ਰਿਹਾ ਹੈ। ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਪੰਜਾਬ 'ਚ ਹੋ ਰਹੀ ਹਾਕੀ ਚੈਂਪੀਅਨਸ਼ਿਪ ਦੀ ਚਰਚਾ ਹੋ ਰਹੀ ਹੈ।

ਹਾਕੀ ਚੈਂਪੀਅਨਸ਼ਿਪ ਕਾਰਨ ਜਿੱਥੇ ਪੰਜਾਬ ਦੇ ਉੱਭਰਦੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਅੰਤਰਰਾਸ਼ਟਰੀ ਖਿਡਾਰੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਖੇਡਦੇ ਵੇਖਣ ਦਾ ਚੰਗਾ ਮੌਕਾ ਮਿਲ ਰਿਹਾ ਹੈ। ਉਥੇ ਵੱਖ- ਵੱਖ ਦੇਸ਼ਾਂ ਦੀਆਂ ਟੀਮਾਂ ਦੇ ਸੀਨੀਅਰ ਖਿਡਾਰੀਆਂ ਦੀ ਖੇਡ ਕਲਾ ਨੂੰ ਵੇਖ ਕੇ ਪੰਜਾਬ ਦੇ ਉਭਰਦੇ ਖਿਡਾਰੀ ਵੀ ਅਨੇਕਾਂ ਖੇਡ ਗੁਰ ਸਿੱਖ ਰਹੇ ਹਨ। ਜਿਸ ਕਾਰਨ ਉਹਨਾਂ ਦੀ ਖੇਡ ਕਲਾ ਵਿੱਚ ਨਿਖਾਰ ਆਉਣਾ ਸੁਭਾਵਿਕ ਹੈ।

ਅੰਤਰਰਾਸ਼ਟਰੀ ਖੇਡ ਮੁਕਾਬਲੇ ਸਿਰਫ਼ ਮੈਡਲ ਜਿੱਤਣ ਤੱਕ ਸੀਮਿਤ ਨਹੀਂ ਹੁੰਦੇ ਸਗੋਂ ਇਹ ਵੱਖ- ਵੱਖ ਦੇਸ਼ਾਂ, ਵੱਖਰੇ ਸੱਭਿਆਚਾਰਾਂ ਅਤੇ ਵੱਖਰੀਆਂ ਭਾਸ਼ਾਵਾਂ ਨੂੰ ਵੀ ਇੱਕ ਸੂਤਰ ਵਿੱਚ ਪਰੋਣ ਦਾ ਕੰਮ ਕਰਦੇ ਹਨ। ਅਜਿਹੇ ਖੇਡ ਮੁਕਾਬਲਿਆਂ ਕਾਰਨ ਖਿਡਾਰੀਆਂ ਦੇ ਨਾਲ ਨਾਲ ਆਮ ਲੋਕਾਂ 'ਚ ਵੀ ਭਾਈਚਾਰਕ ਸਾਂਝ ਪੈਦਾ ਹੁੰਦੀ ਹੈ। ਖੇਡ ਮੁਕਾਬਲਿਆਂ ਕਾਰਨ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਵੱਖ- ਵੱਖ ਦੇਸ਼ਾਂ ਦੀ 'ਖੇਡ ਸ਼ਕਤੀ' ਦਾ ਪਤਾ ਚੱਲਦਾ ਹੈ। ਚੈਂਪੀਅਨਜ਼ ਟਰਾਫ਼ੀ ਨਾ ਸਿਰਫ਼ ਏਸ਼ੀਆ ਦੀਆਂ ਚੋਟੀ ਦੀਆਂ ਟੀਮਾਂ ਵਿਚਾਲੇ ਖ਼ਿਤਾਬੀ ਭਿੜੰਤ ਦਾ ਗਵਾਹ ਬਣ ਰਹੀ ਹੈ, ਸਗੋਂ ਪੰਜਾਬ ਵਿੱਚ ਹਾਕੀ ਦੀ 'ਪੁਨਰ-ਸੁਰਜੀਤੀ' ਅਤੇ ਨੌਜਵਾਨ ਖਿਡਾਰੀਆਂ ਦੇ ਸੁਪਨਿਆਂ ਨੂੰ ਨਵੀਂ ਪਰਵਾਜ਼ ਦੇਣ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਹੀ ਹੈ। ਭਾਰਤ ਦੇ ਖੇਡ ਪ੍ਰੇਮੀਆਂ ਨੂੰ ਪੂਰੀ ਉਮੀਦ ਹੈ ਕਿ ਭਾਰਤ ਦੀ ਹਾਕੀ ਟੀਮ 'ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫ਼ੀ' ਦੀ ਜੇਤੂ ਬਣ ਕੇ ਪੂਰੇ ਸੰਸਾਰ ਵਿੱਚ ਆਪਣੀ ਖੇਡ ਕਲਾ ਦਾ ਲੋਹਾ ਮਨਵਾਏਗੀ।

**ਲੋਕਤੰਤਰ ਦੇ ਸਾਹਮਣੇ ਵੱਡਾ ਸਵਾਲ**

# ਕੀ ਚੋਣ ਕਮਿਸ਼ਨ, ਅਦਾਲਤ, ਅਫ਼ਸਰਸ਼ਾਹੀ ਅਤੇ ਪੁਲਿਸ ਮਿਲ ਕੇ ਸੱਤਾ ਤਬਦੀਲੀ ਨੂੰ ਰੋਕ ਰਹੇ ਹਨ ?



ਪ੍ਰੋ.ਅਪੂਰਵਾਨੰਦ
ਦਿੱਲੀ ਯੂਨੀਵਰਸਿਟੀ




ਕੀ ਭਾਰਤ ਦੇ ਸੰਵਿਧਾਨਕ ਅਦਾਰੇ ਇਹ ਨਹੀਂ ਚਾਹੁੰਦੇ ਕਿ ਦੇਸ਼ ਵਿੱਚ ਸੱਤਾ ਬਦਲੇ ? ਕੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਗੱਠਜੋੜ ਨੂੰ ਸੱਤਾ ਵਿੱਚ ਬਣਾਈ ਰੱਖਣ ਵਿੱਚ ਉਹਨਾਂ ਦਾ ਕੋਈ ਆਪਣਾ ਸਵਾਰਥ ਹੈ ? ਕੀ ਉਹ ਇਸ ਖ਼ਿਆਲ ਤੋਂ ਘਬਰਾ ਰਹੇ ਹਨ ਕਿ ਸਰਕਾਰ ਬਦਲ ਜਾਵੇਗੀ ਅਤੇ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਸੱਤਾ ਵਿੱਚ ਆ ਜਾਣਗੀਆਂ ? ਕੀ ਚੋਣ ਕਮਿਸ਼ਨ, ਭਾਰਤ ਦੀ ਅਫ਼ਸਰਸ਼ਾਹੀ, ਪੁਲਿਸ ਅਤੇ ਸੁਪਰੀਮ ਕੋਰਟ, ਇਹ ਸਾਰੇ ਮਿਲ ਕੇ ਭਾਜਪਾ ਨੂੰ ਕੁਰਸੀ 'ਤੇ ਬਣਾਈ ਰੱਖਣਾ ਚਾਹੁੰਦੇ ਹਨ ? ਕੀ ਭਾਰਤ ਦੇ ਉੱਚ ਫ਼ੌਜੀ ਅਧਿਕਾਰੀ ਵੀ ਇਹੀ ਚਾਹੁੰਦੇ ਹਨ ?

ਇਹ ਸਵਾਲ ਸਭ ਤੋਂ ਪਹਿਲਾਂ ਇੱਕ ਵੱਖਰੇ ਢੰਗ ਨਾਲ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਨੇ ਚੁੱਕਿਆ ਸੀ। ਉਹਨਾਂ ਨੇ ਕਿਹਾ ਅਤੇ ਵਾਰ-ਵਾਰ ਦੁਹਰਾਇਆ ਕਿ ਵਿਰੋਧੀ ਧਿਰ ਦੀ ਮੁਸ਼ਕਿਲ ਇਹ ਹੈ ਕਿ ਉਸਦਾ ਮੁਕਾਬਲਾ ਸਿਰਫ਼ ਭਾਜਪਾ ਜਾਂ ਆਰ.ਐੱਸ.ਐੱਸ. ਨਾਲ ਨਹੀਂ ਹੈ, ਸਗੋਂ ਉਸਨੂੰ ਪੂਰੇ ਸਰਕਾਰੀ ਅਤੇ ਰਾਜਸੀ ਤੰਤਰ (ਸਿਸਟਮ) ਨਾਲ ਲੜਨਾ ਪੈ ਰਿਹਾ ਹੈ। ਕੁਝ ਲੋਕਾਂ ਨੂੰ ਰਾਹੁਲ ਗਾਂਧੀ ਦੀ ਇਸ ਗੱਲ ਵਿੱਚ ਅਤਿਕਥਨੀ (ਵਧਾ-ਚੜ੍ਹਾ ਕੇ ਕਹੀ ਗੱਲ) ਨਜ਼ਰ ਆਈ ਸੀ। ਪਰ 'ਦ ਇੰਡੀਅਨ ਐਕਸਪ੍ਰੈਸ' ਦੀਆਂ ਚੋਣ ਕਮਿਸ਼ਨ ਨਾਲ ਜੁੜੀਆਂ ਖ਼ਬਰਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਰਾਹੁਲ ਗਾਂਧੀ ਦੇ ਇਸ ਖ਼ਦਸ਼ੇ ਜਾਂ ਚਿਤਾਵਨੀ ਵਿੱਚ ਵਜ਼ਨ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਕਾਰ ਨੇ ਲੋਕਾਂ ਦਾ ਸਤਿਕਾਰ ਅਤੇ ਭਰੋਸਾ ਗੁਆ ਦਿੱਤਾ ਹੈ। ਲੋਕਤੰਤਰ ਵਿੱਚ ਇਹ ਇੱਕ ਸੁਭਾਵਿਕ ਗੱਲ ਹੈ ਅਤੇ ਇੱਥੋਂ ਹੀ ਸੱਤਾ ਤਬਦੀਲੀ ਦੀ ਸ਼ੁਰੂਆਤ ਹੁੰਦੀ ਹੈ ਪਰ ਉਹ ਤਬਦੀਲੀ ਅਸਲ ਵਿੱਚ ਹੋ ਸਕੇ, ਇਸਦੇ ਲਈ ਜ਼ਰੂਰੀ ਹੈ ਕਿ ਚੋਣ ਕਮਿਸ਼ਨ ਅਤੇ ਅਦਾਲਤਾਂ ਦੇ ਨਾਲ-ਨਾਲ ਅਫ਼ਸਰਸ਼ਾਹੀ ਅਤੇ ਪੁਲਿਸ ਵਰਗੇ ਸੰਵਿਧਾਨਕ ਅਦਾਰੇ ਪੂਰੀ ਤਰ੍ਹਾਂ ਨਿਰਪੱਖ ਹੋਣ। ਜਦੋਂ ਇਹ ਅਦਾਰੇ ਨਿਰਪੱਖ ਹੁੰਦੇ ਹਨ, ਉਦੋਂ ਹੀ ਉਹ ਲੋਕਾਂ ਦੀ ਮਰਜ਼ੀ ਦਾ ਸਤਿਕਾਰ ਕਰਦੇ ਹਨ ਅਤੇ ਤਾਂ ਹੀ ਸੱਤਾ ਬਦਲ ਪਾਉਂਦੀ ਹੈ। ਜਨਤਾ ਚੋਣਾਂ ਰਾਹੀਂ ਮੌਜੂਦਾ ਸਰਕਾਰ ਪ੍ਰਤੀ ਆਪਣਾ ਬੇਭਰੋਸਗੀ ਜ਼ਾਹਰ ਕਰਦੀ ਹੈ ਅਤੇ ਫ਼ਿਰ ਨਵੀਂ ਸਰਕਾਰ ਹੋਂਦ ਵਿੱਚ ਆਉਂਦੀ ਹੈ। ਨਿਰਪੱਖ ਸੰਵਿਧਾਨਕ ਅਦਾਰੇ ਹੀ ਸੱਤਾ ਦੀ ਇਸ ਤਬਦੀਲੀ ਨੂੰ ਸੰਭਵ ਬਣਾਉਂਦੇ ਹਨ।

ਇਹ ਕਹਿਣਾ ਬਹੁਤ ਜ਼ਰੂਰੀ ਹੈ ਕਿ ਲੋਕਤੰਤਰ ਵਿੱਚ ਸਰਕਾਰ ਬਦਲਣ ਦਾ ਜਨਤਾ ਦਾ ਇਹ ਅਧਿਕਾਰ ਸਭ ਤੋਂ ਉੱਪਰ ਹੈ। ਇਸ ਅਧਿਕਾਰ ਦੀ ਹਰ ਕੀਮਤ 'ਤੇ ਰਾਖੀ ਹੋਣੀ ਚਾਹੀਦੀ ਹੈ। ਕੋਈ ਵੀ ਤਾਕਤਵਰ ਸਰਕਾਰ ਇਸ ਹੱਕ ਦੇ ਰਾਹ ਵਿੱਚ ਰੋੜਾ ਨਹੀਂ ਬਣ ਸਕਦੀ; ਇਸੇ ਤਰ੍ਹਾਂ ਲੋਕਤੰਤਰ ਅੰਦਰ ਸਰਕਾਰਾਂ ਬਦਲਦੀਆਂ ਹਨ।

ਹਾਲ ਹੀ ਵਿੱਚ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਸੀ ਕਿ ਕੋਈ ਵੀ ਸਰਕਾਰ ਆਪਣੀ ਮਰਜ਼ੀ ਨਾਲ ਕੁਰਸੀ ਛੱਡਣਾ ਨਹੀਂ ਚਾਹੁੰਦੀ। ਉਹਨਾਂ ਦੀ ਇਹ ਗੱਲ ਇੱਕ ਹੱਦ ਤੱਕ ਠੀਕ ਸੀ, ਪਰ ਪੂਰੀ ਤਰ੍ਹਾਂ ਨਹੀਂ। ਕੀ ਭਾਰਤ ਦੇ ਇਤਿਹਾਸ ਵਿੱਚ ਕੋਈ ਅਜਿਹੀ ਸਰਕਾਰ ਆਈ ਹੈ ਜਿਸਨੇ ਕੁਰਸੀ 'ਤੇ ਬਣੇ ਰਹਿਣ ਲਈ ਉਸ ਚੋਣ ਪ੍ਰਕਿਰਿਆ ਨੂੰ ਹੀ ਵਿਗਾੜ ਦਿੱਤਾ ਹੋਵੇ ਜਿਸ ਰਾਹੀਂ ਉਸਨੂੰ ਹਟਾਇਆ ਜਾ ਸਕਦਾ ਸੀ ? ਇੰਦਰਾ ਗਾਂਧੀ ਨੂੰ ਵਾਰ-ਵਾਰ ਤਾਨਾਸ਼ਾਹ ਕਿਹਾ ਜਾਂਦਾ ਹੈ, ਪਰ ਐਮਰਜੈਂਸੀ ਹਟਾਉਣ ਤੋਂ ਬਾਅਦ ਜਿਹੜੀਆਂ ਚੋਣਾਂ ਹੋਈਆਂ, ਕੀ ਉਨ੍ਹਾਂ ਨੇ ਉਹਨਾਂ ਚੋਣਾਂ ਨੂੰ ਗ਼ਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ? ਉਸ ਤੋਂ ਪਹਿਲਾਂ ਪਿਛਲੀ ਸਦੀ ਦੇ ਸੱਠਵੇਂ-ਸੱਤਰਵੇਂ ਦਹਾਕੇ ਵਿੱਚ, ਜਦੋਂ ਭਾਰਤ ਦੇ ਢਾਂਚੇ ਵਿੱਚੋਂ 'ਕਾਂਗਰਸ ਸਿਸਟਮ' ਨੂੰ ਵੱਖ ਕਰਨਾ ਲਗਭਗ ਅਸੰਭਵ ਮੰਨਿਆ ਜਾਂਦਾ ਸੀ, ਉਦੋਂ ਵੀ ਕਾਂਗਰਸ ਪਾਰਟੀ ਨੂੰ ਛੇ ਸੂਬਿਆਂ ਦੀ ਸੱਤਾ ਤੋਂ ਬਾਹਰ ਹੋਣੋਂ ਕੋਈ ਨਹੀਂ ਰੋਕ ਸਕਿਆ।

ਵਧੇਰੇ ਸਹੀ ਸ਼ਬਦਾਂ ਵਿੱਚ ਇਹ ਕਹਿਣਾ ਬਣਦਾ ਹੈ ਕਿ ਕਾਂਗਰਸ ਨੇ ਅਜਿਹਾ ਕੋਈ ਹੱਥਕੰਡਾ ਨਹੀਂ ਵਰਤਿਆ ਜਿਸ ਨਾਲ ਸੱਤਾ ਦੀ ਇਹ ਤਬਦੀਲੀ ਰੁਕਦੀ। 1984 ਵਿੱਚ ਭਾਰੀ ਬਹੁਮਤ ਹਾਸਲ ਕਰਨ ਤੋਂ ਬਾਅਦ ਅਗਲੀਆਂ ਚੋਣਾਂ ਵਿੱਚ ਰਾਜੀਵ ਗਾਂਧੀ ਦੀ ਸਰਕਾਰ ਨੂੰ ਜਨਤਾ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋ ਗਈ। 2004 ਵਿੱਚ ਬਹੁਤ ਹਰਮਨਪਿਆਰੇ ਮੰਨੇ ਜਾਣ ਵਾਲੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੀ ਸੱਤਾ ਤੋਂ ਲਾਂਭੇ ਹੋਈ, ਅਤੇ 10 ਸਾਲ ਰਾਜ ਕਰਨ ਤੋਂ ਬਾਅਦ 2014 ਵਿੱਚ ਕਾਂਗਰਸ ਪਾਰਟੀ ਨੂੰ ਵੀ ਲੋਕਾਂ ਨੇ ਸੱਤਾ ਤੋਂ ਲਾਹ ਦਿੱਤਾ।

ਜਦੋਂ ਤੱਕ ਇਹ ਚੋਣ ਪ੍ਰਕਿਰਿਆ ਬਿਨਾਂ ਦਖ਼ਲ ਤੋਂ ਚੱਲਦੀ ਰਹਿੰਦੀ ਹੈ, ਉਦੋਂ ਤੱਕ ਹੀ ਲੋਕਤੰਤਰ ਦੀਆਂ ਸੰਭਾਵਨਾਵਾਂ ਜ਼ਿੰਦਾ ਰਹਿੰਦੀਆਂ ਹਨ। ਸਿਆਸੀ ਪਾਰਟੀਆਂ ਭਾਵੇਂ ਨਾ ਚਾਹੁਣ, ਪਰ ਉਹਨਾਂ ਨੂੰ ਸੱਤਾ ਛੱਡਣ ਲਈ ਤਿਆਰ ਰਹਿਣਾ ਪੈਂਦਾ ਹੈ। ਇਹੀ ਕਾਰਨ ਹੈ ਕਿ 1952 ਤੋਂ ਲੈ ਕੇ 2014 ਤੱਕ ਕਿਸੇ ਵੀ ਸਿਆਸੀ ਪਾਰਟੀ ਜਾਂ ਆਗੂ ਨੇ ਕਦੇ ਇਹ ਦਾਅਵਾ ਨਹੀਂ ਕੀਤਾ ਕਿ ਉਹ ਅਗਲੇ 50 ਸਾਲਾਂ ਤੱਕ ਸੱਤਾ ਵਿੱਚ ਰਹੇਗਾ। ਸਗੋਂ ਉਹਨਾਂ ਨੇ ਚੋਣ ਹਾਰਨ ਦੀ ਸੰਭਾਵਨਾ ਨੂੰ ਕਦੇ ਨਕਾਰਿਆ ਨਹੀਂ। 1950 ਦੇ ਦਹਾਕੇ ਦੇ ਨਹਿਰੂ ਦੇ ਭਾਸ਼ਣਾਂ ਨੂੰ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹ ਵਾਰ-ਵਾਰ ਕਹਿ ਰਹੇ ਸਨ ਕਿ ਉਹ ਚੋਣਾਂ ਹਾਰਨ ਲਈ ਤਾਂ ਤਿਆਰ ਹਨ, ਪਰ ਅਸੂਲਾਂ ਨਾਲ ਸਮਝੌਤਾ ਕਰਨਾ ਉਹਨਾਂ ਨੂੰ ਮਨਜ਼ੂਰ ਨਹੀਂ। ਨਹਿਰੂ ਆਪਣੀ ਪਾਰਟੀ ਦੇ ਆਗੂਆਂ ਨੂੰ ਕਹਿ ਰਹੇ ਸਨ ਕਿ ਭਾਵੇਂ ਚੋਣ ਹਾਰ ਜਾਈਏ, ਪਰ ਫ਼ਿਰਕਾਪ੍ਰਸਤੀ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਭਾਵ, ਨਹਿਰੂ ਚੋਣ ਹਾਰ ਕੇ ਸੱਤਾ ਤੋਂ ਬਾਹਰ ਬੈਠਣ ਲਈ ਤਿਆਰ ਸਨ। ਇਹੀ ਗੱਲ ਬਾਅਦ ਦੇ ਪ੍ਰਧਾਨ ਮੰਤਰੀਆਂ ਬਾਰੇ ਵੀ ਕਹੀ ਜਾ ਸਕਦੀ ਹੈ।

2014 ਤੋਂ ਬਾਅਦ ਕੁਝ ਬਦਲ ਗਿਆ। ਭਾਜਪਾ ਦੇ ਆਗੂ ਇਹ ਦਾਅਵਾ ਕਰਨ ਲੱਗੇ ਕਿ ਅਗਲੇ 50 ਸਾਲਾਂ ਤੱਕ ਉਹਨਾਂ ਨੂੰ ਸੱਤਾ ਤੋਂ ਕੋਈ ਨਹੀਂ ਹਟਾ ਸਕਦਾ। ਉਹਨਾਂ ਨੂੰ ਇਹ ਅਟੱਲ ਭਰੋਸਾ ਕਿਉਂ ਹੈ ? ਉਹਨਾਂ ਨੂੰ ਇਹ ਯਕੀਨ ਕਿਉਂ ਹੈ ਕਿ ਉਹ ਲਗਾਤਾਰ ਕੁਰਸੀ 'ਤੇ ਬਣੇ ਰਹਿਣਗੇ ? ਕੀ ਇਸਦਾ ਕਾਰਨ ਇਹ ਹੈ ਕਿ ਸੱਤਾ ਤਬਦੀਲੀ ਨੂੰ ਸੰਭਵ ਬਣਾਉਣ ਵਾਲੇ ਰਾਜਸੀ ਤੰਤਰ ਨੇ ਭਾਜਪਾ ਨਾਲ ਗੰਢ-ਤੁੱਪ ਕਰ ਲਈ ਹੈ ? ਕੀ ਭਾਜਪਾ ਦਾ ਹਿੱਤ ਹੀ ਹੁਣ ਇਹਨਾਂ ਸੰਸਥਾਵਾਂ ਦਾ ਆਪਣਾ ਹਿੱਤ ਬਣ ਗਿਆ ਹੈ ?

ਜੇ ਅਜਿਹਾ ਨਹੀਂ ਹੈ, ਤਾਂ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂ ਕੱਟਣ ਦੀ ਮੁਹਿੰਮ ਕਿਉਂ ਚਲਾਈ ਹੋਈ ਹੈ ? ਸਾਰੀਆਂ ਗ਼ੈਰ-ਭਾਜਪਾ ਪਾਰਟੀਆਂ ਅਤੇ ਆਮ ਲੋਕਾਂ ਦੇ ਇਤਰਾਜ਼ਾਂ ਨੂੰ ਦਰਕਿਨਾਰ ਕਰਕੇ ਉਹ ਵਾਰ-ਵਾਰ ਵੋਟਰਾਂ ਦੇ ਨਾਂ ਕਿਉਂ ਕੱਟ ਰਿਹਾ ਹੈ ? ਉਹ ਵੋਟਰਾਂ ਤੋਂ ਅਜਿਹੇ ਅਤੇ ਇੰਨੇ ਕਾਗ਼ਜ਼ਾਤ ਕਿਉਂ ਮੰਗ ਰਿਹਾ ਹੈ ਜੋ ਬਹੁਤੇ ਆਮ ਵੋਟਰ ਦੇ ਹੀ ਨਹੀਂ ਸਕਦੇ ? ਖ਼ਾਸ ਕਰਕੇ ਮੁਸਲਮਾਨ ਵੋਟਰਾਂ ਦੇ ਨਾਂ ਕੱਟਣ ਦੀਆਂ ਕੋਸ਼ਿਸ਼ਾਂ ਕਿਉਂ ਕੀਤੀਆਂ ਜਾ ਰਹੀਆਂ ਹਨ ?

ਇਸ ਗੱਲ ਦੇ ਕਈ ਸਬੂਤ ਸਾਹਮਣੇ ਆ ਚੁੱਕੇ ਹਨ ਕਿ ਭਾਜਪਾ ਅਤੇ ਚੋਣ ਕਮਿਸ਼ਨ ਇਸ ਮਾਮਲੇ ਵਿੱਚ ਮਿਲ ਕੇ ਕੰਮ ਕਰ ਰਹੇ ਹਨ। ਅਜਿਹੇ ਪ੍ਰਮਾਣ ਮਿਲੇ ਹਨ ਕਿ ਵੋਟਰਾਂ ਦੇ ਨਾਂ ਅਤੇ ਉਹਨਾਂ ਦੇ ਵੋਟਰ ਕਾਰਡ ਨੰਬਰਾਂ ਸਮੇਤ ਪਹਿਲਾਂ ਤੋਂ ਛਪੇ ਹੋਏ 'ਫ਼ਾਰਮ 7' (ਜੋ ਨਾਂ ਕਟਵਾਉਣ ਲਈ ਵਰਤਿਆ ਜਾਂਦਾ ਹੈ) ਭਾਜਪਾ ਕਾਰਕੁੰਨਾਂ ਕੋਲ ਮੌਜੂਦ ਸਨ। ਉਹ ਇਹ ਫ਼ਾਰਮ ਜਮ੍ਹਾ ਕਰਵਾ ਰਹੇ ਸਨ ਤਾਂ ਜੋ ਮੁਸਲਿਮ ਵੋਟਰਾਂ ਦੇ ਨਾਂ ਕਟਵਾਏ ਜਾ ਸਕਣ। ਪੱਛਮੀ ਬੰਗਾਲ ਵਿੱਚ ਜਦੋਂ ਅਧਿਕਾਰੀਆਂ ਨੇ ਹਜ਼ਾਰਾਂ ਵੋਟਰਾਂ ਦੇ ਨਾਂ ਦੁਬਾਰਾ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ, ਤਾਂ ਚੋਣ ਕਮਿਸ਼ਨ ਨੇ ਖ਼ੁਦ ਪਹਿਲ ਕਰਕੇ ਉਹਨਾਂ ਦੇ ਨਾਂ ਸ਼ਾਮਲ ਕੀਤੇ ਜਾਣ 'ਤੇ ਇਤਰਾਜ਼ ਕਿਉਂ ਜਤਾਇਆ ? ਆਖ਼ਰ ਕਮਿਸ਼ਨ ਇਹ ਕਿਉਂ ਚਾਹੁੰਦਾ ਹੈ ਕਿ ਲੱਖਾਂ ਲੋਕ ਆਪਣੀ ਵੋਟ ਨਾ ਪਾ ਸਕਣ ?

ਇਸੇ ਤਰ੍ਹਾਂ ਜਦੋਂ ਸੁਪਰੀਮ ਕੋਰਟ ਨੇ ਖ਼ੁਦ ਦੇਖਿਆ ਅਤੇ ਮੰਨਿਆ ਵੀ ਕਿ ਐੱਸ.ਆਈ.ਆਰ. (ਵੋਟਰ ਸੂਚੀ ਦੀ ਸੁਧਾਈ) ਦੀ ਪ੍ਰਕਿਰਿਆ ਵਿੱਚ ਖ਼ਾਮੀਆਂ ਹਨ, ਤਾਂ ਵੀ ਉਸਨੇ ਇਹ ਸਿਲਸਿਲਾ ਕਿਉਂ ਚੱਲਣ ਦਿੱਤਾ ? ਅਦਾਲਤ ਨੇ ਇਹ ਕਿਉਂ ਕਹਿ ਦਿੱਤਾ ਕਿ ਜੇ ਇੱਕ ਵਾਰ ਵੋਟ ਨਾ ਪਾਈ ਤਾਂ ਕੋਈ ਪਹਾੜ ਨਹੀਂ ਟੁੱਟ ਪੈਣਾ ? ਹਾਲ ਹੀ ਵਿੱਚ ਜਦੋਂ ਇਹ ਅਰਜ਼ੀ ਲਗਾਈ ਗਈ ਕਿ ਪੱਛਮੀ ਬੰਗਾਲ ਵਿੱਚ ਵੋਟਰ ਸੂਚੀ ਵਿੱਚੋਂ ਕੱਢੇ ਗਏ ਲੋਕਾਂ ਦੀਆਂ ਅਰਜ਼ੀਆਂ 'ਤੇ ਤੁਰੰਤ ਵਿਚਾਰ ਹੋਵੇ ਕਿਉਂਕਿ ਕੁਝ ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ ਹੋਣ ਵਾਲੀਆਂ ਹਨ, ਤਾਂ ਚੀਫ਼ ਜਸਟਿਸ ਨੇ ਇਹ ਕਿਉਂ ਕਹਿ ਦਿੱਤਾ ਕਿ ਇਹ ਤਾਂ ਸਿਰਫ਼ ਜ਼ਿਮਨੀ ਚੋਣਾਂ ਹੀ ਹਨ ! ਕੀ ਇਹਨਾਂ ਚੋਣਾਂ ਵਿੱਚ ਉਹਨਾਂ ਵੋਟਰਾਂ ਦੇ ਹੱਕ ਬਹਾਲ ਕਰਵਾਉਣ ਦੀ ਜ਼ਿੰਮੇਵਾਰੀ ਅਦਾਲਤ ਦੀ ਨਹੀਂ ਸੀ ਜਿਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਵੋਟ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ?

ਕੀ ਇਸ ਨਾਲ ਇਹ ਸ਼ੱਕ ਪੱਕਾ ਨਹੀਂ ਹੁੰਦਾ ਕਿ ਚੋਣ ਕਮਿਸ਼ਨ ਵਾਂਗ ਅਦਾਲਤ ਵੀ ਹੁਣ ਇਹ ਚਾਹੁੰਦੀ ਹੈ ਕਿ ਭਾਜਪਾ ਹੀ ਸੱਤਾ ਵਿੱਚ ਬਣੀ ਰਹੇ ? ਜੇ ਨਹੀਂ, ਤਾਂ ਉਸਨੇ ਚੋਣ ਕਮਿਸ਼ਨਰਾਂ ਦੀ ਚੋਣ ਪ੍ਰਕਿਰਿਆ ਵਿੱਚ ਬਦਲਾਅ ਕਰਨ ਵਾਲੇ ਸਰਕਾਰੀ ਫ਼ੈਸਲੇ ਨੂੰ ਰੱਦ ਕਿਉਂ ਨਹੀਂ ਕੀਤਾ ?

ਇਹਨਾਂ ਸਾਰੇ ਅਦਾਰਿਆਂ ਵਿੱਚ ਚੋਣ ਕਮਿਸ਼ਨ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ। ਉਹ ਇਹ ਯਕੀਨੀ ਬਣਾਉਂਦਾਹੈ ਕਿ ਜਨਤਾ ਬਿਨਾਂ ਕਿਸੇ ਰੋਕ-ਟੋਕ ਦੇ ਆਪਣੀ ਇੱਛਾ ਜ਼ਾਹਰ ਕਰ ਸਕੇ ਅਤੇ ਚੋਣਾਂ ਦੌਰਾਨ ਉਸਦੀ ਵੋਟ ਦਰਜ ਹੋ ਸਕੇ। ਸੁਪਰੀਮ ਕੋਰਟ ਦੀ ਜ਼ਿੰਮੇਵਾਰੀ ਇਹ ਯਕੀਨੀ ਬਣਾਉਣਾ ਹੈ ਕਿ ਵੋਟਰ ਦੇ ਸੰਵਿਧਾਨਕ ਹੱਕ ਦਾ ਘਾਣ ਨਾ ਹੋਵੇ। ਪਿਛਲੇ 2 ਸਾਲਾਂ ਵਿੱਚ ਵਾਰ-ਵਾਰ ਇਹ ਪ੍ਰਭਾਵ ਕਿਉਂ ਬਣ ਰਿਹਾ ਹੈ ਕਿ ਕਮਿਸ਼ਨ ਅਤੇ ਅਦਾਲਤ ਭਾਜਪਾ ਸਰਕਾਰ ਦੇ ਪੱਖ ਵਿੱਚ ਕੰਮ ਕਰ ਰਹੇ ਹਨ ?

ਕੀ ਜੱਜ ਸਰਕਾਰ ਖ਼ਿਲਾਫ਼ ਜਾਣ ਤੋਂ ਡਰਦੇ ਹਨ ? ਕੀ ਕਾਰਨ ਇਹ ਹੈ, ਜਿਵੇਂ ਕੁਝ ਵੱਡੇ ਵਕੀਲ ਆਖਦੇ ਹਨ, ਕਿ ਸਰਕਾਰ ਉਹਨਾਂ ਦੀਆਂ ਕਮਜ਼ੋਰੀਆਂ ਤੇ ਭ੍ਰਿਸ਼ਟਾਚਾਰ ਦੇ ਭੇਤ ਜਾਣਦੀ ਹੈ; ਜਾਂ ਫ਼ਿਰ ਉਹ ਕਿਸੇ ਡਰ ਕਾਰਨ ਨਹੀਂ, ਸਗੋਂ ਆਪਣੀ ਵਿਚਾਰਧਾਰਕ ਸਹਿਮਤੀ ਕਰਕੇ ਸਰਕਾਰ ਦਾ ਸਾਥ ਦੇ ਰਹੇ ਹਨ ?

(ਬਾਕੀ ਸਫ਼ਾ 27 'ਤੇ)

# 2029 ਦੀਆਂ ਆਮ ਚੋਣਾਂ ਤੱਕ ਭਾਜਪਾ ਨੂੰ ਗਿਆਨੇਸ਼ ਕੁਮਾਰ ਦੀ ਲੋੜ ਕਿਉਂ ?





ਨਿਤਿਆ ਚਕਰਵਰਤੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦੁਚਿੱਤੀ ਵਿੱਚ ਹਨ ਕਿ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਵਿਰੋਧੀ ਧਿਰ ਵੱਲੋਂ ਕੀਤੀ ਜਾ ਰਹੀ ਮੰਗ ਨਾਲ ਕਿਵੇਂ ਨਜਿੱਠਿਆ ਜਾਵੇ। ਮੌਜੂਦਾ ਅਸਥਿਰ ਹਾਲਾਤ ਵਿੱਚ ਇਹ ਮਾਮਲਾ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਦੀ ਮੰਗ ਤੋਂ ਅੱਗੇ ਵਧ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਤੱਕ ਪਹੁੰਚ ਸਕਦਾ ਹੈ, ਜੋ ਦਿੱਲੀ ਵਿੱਚ ਅਣ-ਐਲਾਨੀ ਨਾਕਾਬੰਦੀ ਕਰਨ ਅਤੇ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਦੇ ਫ਼ੈਸਲਿਆਂ ਪਿੱਛੇ ਮੁੱਖ ਸੂਤਰਧਾਰ ਰਹੇ ਹਨ।

ਪਹਿਲਾਂ ਚੋਣ ਕਮਿਸ਼ਨ ਦੀ ਗੱਲ ਕਰਦੇ ਹਾਂ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 26 ਜਨਵਰੀ 2029 ਨੂੰ ਸੇਵਾਮੁਕਤ ਹੋਣ ਵਾਲੇ ਹਨ, ਜੋ ਕਿ ਅਪ੍ਰੈਲ/ਮਈ 2029 ਵਿੱਚ ਹੋਣ ਵਾਲੀਆਂ ਅਗਲੀਆਂ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਸਿਰਫ਼ ਦੋ ਮਹੀਨੇ ਪਹਿਲਾਂ ਦਾ ਸਮਾਂ ਹੈ। ਦੂਜੇ ਪਾਸੇ, ਮੌਜੂਦਾ ਦੋ ਹੋਰ ਚੋਣ ਕਮਿਸ਼ਨਰਾਂ ਵਿੱਚੋਂ ਡਾ. ਸੁਖਬੀਰ ਸਿੰਘ ਸੰਧੂ 5 ਜੁਲਾਈ 2028 ਨੂੰ ਅਤੇ ਡਾ. ਵਿਵੇਕ ਜੋਸ਼ੀ 18 ਫ਼ਰਵਰੀ 2031 ਨੂੰ ਸੇਵਾਮੁਕਤ ਹੋਣਗੇ। ਇਸ ਤਰ੍ਹਾਂ ਅਗਲੀਆਂ ਲੋਕ ਸਭਾ ਚੋਣਾਂ ਤੱਕ ਤਿੰਨ-ਮੈਂਬਰੀ ਚੋਣ ਕਮਿਸ਼ਨ ਵਿੱਚੋਂ ਸਿਰਫ਼ ਡਾ. ਵਿਵੇਕ ਜੋਸ਼ੀ ਹੀ ਆਪਣੇ ਅਹੁਦੇ ’ਤੇ ਹੋਣਗੇ। ਜੁਲਾਈ 2028 ਤੋਂ ਬਾਅਦ ਸਰਕਾਰ ਨੂੰ ਇੱਕ ਨਵਾਂ ਚੋਣ ਕਮਿਸ਼ਨਰ ਨਿਯੁਕਤ ਕਰਨਾ ਪਵੇਗਾ। ਮੌਜੂਦਾ ਨਿਯਮਾਂ ਅਨੁਸਾਰ, ਮੁੱਖ ਚੋਣ ਕਮਿਸ਼ਨਰ ਆਪਣੇ ਕਾਰਜਕਾਲ ਦੌਰਾਨ ਚੁੱਕੇ ਗਏ ਕਿਸੇ ਵੀ ਕਦਮ ਲਈ ਕਾਨੂੰਨੀ ਸੁਰੱਖਿਆ ਪ੍ਰਾਪਤ ਹੁੰਦਾ ਹੈ; ਸਰਕਾਰ ਉਸ ਨੂੰ ਸਿੱਧੇ ਤੌਰ ’ਤੇ ਬਰਖ਼ਾਸਤ ਨਹੀਂ ਕਰ ਸਕਦੀ। ਉਸ ਨੂੰ ਸਿਰਫ਼ ਸੰਸਦ ਵਿੱਚ ਮਹਾਂਦੋਸ਼ ਰਾਹੀਂ ਹੀ ਹਟਾਇਆ ਜਾ ਸਕਦਾ ਹੈ। ਪ੍ਰੰਤੂ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਦੇ ਭਾਰੀ ਬਹੁਮਤ ਨੂੰ ਦੇਖਦਿਆਂ ਇਹ ਵੀ ਇਸ ਸਮੇਂ ਵਿਵਹਾਰਕ ਨਹੀਂ ਜਾਪਦਾ। ਵਿਰੋਧੀ ਧਿਰ ਸ਼ਾਇਦ ਦੂਜੀ ਵਾਰ ਮਹਾਂਦੋਸ਼ ਲਿਆਉਣ ਦਾ ਯਤਨ ਨਾ ਕਰੇ। ਅਜਿਹੀ ਹਾਲਤ ਵਿੱਚ ਮੋਦੀ ਸਰਕਾਰ ਕੋਲ ਗਿਆਨੇਸ਼ ਕੁਮਾਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਇੱਕੋ-ਇੱਕ ਰਸਤਾ ਉਨ੍ਹਾਂ ਨੂੰ ਖ਼ੁਦ ਅਸਤੀਫ਼ਾ ਦੇਣ ਲਈ ਕਹਿਣਾ ਹੀ ਹੈ।

ਗਿਆਨੇਸ਼ ਕੁਮਾਰ ਨੂੰ ਮੋਦੀ-ਪੱਖੀ ਮੰਨਿਆ ਜਾਂਦਾ ਹੈ, ਜਿਨ੍ਹਾਂ ਨੇ ਕੇਰਲ ਸਰਕਾਰ ਵਿੱਚ ਸਕੱਤਰ ਵਜੋਂ ਸੇਵਾ ਨਿਭਾਉਂਦਿਆਂ ਮੋਦੀ ਅਤੇ ਭਾਜਪਾ ਲਈ ਕੰਮ ਕੀਤਾ ਹੈ। ਉਹ ਹਾਲਾਤ ਦੀ ਮੰਗ ਅਨੁਸਾਰ ਮੋਦੀ ਦਾ ਕੋਈ ਵੀ ਹੁਕਮ ਮੰਨ ਸਕਦੇ ਹਨ। ਇੱਕ ‘ਟਾਸਕਮਾਸਟਰ’ ਵਜੋਂ ਜਾਣੇ ਜਾਂਦੇ ਗਿਆਨੇਸ਼ ਕੁਮਾਰ ਭਵਿੱਖ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਕੇ ਮੰਤਰੀ ਵੀ ਬਣ ਸਕਦੇ ਹਨ।

ਪਰ ਇਹ ਅਸਤੀਫ਼ਾ ਦੋ ਗੱਲਾਂ ’ਤੇ ਨਿਰਭਰ ਕਰਦਾ ਹੈ:

ਪਹਿਲਾ, ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦੇ ਤਿੰਨਾਂ ਮੈਂਬਰਾਂ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਹੈ ਕਿ ਕੀ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਸਨ। ਜੇਕਰ ਫ਼ੈਸਲੇ ਸਰਬਸੰਮਤੀ ਨਾਲ ਨਹੀਂ ਲਏ ਗਏ, ਤਾਂ ਸੁਪਰੀਮ ਕੋਰਟ ਉਨ੍ਹਾਂ ਨੂੰ ਰੱਦ ਕਰ ਸਕਦੀ ਹੈ। ਹੁਣ ਸਵਾਲ ਇਹ ਹੈ ਕਿ ‘ਦ ਇੰਡੀਅਨ ਐਕਸਪ੍ਰੈੱਸ’ ਦੀ ਰਿਪੋਰਟ ਦੀ ਸੱਚਾਈ ਪਰਖਣ ਲਈ ਸੁਪਰੀਮ ਕੋਰਟ ਦੋਵਾਂ ਚੋਣ ਕਮਿਸ਼ਨਰਾਂ ਨਾਲ ਆਹਮੋ-ਸਾਹਮਣੇ ਪੁੱਛਗਿੱਛ ਕਰਨ ਵਿੱਚ ਕਿਸ ਹੱਦ ਤੱਕ ਜਾਂਦੀ ਹੈ ? ਜੇਕਰ ਅਦਾਲਤ ਸਿਰਫ਼ ਚੋਣ ਕਮਿਸ਼ਨ ਦੇ ਅਧਿਕਾਰਤ ਜਵਾਬ ਨੂੰ ਹੀ ਸਵੀਕਾਰ ਕਰ ਲੈਂਦੀ ਹੈ, ਤਾਂ ਇਸ ਦਾ ਕੋਈ ਬਹੁਤਾ ਮਤਲਬ ਨਹੀਂ ਰਹਿ ਜਾਵੇਗਾ; ਕਿਉਂਕਿ ਮੁੱਖ ਚੋਣ ਕਮਿਸ਼ਨਰ ਬਾਕੀ ਦੋਵਾਂ ਕਮਿਸ਼ਨਰਾਂ ’ਤੇ ਦਬਾਅ ਪਾ ਕੇ ਇਹ ਸਾਂਝਾ ਬਿਆਨ ਦਰਜ ਕਰਵਾ ਸਕਦੇ ਹਨ ਕਿ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਹੀ ਲਏ ਗਏ ਸਨ।

ਦੂਜਾ, ਸੁਪਰੀਮ ਕੋਰਟ ਨੂੰ ਸੋਧੇ ਹੋਏ ਫ਼ਾਰਮ-6 ਦੇ ਮੁੱਦੇ ’ਤੇ ਸਖ਼ਤ ਕਾਰਵਾਈ ਕਰਨੀ ਹੋਵੇਗੀ, ਜਿਸ ਨੂੰ ਅਦਾਲਤ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਗਈ ਸੀ—ਭਾਵੇਂ ਕਿ ਮੁੱਖ ਚੋਣ ਕਮਿਸ਼ਨਰ ਨੇ ਅਦਾਲਤੀ ਪ੍ਰਵਾਨਗੀ ਮਿਲਣ ਦਾ ਦਾਅਵਾ ਕੀਤਾ ਸੀ। ਅਦਾਲਤ ਮੁੱਖ ਚੋਣ ਕਮਿਸ਼ਨਰ ’ਤੇ ਗ਼ਲਤ ਬਿਆਨੀ ਕਰਨ ਅਤੇ ਅਦਾਲਤ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ ਤੈਅ ਕਰ ਸਕਦੀ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸੁਪਰੀਮ ਕੋਰਟ ਗਿਆਨੇਸ਼ ਕੁਮਾਰ ਵਿਰੁੱਧ ਕਾਨੂੰਨ ਦੀ ਪਾਲਣਾ ਕਰਨ ਵਿੱਚ ਉਨ੍ਹਾਂ ਦੀ ਨੈਤਿਕ ਅਤੇ ਪੇਸ਼ੇਵਰ ਨਾਕਾਮੀ ਲਈ ਕੋਈ ਸਖ਼ਤ ਟਿੱਪਣੀ ਕਰੇਗੀ ? ਭਾਵੇਂ ਸੁਪਰੀਮ ਕੋਰਟ ਕੋਲ ਮੁੱਖ ਚੋਣ ਕਮਿਸ਼ਨਰ ਨੂੰ ਸਿੱਧੇ ਤੌਰ ’ਤੇ ਹਟਾਉਣ ਦਾ ਹੁਕਮ ਦੇਣ ਦਾ ਸੰਵਿਧਾਨਕ ਅਧਿਕਾਰ ਨਹੀਂ ਹੈ, ਪਰ ਅਦਾਲਤ ਉਨ੍ਹਾਂ ’ਤੇ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਘੋਰ ਅਸਫ਼ਲਤਾ ਦੀ ਤੋਹਮਤ ਜ਼ਰੂਰ ਲਗਾ ਸਕਦੀ ਹੈ। ਇਸ ਦਾ ਸਿੱਧਾ ਅਰਥ ਹੋਵੇਗਾ ਕਿ ਨੈਤਿਕ ਆਧਾਰ ’ਤੇ ਗਿਆਨੇਸ਼ ਕੁਮਾਰ ਇਸ ਅਹੁਦੇ ’ਤੇ ਬਣੇ ਰਹਿਣ ਦਾ ਹੱਕ ਗੁਆ ਬੈਠਣਗੇ ਮੌਜੂਦਾ ਸੀ.ਈ.ਸੀ. ਵਿਰੁੱਧ ਇੱਕ ਹੋਰ ਗੱਲ ਵੀ ਜਾਂਦੀ ਹੈ: ਕੇਰਲ ਵਿਧਾਨ ਸਭਾ ਨੇ ਗਿਆਨੇਸ਼ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਹਟਾਉਣ ਦੀ ਹਮਾਇਤ ਵਿੱਚ ਇੱਕ ਮਤਾ ਪਾਸ ਕੀਤਾ ਹੈ, ਜੋ ਕਿ ਦੇਸ਼ ਦੇ ਇਤਿਹਾਸ ਵਿੱਚ ਕਿਸੇ ਵੀ ਰਾਜ ਵਿਧਾਨ ਸਭਾ ਵੱਲੋਂ ਚੁੱਕਿਆ ਗਿਆ ਪਹਿਲਾ ਅਜਿਹਾ ਕਦਮ ਹੈ। ਇਸ ਤੋਂ ਇਲਾਵਾ ਕੇਰਲ ਸਰਕਾਰ ਨੇ ਉਨ੍ਹਾਂ ਨਾਲ ਸਬੰਧਤ ਇੱਕ ਪੁਰਾਣਾ ਕੇਸ ਵੀ ਦੁਬਾਰਾ ਖੋਲ੍ਹ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ’ਤੇ ਕੇਰਲ ਦੇ ਇੱਕ ਸਰਕਾਰੀ ਅਧਿਕਾਰੀ ਨੂੰ ਖ਼ੁਦਕੁਸ਼ੀ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਸੀ। ਜੇਕਰ ਇਸ ਮਾਮਲੇ ਦੀ ਕਾਨੂੰਨੀ ਕਾਰਵਾਈ ਅੱਗੇ ਵਧਦੀ ਹੈ ਅਤੇ ਫ਼ੈਸਲਾ ਉਨ੍ਹਾਂ ਦੇ ਖ਼ਿਲਾਫ਼ ਆਉਂਦਾ ਹੈ, ਤਾਂ ਇਸ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ; ਕਿਉਂਕਿ ਇਹ ਮਾਮਲਾ ਮੁੱਖ ਚੋਣ ਕਮਿਸ਼ਨਰ ਵਜੋਂ ਪ੍ਰਾਪਤ ਅਹੁਦੇ ਦੀ ਸੁਰੱਖਿਆ ਦੇ ਦਾਇਰੇ ਤੋਂ ਬਾਹਰ ਆਉਂਦਾ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਕਾਨੂੰਨੀ ਨਤੀਜਿਆਂ ਤੋਂ ਵਾਕਫ਼ ਹੁੰਦੇ ਹੋਏ ਵੀ ਪ੍ਰਧਾਨ ਮੰਤਰੀ ਗਿਆਨੇਸ਼ ਕੁਮਾਰ ਨੂੰ ਬਚਾਉਣ ਦਾ ਜੋਖ਼ਮ ਕਿਉਂ ਉਠਾ ਰਹੇ ਹਨ ? ਉਹ ਚੋਣ ਕਮਿਸ਼ਨ ’ਤੇ ਵੋਟਾਂ ਦੀ ਕਥਿਤ ਚੋਰੀ ਦੇ ਲੱਗ ਰਹੇ ਦੋਸ਼ਾਂ, ਅਤੇ ਵਿਦਿਆਰਥੀਆਂ, ਬੁੱਧੀਜੀਵੀਆਂ ਤੇ ਸਿਵਲ ਸੁਸਾਇਟੀ ਦੇ ਵਿਰੋਧ ਕਾਰਨ ਵਿਰੋਧੀ ਧਿਰ ਨੂੰ ਮਿਲ ਰਹੇ ਸਿਆਸੀ ਲਾਹੇ ਤੋਂ ਵੀ ਚੰਗੀ ਤਰ੍ਹਾਂ ਜਾਣੂ ਹਨ। ਇਸ ਦਾ ਕਾਰਨ ਸਪੱਸ਼ਟ ਹੈ: ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੂੰ ਭਵਿੱਖ ਦੀਆਂ ਚੋਣਾਂ ਵਿੱਚ ਭਾਜਪਾ ਨੂੰ ਜਿੱਤ ਦਿਵਾਉਣ ਲਈ ਚੋਣ ਕਮਿਸ਼ਨ ਵਿੱਚ ਗਿਆਨੇਸ਼ ਕੁਮਾਰ ਦੀ ਲੋੜ ਹੈ।

ਭਾਵੇਂ ਗਿਆਨੇਸ਼ ਕੁਮਾਰ 26 ਜਨਵਰੀ 2029 ਨੂੰ ਸੇਵਾਮੁਕਤ ਹੋ ਜਾਣਗੇ, ਪਰ ਉਦੋਂ ਤੱਕ ਉਹ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਨੂੰ ਇਸ ਢੰਗ ਨਾਲ ਢਾਲ ਦੇਣਗੇ ਕਿ ਨਵਾਂ ਆਉਣ ਵਾਲਾ ਮੁੱਖ ਚੋਣ ਕਮਿਸ਼ਨਰ ਉਸ ਢਾਂਚੇ ਵਿੱਚ ਬਹੁਤਾ ਬਦਲਾਅ ਨਹੀਂ ਕਰ ਸਕੇਗਾ। ਗਿਆਨੇਸ਼ ਕੁਮਾਰ ਦੀ ਸੇਵਾਮੁਕਤੀ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਵਿਵੇਕ ਜੋਸ਼ੀ ਜਾਂ ਕਿਸੇ ਹੋਰ ਭਰੋਸੇਮੰਦ ਨੌਕਰਸ਼ਾਹ ਨੂੰ ਨਵਾਂ ਮੁੱਖ ਚੋਣ ਕਮਿਸ਼ਨਰ ਥਾਪ ਸਕਦੇ ਹਨ। ਇਸ ਸਮੇਂ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੀ ਪਹਿਲੀ ਤਰਜੀਹ ਮਾਰਚ 2027 ਵਿੱਚ ਹੋਣ ਵਾਲੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਹਨ। ਭਾਜਪਾ ਇਹ ਚੋਣਾਂ ਹਾਰਨ ਦਾ ਜੋਖ਼ਮ ਬਿਲਕੁਲ ਨਹੀਂ ਲੈ ਸਕਦੀ, ਕਿਉਂਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿੱਚੋਂ ਸਿਰਫ਼ 33 ਸੀਟਾਂ ਮਿਲੀਆਂ ਸਨ, ਜਦਕਿ ‘ਇੰਡੀਆ ਗਠਜੋੜ’ 43 ਸੀਟਾਂ ਜਿੱਤ ਗਿਆ ਸੀ। ਜੇਕਰ ਚੋਣ ਕਮਿਸ਼ਨ ਦੇ ਇਸ਼ਾਰੇ ’ਤੇ ਕੁਝ ਹਲਕਿਆਂ ਦੇ ਚੋਣ ਅਧਿਕਾਰੀ ਥੋੜ੍ਹੀ ਜਿਹੀ ਵੀ ਮਦਦ ਕਰ ਦਿੰਦੇ ਹਨ, ਤਾਂ ਭਾਜਪਾ ਨੂੰ ਉੱਤਰ ਪ੍ਰਦੇਸ਼ ਵਿੱਚ ਵੱਡਾ ਲਾਹਾ ਮਿਲ ਸਕਦਾ ਹੈ, ਜਿਸ ਦੀ ਉਸ ਨੂੰ ਸਖ਼ਤ ਲੋੜ ਹੈ।

ਇਸ ਸਮੇਂ ਸਰਕਾਰ ਅਤੇ ਭਾਜਪਾ ਲੀਡਰਸ਼ਿਪ ਦਾ ਪੂਰਾ ਧਿਆਨ ਇਸ ਗੱਲ ’ਤੇ ਟਿਕਿਆ ਹੋਇਆ ਹੈ ਕਿ ਚੋਣ ਕਮਿਸ਼ਨ ਦੇ ਹਾਲੀਆ ਫ਼ੈਸਲਿਆਂ ਵਿਰੁੱਧ ਸੁਪਰੀਮ ਕੋਰਟ ਵੱਲੋਂ ਕੀਤੀ ਜਾ ਰਹੀ ਸੁਣਵਾਈ ਵਿੱਚ ਦੇਰੀ ਕਰਵਾਈ ਜਾਵੇ। ਸੰਭਾਵਨਾ ਹੈ ਕਿ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਚੋਣ ਕਮਿਸ਼ਨ ਵੱਲੋਂ ਜਵਾਬ ਦਾਖ਼ਲ ਕਰਨ ਲਈ ਵਾਰ-ਵਾਰ ਨਵੀਆਂ ਤਰੀਕਾਂ ਮੰਗਣ ਦੀ ਕੋਸ਼ਿਸ਼ ਕਰਨਗੇ। ਹੁਣ ਸਭ ਕੁਝ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਕੀ ਸੁਪਰੀਮ ਕੋਰਟ ਸੰਵਿਧਾਨ ਦੀ ਮੂਲ ਭਾਵਨਾ (ਵੋਟ ਦੇ ਅਧਿਕਾਰ ਦੀ ਰਾਖੀ) ਲਈ ਦਲੇਰੀ ਦਿਖਾਉਂਦੀ ਹੈ ਜਾਂ ਫਿਰ ਰਸਮੀ ਟਿੱਪਣੀਆਂ ਰਾਹੀਂ ਮੁੱਖ ਚੋਣ ਕਮਿਸ਼ਨਰ ਨੂੰ ਜਵਾਬਦੇਹੀ ਤੋਂ ਬਚਣ ਦਿੰਦੀ ਹੈ। ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਬਾਰੇ ਨਰਿੰਦਰ ਮੋਦੀ ਦਾ ਅੰਤਿਮ ਫ਼ੈਸਲਾ ਵੀ ਸੁਪਰੀਮ ਕੋਰਟ ਦੇ ਅੰਤਿਮ ਹੁਕਮਾਂ ’ਤੇ ਹੀ ਨਿਰਭਰ ਕਰੇਗਾ।

# ਨਫ਼ਰਤ ਦੇ ਮਾਹੌਲ ’ਚ ਕਿਵੇਂ ਕਾਇਮ ਰਹੇ ਮਨੁੱਖਤਾ ?

ਗੁਰਪ੍ਰੀਤ ਲਾਹੌਰੀ



ਭਾਰਤ ਸਮੇਤ ਦੁਨੀਆ ਭਰ ਵਿੱਚ ਅੱਜ ਅਜਿਹਾ ਮਾਹੌਲ ਬਣ ਚੁੱਕਿਆ ਹੈ, ਜਿਸ ਦੀ ਸ਼ਾਇਦ ਕੁਝ ਸਾਲ ਪਹਿਲਾਂ ਤੱਕ ਅਸੀਂ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਪਿਛਲੇ ਲਗਪਗ ਡੇਢ ਦਹਾਕੇ ਦੌਰਾਨ ਦੇਸ਼-ਦੁਨੀਆ ਵਿੱਚ ਜਿੰਨੀ ਉਥਲ-ਪੁਥਲ ਹੋਈ ਹੈ, ਉਸ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਚੁਣੌਤੀਪੂਰਨ ਹੋ ਸਕਦਾ ਹੈ। ਅਸੀਂ ਆਪਣੇ ਸਮਿਆਂ ਦੌਰਾਨ ਕਈ ਮੁਲਕਾਂ ਵਿੱਚ ਜੰਗਾਂ ਲੱਗਦੀਆਂ ਵੇਖੀਆਂ ਹਨ। ਕਈ ਦੇਸ਼ਾਂ ਵਿੱਚ ਸਰਕਾਰਾਂ ਬਦਲਦੀਆਂ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸੱਤਾ ਤੋਂ ਲਾਂਭੇ ਹੁੰਦੇ ਅਤੇ ਲੋਕਾਂ ਦੇ ਹੱਥੋਂ ਰੋਟੀ, ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਖੋਹੇ ਜਾਂਦੇ ਵੀ ਵੇਖੇ ਹਨ। ਸਵਾਲ ਇਹ ਹੈ ਕਿ ਇਸ ਸਾਰੀ ਉਥਲ-ਪੁਥਲ ਦਾ ਅਸਲ ਖਮਿਆਜ਼ਾ ਕੌਣ ਭੁਗਤਦਾ ਹੈ ? ਜਵਾਬ ਸਾਫ਼ ਹੈ, ਆਮ ਲੋਕ।

ਪਿਛਲੇ ਦੋ-ਤਿੰਨ ਸਾਲਾਂ ਤੋਂ ਫ਼ਲਸਤੀਨ ਅਤੇ ਇਜ਼ਰਾਇਲ ਵਿਚਾਲੇ ਚੱਲ ਰਹੇ ਟਕਰਾਅ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉੱਥੇ ਵੱਡੀ ਗਿਣਤੀ ਵਿੱਚ ਬੇਗੁਨਾਹ ਲੋਕ, ਜਿਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਿਲ ਹਨ, ਇਸ ਦੀ ਭੇਟ ਚੜ੍ਹੇ ਹਨ। ਹਰ ਪਾਸੇ ਗੋਲਾ-ਬਾਰੂਦ, ਬੰਬਾਂ ਦੇ ਧਮਾਕੇ, ਢਹਿ ਚੁੱਕੀਆਂ ਸਕੂਲਾਂ ਤੇ ਹਸਪਤਾਲਾਂ ਦੀਆਂ ਇਮਾਰਤਾਂ ਨਜ਼ਰ ਆਉਂਦੇ ਹਨ। ਇਸ ਤਬਾਹੀ ਦੇ ਵਿਚਕਾਰ ਸਭ ਤੋਂ ਵੱਡੀ ਕਮੀ ਰੋਟੀ ਦੀ ਹੈ। ਜਿੱਥੇ ਬੋਰੀਆਂ, ਬਸਤਿਆਂ ਅਤੇ ਵੱਡੇ-ਵੱਡੇ ਟਰੱਕਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਪਹੁੰਚਣੀਆਂ ਚਾਹੀਦੀਆਂ ਹਨ, ਉੱਥੇ ਹਥਿਆਰ ਅਤੇ ਗੋਲਾ-ਬਾਰੂਦ ਪਹੁੰਚ ਰਿਹਾ ਹੈ। ਸਵਾਲ ਇਹ ਹੈ ਕਿ ਕੀ ਇਨਸਾਨ ਗੋਲੇ-ਬਾਰੂਦ ਖਾ ਕੇ ਜਿਊਂਦਾ ਰਹਿ ਸਕਦਾ ਹੈ ?

ਜਿਸ ਮਨੁੱਖ ਨੂੰ ਰੋਟੀ ਦੀ ਲੋੜ ਹੈ, ਜੇਕਰ ਉਸ ਦੇ ਪੱਲੇ ਹਥਿਆਰ ਪਾ ਦਿੱਤੇ ਜਾਣ ਤਾਂ ਉਸ ਦੀ ਜ਼ਿੰਦਗੀ ਕਿਵੇਂ ਬਦਲੇਗੀ ? ਦਰਅਸਲ, ਅੱਜ ਸਾਡੇ ਸਮਾਜ ਅਤੇ ਦੁਨੀਆ ਵਿੱਚ ਕੁਝ ਅਜਿਹਾ ਹੀ ਹੋ ਰਿਹਾ ਹੈ। ਦੁਨੀਆ ਦੇ ਬਹੁਤ ਘੱਟ ਮੁਲਕ ਹੋਣਗੇ ਜਿੱਥੇ ਕਿਸੇ ਨਾ ਕਿਸੇ ਰੂਪ ਵਿੱਚ ਨਫ਼ਰਤ ਜਾਂ ਹਿੰਸਾ ਦੀ ਅੱਗ ਨਾ ਫੈਲੀ ਹੋਵੇ। ਵਿਸ਼ਵ ਦੀਆਂ ਵੱਡੀਆਂ ਤਾਕਤਾਂ ਅਮਨ-ਸ਼ਾਂਤੀ ਦੀਆਂ ਗੱਲਾਂ ਤਾਂ ਕਰਦੀਆਂ ਹਨ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਕਾਰਵਾਈਆਂ ਅਕਸਰ ਇਸ ਦੇ ਉਲਟ ਤਸਵੀਰ ਪੇਸ਼ ਕਰਦੀਆਂ ਹਨ। ਇਹ ਸਵਾਲ ਵੀ ਵਾਰ-ਵਾਰ ਉੱਠਦਾ ਹੈ ਕਿ ਜੰਗਾਂ ਦੇ ਪਿੱਛੇ ਅਸਲ ਕਾਰਨ ਕੀ ਹੁੰਦੇ ਹਨ ? ਕੀ ਸੱਚਮੁੱਚ ਸਿਰਫ਼ ਸਰਹੱਦਾਂ, ਵਿਚਾਰਧਾਰਾਵਾਂ ਜਾਂ ਸੁਰੱਖਿਆ ਹੀ ਇਸ ਦਾ ਕਾਰਨ ਹੈ ਜਾਂ ਫਿਰ ਇਸ ਦੇ ਪਿੱਛੇ ਤੇਲ, ਖਣਿਜ ਪਦਾਰਥ, ਕੁਦਰਤੀ ਸਰੋਤ, ਵਪਾਰਕ ਹਿੱਤ ਅਤੇ ਹਥਿਆਰਾਂ ਦਾ ਬਾਜ਼ਾਰ ਵੱਡੀ ਭੂਮਿਕਾ ਨਿਭਾਉਂਦਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਕੁਦਰਤੀ ਸਰੋਤਾਂ ਨਾਲ ਭਰਪੂਰ ਖੇਤਰਾਂ ਵਿੱਚ ਚੱਲ ਰਹੇ ਸੰਘਰਸ਼ਾਂ ਪਿੱਛੇ ਵੱਡੇ ਆਰਥਿਕ ਹਿੱਤ ਕੰਮ ਕਰਦੇ ਹਨ। ਜਦੋਂ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਆਮ ਲੋਕ ਮਰਦੇ ਹਨ, ਘਰ ਤਬਾਹ ਹੁੰਦੇ ਹਨ, ਬੱਚਿਆਂ ਦੀ ਪੜ੍ਹਾਈ ਰੁਕਦੀ ਹੈ, ਹਸਪਤਾਲ ਬੰਦ ਹੁੰਦੇ ਹਨ ਅਤੇ ਰੁਜ਼ਗਾਰ ਦੇ ਮੌਕੇ ਖ਼ਤਮ ਹੋ ਜਾਂਦੇ ਹਨ। ਹਾਲਾਂਕਿ ਹਥਿਆਰ ਬਣਾਉਣ ਅਤੇ ਵੇਚਣ ਵਾਲੀਆਂ ਕੰਪਨੀਆਂ ਲਈ ਇਹੀ ਜੰਗ ਇੱਕ ਵੱਡਾ ਬਾਜ਼ਾਰ ਬਣ ਜਾਂਦੀ ਹੈ। ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬ, ਕਲਮ ਅਤੇ ਰੁਜ਼ਗਾਰ ਦੀ ਥਾਂ ਜਦੋਂ ਬੰਦੂਕ ਫੜਾ ਦਿੱਤੀ ਜਾਂਦੀ ਹੈ ਤਾਂ ਕਿਸੇ ਵੀ ਮੁਲਕ ਦਾ ਭਵਿੱਖ ਹਨੇਰੇ ਵੱਲ ਚਲਾ ਜਾਂਦਾ ਹੈ। ਨੌਜਵਾਨਾਂ ਦੇ ਮਨਾਂ ਵਿੱਚ ਨਫ਼ਰਤ ਭਰ ਕੇ ਉਨ੍ਹਾਂ ਨੂੰ ਆਪਣੇ ਹੀ ਲੋਕਾਂ ਵਿਰੁੱਧ ਖੜ੍ਹਾ ਕਰ ਦੇਣਾ ਮਨੁੱਖਤਾ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਬੰਦੂਕ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਹੋ ਸਕਦੀ, ਇਹ ਸਿਰਫ਼ ਇੱਕ ਹੋਰ ਮੌਤ, ਇੱਕ ਹੋਰ ਜ਼ਖ਼ਮ ਅਤੇ ਇੱਕ ਹੋਰ ਪਰਿਵਾਰ ਦੀ ਤਬਾਹੀ ਲਿਆ ਸਕਦੀ ਹੈ।

ਪਹਿਲੀ ਅਤੇ ਦੂਜੀ ਆਲਮੀ ਜੰਗ ਦੌਰਾਨ ਦੁਨੀਆ ਨੇ ਬਹੁਤ ਕੁਝ ਦੇਖਿਆ, ਪਰ ਅਫ਼ਸੋਸ ਕਿ ਜੰਗਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ। ਅਸੀਂ ਜਾਣਦੇ ਹਾਂ ਕਿ ਜੰਗ ਕਿਸੇ ਵੀ ਮਸਲੇ ਦਾ ਸਥਾਈ ਹੱਲ ਨਹੀਂ। ਇਸ ਦੇ ਬਾਵਜੂਦ ਛੋਟੀਆਂ-ਵੱਡੀਆਂ ਜੰਗਾਂ ਅਤੇ ਹਿੰਸਕ ਟਕਰਾਅ ਲਗਾਤਾਰ ਜਾਰੀ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ ਹੋਏ ਫ਼ੌਜੀ ਟਕਰਾਅ ਨੇ ਵੀ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧਾਇਆ। ਭਾਵੇਂ ਇਹ ਟਕਰਾਅ ਬਹੁਤ ਲੰਮਾ ਨਹੀਂ ਚੱਲਿਆ, ਪਰ ਇਸ ਨੇ ਨਫ਼ਰਤ ਅਤੇ ਬੇਭਰੋਸਗੀ ਦੀਆਂ ਕੰਧਾਂ ਹੋਰ ਉੱਚੀਆਂ ਕਰ ਦਿੱਤੀਆਂ। ਜੰਗ ਖ਼ਤਮ ਹੋਣ ਤੋਂ ਬਾਅਦ ਵੀ ਉਸ ਦਾ ਅਸਰ ਲੰਮੇ ਸਮੇਂ ਤੱਕ ਰਹਿੰਦਾ ਹੈ। ਲੋਕਾਂ ਨੂੰ ਅਕਸਰ ਇਹ ਪਤਾ ਵੀ ਨਹੀਂ ਹੁੰਦਾ ਕਿ ਜੰਗਾਂ ਦੀ ਅਸਲ ਜੜ੍ਹ ਕੀ ਹੈ; ਉਨ੍ਹਾਂ ਨੂੰ ਸਿਰਫ਼ ਇਹ ਦੱਸਿਆ ਜਾਂਦਾ ਹੈ ਕਿ ਦੁਸ਼ਮਣ ਕੌਣ ਹੈ ਅਤੇ ਉਸ ਨਾਲ ਲੜਨਾ ਕਿਉਂ ਜ਼ਰੂਰੀ ਹੈ ? ਪਰ ਜੇਕਰ ਅਸੀਂ ਜੰਗਾਂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਈ ਵਾਰ ਸੱਤਾ, ਆਰਥਿਕ ਹਿੱਤ, ਸਰੋਤਾਂ ’ਤੇ ਕਬਜ਼ਾ ਅਤੇ ਵੋਟਾਂ ਦੀ ਸਿਆਸਤ ਵਰਗੇ ਕਾਰਕ ਵੀ ਸਾਹਮਣੇ ਆਉਂਦੇ ਹਨ।

ਜੇਕਰ ਨਫ਼ਰਤ ਦੀ ਅੱਗ ਵਿੱਚ ਗੋਲੇ-ਬਾਰੂਦ ਵੰਡੇ ਜਾ ਸਕਦੇ ਹਨ ਤਾਂ ਭੁੱਖੇ ਢਿੱਡ ਭਰਨ ਲਈ ਅਨਾਜ ਕਿਉਂ ਨਹੀਂ ਵੰਡਿਆ ਜਾ ਸਕਦਾ ? ਜੇਕਰ ਜੰਗ ਲਈ ਸਰਹੱਦਾਂ ਖੋਲ੍ਹੀਆਂ ਜਾ ਸਕਦੀਆਂ ਹਨ ਤਾਂ ਅਮਨ ਲਈ ਦਿਲਾਂ ਦੇ ਦਰਵਾਜ਼ੇ ਕਿਉਂ ਨਹੀਂ ਖੋਲ੍ਹੇ ਜਾ ਸਕਦੇ ? ਅਸੀਂ ਕਿਸ ਦੇ ਦੁਸ਼ਮਣ ਹਾਂ, ਇੱਕ-ਦੂਜੇ ਦੇ ਜਾਂ ਆਪਣੇ ਹੀ ਭਵਿੱਖ ਦੇ ? ਜਵਾਬ ਸ਼ਾਇਦ ਸਾਡੇ ਸਾਰਿਆਂ ਕੋਲ ਹੈ। ਨਫ਼ਰਤ ਦੀ ਅੱਗ ਕਿਸੇ ਇੱਕ ਘਰ ਨੂੰ ਨਹੀਂ ਸਾੜਦੀ, ਇਹ ਪੂਰੇ ਸਮਾਜ ਨੂੰ ਰਾਖ ਕਰ ਦਿੰਦੀ ਹੈ। ਇਸ ਲਈ ਅੱਜ ਲੋੜ ਹੈ ਕਿ ਗੋਲੇ-ਬਾਰੂਦ ਦੀ ਥਾਂ ਕਿਤਾਬਾਂ, ਬੰਦੂਕਾਂ ਦੀ ਥਾਂ ਰੁਜ਼ਗਾਰ, ਜੰਗ ਦੀ ਥਾਂ ਗੱਲਬਾਤ ਅਤੇ ਨਫ਼ਰਤ ਦੀ ਥਾਂ ਮਨੁੱਖਤਾ ਨੂੰ ਤਰਜੀਹ ਦਿੱਤੀ ਜਾਵੇ।

# ਆਮਦਨ ’ਚ ਅਸਮਾਨਤਾਵਾਂ ਅਤੇ ਨਾ-ਬਰਾਬਰੀਆਂ



ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।



1991 ਤੋਂ ਬਾਅਦ ਆਰਥਿਕ ਸੁਧਾਰਾਂ ਤਹਿਤ ਲਾਗੂ ਕੀਤੀਆਂ ਗਈਆਂ ਉਦਾਰਵਾਦੀ ਆਰਥਿਕ ਨੀਤੀਆਂ ਨੇ ਦੇਸ਼ ’ਚ ਆਮਦਨ ਤੇ ਜਾਇਦਾਦ-ਧਨ ਦੌਲਤ ਦੀ ਨਾ-ਬਰਾਬਰ ਤੇ ਅਸਾਵੀਂ ਵੰਡ ਨੂੰ ਹੋਰ ਤੇਜ਼ੀ ਨਾਲ ਅਸਾਵਾਂ ਤੇ ਨਾ-ਬਰਾਬਰ ਕੀਤਾ ਹੈ। ਨਵੰਬਰ 2025 ’ਚ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਜੌਸਿਬ ਈ ਸਟਿੰਗਲਿਟਸ ਦੀ ਅਗਵਾਈ ਵਾਲੀ ਜੀ-20 ਦੀ ਇੱਕ ਸੁਤੰਤਰ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਨੇ ਦੁਨੀਆਂ ਭਰ ’ਚ ਵੱਧ ਰਹੀਆਂ ਆਰਥਿਕ ਨਾ-ਬਰਾਬਰੀਆਂ ਦੀ ਖ਼ਤਰਨਾਕ ਅਲਾਮਤ ਨੂੰ ਉਜਾਗਰ ਕੀਤਾ ਹੈ। ਇਸ ਰਿਪੋਰਟ ’ਚ 2000-2024 ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ 83 ਫ਼ੀਸਦ ਦੇਸ਼ਾਂ ’ਚ ਉਚ-ਦਰਜੇ ਦੀਆਂ ਆਰਥਿਕ ਨਾ-ਬਰਾਬਰੀਆਂ ਪਾਈਆਂ ਜਾਂਦੀਆਂ ਹਨ। ਇਹਨਾਂ ਦੇਸ਼ਾਂ ’ਚ ਦੁਨੀਆਂ ਦੀ ਲਗਭਗ 90 ਫ਼ੀਸਦੀ ਆਬਾਦੀ ਵਸਦੀ ਹੈ। ਭਾਰਤ ਆਰਥਿਕ ਨਾ-ਬਰਾਬਰੀਆਂ ਦੇ ਮਾਮਲੇ ’ਚ ਉੱਚ-ਦਰਜੇ ਦੀਆਂ ਨਾ-ਬਰਾਬਰੀਆਂ ਵਾਲੇ ਦੇਸ਼ਾਂ ’ਚ ਕੇਵਲ ਸ਼ੁਮਾਰ ਹੀ ਨਹੀਂ ਸਗੋਂ ਮੋਹਰੀਆਂ ’ਚ ਹੈ। ਇੱਥੇ ਕੋਸ਼ਿਸ਼ ਕੀਤੀ ਗਈ ਹੈ ਕਿ ਦੇਸ਼ ਦੇ ਹਰ ਕਿਸਮ ਦੇ ਕਾਮਿਆਂ ਦੀ ਉਹਨਾਂ ਨੂੰ ਪ੍ਰਾਪਤ ਰੁਜ਼ਗਾਰ ਤੋਂ ਰੋਜ਼ਾਨਾ ਹੋਣ ਵਾਲੀ ਆਮਦਨ ਦੀ ਵੰਡ ਦੀਆਂ ਅਸਮਾਨਤਾਵਾਂ ਦਾ ਅਧਿਐਨ ਕੀਤਾ ਜਾਵੇ।

ਆਮਦਨ ’ਚ ਨਾ-ਬਰਾਬਰੀਆਂ ਕਦੇ ਵੀ ਕਿਸੇ ਕੁਦਰਤੀ ਕਾਰਨਾਂ ਕਰਕੇ ਨਹੀਂ ਹੁੰਦੀਆਂ, ਨਾ-ਬਰਾਬਰੀਆ ਹੋਣ ਦਾ ਆਧਾਰ ਕੇਵਲ ਕੋਈ ਦੇਸ਼ ਕਿਸ ਕਿਸਮ ਦੀਆਂ ਆਰਥਿਕ ਤੇ ਆਮਦਨ ਵੰਡ ਨੀਤੀਆਂ ਤੇ ਚੱਲਦਾ ਉਸ ਕਾਰਨ ਪੈਦਾ ਹੁੰਦੀਆਂ ਹਨ। ਇਹ ਗੱਲ ਵੀ ਸਪੱਸ਼ਟ ਹੈ ਕਿ ਆਮਦਨ ਨਾ-ਬਰਾਬਰੀਆ ਰਾਜਸੀ ਹਿੱਤਾਂ ਤੇ ਫ਼ੈਸਲਿਆਂ ਕਾਰਨ ਪੈਦਾ ਹੁੰਦੀਆਂ ਹਨ ਤੇ ਰਾਜਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਹੋਰ ਵੱਧਦੀਆਂ ਹਨ ਪਰ ਇਨ੍ਹਾਂ ਨੂੰ ਖ਼ਤਮ ਕਰਨਾ ਅਸੰਭਵ ਹੈ ਪਰ ਬਹੁਤ ਘਟਾਇਆ ਜਾ ਸਕਦਾ ਹੈ ਇਸ ਲਈ ਇੱਕ ਸ਼ਕਤੀਸ਼ਾਲੀ ਰਾਜਸੀ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਸੰਸਾਰ ਵਿੱਚ ਆਮਦਨ ’ਚ ਅਸਮਾਨਤਾਵਾਂ ਅਤੇ ਨਾ-ਬਰਾਬਰੀਆਂ ਵਧਣ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਦੇਸ਼ਾਂ ਦੀਆਂ ਆਰਥਿਕ ਅਤੇ ਰਾਜਨੀਤਕ ਸੰਸਥਾਵਾਂ ਅਤੇ ਰਾਜਸੀ ਸਥਿਤੀ ਰਾਸ਼ਟਰੀ ਆਮਦਨ ਦੀ ਵੰਡ ਨੂੰ ਪ੍ਰਭਾਵਤ ਕਰਦੀਆ ਹਨ। ਦੂਜਾ, ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਅਮਲ ’ਚ ਲਿਆਉਣ ਤੋਂ ਬਾਅਦ ਦੁਨੀਆ ਭਰ ’ਚ ਦੇਸ਼ਾਂ ਦੀ ਕੁਲ ਸੰਪਤੀ ’ਚ ਨਿੱਜੀ ਸੰਪਤੀ ਦੇ ਹਿੱਸੇ ’ਚ ਅਥਾਹ ਵਾਧਾ ਹੋਇਆ ਹੈ ਜਦਕਿ ਇਸ ਦੇ ਉਲਟ ਪਬਲਿਕ ਸੰਪਤੀ ਦੇ ਹਿੱਸੇ ’ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ।

1980 ਤੋਂ ਬਾਅਦ ਕੁਲ ਸੰਪਤੀ ’ਚ ਪਬਲਿਕ ਸੰਪਤੀ ’ਚ ਭਾਰੀ ਗਿਰਾਵਟ ਤੇ ਨਿੱਜੀ ਸੰਪਤੀ ’ਚ ਅਥਾਹ ਵਾਧਾ ਹੋਣ ਕਾਰਨ ਇਕ ਅੰਸਤੁਲਨ ਪੈਦਾ ਹੋਣ ਕਾਰਨ ਸਰਕਾਰਾਂ ਲਈ ਆਮਦਨ ’ਚ ਅਸਮਾਨਤਾਵਾਂ ਤੇ ਨਾ-ਬਰਾਬਰੀਆ ਘਟਾਉਣਾ ਜਾਂ ਰੋਕਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ-ਮੁਮਕਿਨ ਹੋ ਗਿਆ ਹੈ।

ਕਿਰਤ ਸ਼ਕਤੀ ਸਾਲਾਨਾ ਸਰਵੇਖਣ 2025 ਦੇ ਅਨੁਸਾਰ ਦੇਸ਼ ’ਚ ਲੇਬਰ ਫ਼ੋਰਸ ਪਾਰਟੀਸੀਪੇਸ਼ਨ ਦਰ 59.3 ਫ਼ੀਸਦ ਸੀ ਇਹ ਦਰ ਪੁਰਸ਼ ਕਾਮਿਆਂ ’ਚ 79.1 ਫ਼ੀਸਦ ਅਤੇ ਔਰਤਾਂ ’ਚ 40 ਫ਼ੀਸਦ ਤੱਕ ਨੀਵੀਂ ਸੀ। ਸਰਵੇਖਣ ਮੁਤਾਬਕ ਭਾਰਤ ’ਚ ਕਾਮਿਆਂ ਤੇ ਕੁੱਲ ਆਬਾਦੀ ਦਾ ਅਨੁਪਾਤ 57.4 ਫ਼ੀਸਦੀ ਹੈ, ਜਿਸ ਮੁਤਾਬਕ ਦੇਸ਼ ’ਚ ਕੰਮ ਕਰਨ ਵਾਲੇ ਕਾਮਿਆਂ ਦੀ ਕੁੱਲ ਗਿਣਤੀ 61.6 ਕਰੋੜ ਹੈ, ਇਹਨਾਂ ’ਚੋਂ 41.6 ਕਰੋੜ ਪੁਰਸ਼ ਹਨ ਅਤੇ ਬਾਕੀ 20 ਕਰੋੜ ਔਰਤਾਂ ਹਨ। ਇਹਨਾਂ ਵਿਚੋਂ 3.1 ਫ਼ੀਸਦ, ਲਗਭਗ 2 ਕਰੋੜ ਕਾਮੇਂ ਪੂਰਨ ਰੂਪ ’ਚ ਬੇਰੁਜ਼ਗਾਰ ਹਨ, ਪੇਂਡੂ ਖੇਤਰਾਂ ’ਚ 2.4 ਫ਼ੀਸਦੀ ਅਤੇ ਸ਼ਹਿਰੀ ਖੇਤਰਾਂ ’ਚ 4.8 ਫ਼ੀਸਦੀ ਕਾਮੇ ਪੂਰਨ ਰੂਪ ’ਚ ਬੇਰੁਜ਼ਗਾਰ ਹਨ, ਭਾਵ ਉਹ ਬਿਲਕੁਲ ਵਿਹਲੇ ਹਨ ਅਤੇ ਉਨ੍ਹਾਂ ਨੂੰ ਰੋਜ਼ਾਨਾ ਕੋਈ ਵੀ ਆਮਦਨ ਨਹੀਂ ਹੁੰਦੀ ਉਹ ਆਪਣਿਆਂ ਲੋੜਾਂ ਲਈ ਦੂਜਿਆਂ ’ਤੇ ਨਿਰਭਰ ਹਨ। ਸੈਕੰਡਰੀ ਸਿੱਖਿਆ ਪਾਸ ਕਾਮਿਆਂ ’ਚ ਬੇਰੁਜ਼ਗਾਰੀ ਦੀ ਦਰ 6.5 ਫ਼ੀਸਦੀ ਪਾਈ ਗਈ ਹੈ। ਔਸਤਨ ਇੱਕ ਕੰਮ ਕਰਨ ਵਾਲੇ ਭਾਰਤੀ ਨੇ 2025 ਦੇ ਸਾਲ ਦੌਰਾਨ ਆਪਣੇ ਰੁਜ਼ਗਾਰ ਤੋਂ ਹਰ ਰੋਜ਼ 1077 ਰੁਪਏ ਕਮਾਏ ਤੇ ਮਹੀਨੇ ਦੇ 32310 ਰੁਪਏ ਪਰ ਹੇਠਲੇ 27.5 ਫ਼ੀਸਦੀ, ਲਗਭਗ 17 ਕਰੋੜ ਨੇ ਹਰ ਰੋਜ਼ ਔਸਤਨ ਕੇਵਲ 100 ਰੁਪਏ ਕਮਾਏ ਭਾਵ 3,000 ਰੁਪਏ ਪ੍ਰਤੀ ਮਹੀਨਾ ਜਾਂ ਘੱਟ, ਇੱਥੇ ਇਹ ਜ਼ਿਕਰਯੋਗ ਹੈ ਕਿ ਦੇਸ਼ ਦੇ ਲਗਭਗ 25 ਫ਼ੀਸਦੀ ਕਾਮਿਆਂ ਨੂੰ ਕਾਨੂੰਨ ਦੁਆਰਾ ਨਿਰਧਾਰਤ ਘੱਟੋ ਘੱਟ ਉਜ਼ਰਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਹੇਠਲੇ ਲਗਭਗ 50 ਫ਼ੀਸਦ, ਲਗਭਗ 30-31 ਕਰੋੜ ਕਾਮਿਆਂ ਨੇ ਹਰ ਰੋਜ਼ ਔਸਤਨ 300 ਰੁਪਏ ਕਮਾਏ ਭਾਵ 9,000 ਰੁਪਏ ਪ੍ਰਤੀ ਮਹੀਨਾ ਜਾਂ ਘੱਟ, ਇਹ ਦਰ ਪੁਰਸ਼ ਕਾਮਿਆਂ ’ਚ 39 ਫ਼ੀਸਦੀ ਤੇ ਔਰਤਾਂ ’ਚ 85 ਫ਼ੀਸਦੀ ਹਨ। ਅਨੁਮਾਨਾਂ ਅਨੁਸਾਰ ਇਸ ਦੇ ਉਲਟ ਉਪਰਲੇ 1 ਫ਼ੀਸਦ ਅਮੀਰ ਕਾਮਿਆਂ ਦੀ ਪ੍ਰਾਪਤ ਰੁਜ਼ਗਾਰ ਤੋਂ ਰੋਜ਼ਾਨਾ ਦੀ ਆਮਦਨ 13,600 ਰੁਪਏ ਤੋਂ 15,000 ਰੁਪਏ ਅਤੇ ਮਹੀਨੇ ਦੀ 4 ਲੱਖ ਰੁਪਏ ਤੋਂ 4.5 ਲੱਖ ਰੁਪਏ ਹੈ। ਇਸੇ ਹੀ ਤਰ੍ਹਾਂ ਉਪਰਲੇ 10 ਫ਼ੀਸਦੀ ਅਮੀਰ ਕਾਮਿਆਂ ਦੀ ਰੋਜ਼ਾਨਾ ਦੀ ਆਮਦਨ 2500 ਰੁਪਏ ਤੋਂ 2900 ਰੁਪਏ ਹੈ ਅਤੇ ਮਹੀਨੇ ਦੀ 75,000 ਰੁਪਏ ਤੋਂ 87,000 ਰੁਪਏ ਹੈ। ਇਹ ਸਪੱਸ਼ਟ ਕਰਦਾ ਹੈ ਕਿ ਦੇਸ਼ ’ਚ ਕਾਮਿਆਂ ਦੀ ਰੋਜ਼ਾਨਾ ਅਤੇ ਮਹੀਨੇ ਦੀ ਆਮਦਨ ’ਚ ਉੱਚ-ਦਰਜੇ ਦੀਆਂ ਨਾ-ਬਰਾਬਰੀਆਂ ਪਾਈਆਂ ਜਾਂਦੀਆਂ ਹਨ।

ਅਜਿਹੇ ਹਾਲਾਤ ਹੇਠਲੇ ਪੱਧਰ ਦੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ, ਜਿਹਨਾਂ ਦੀ ਰੋਜ਼ਾਨਾ ਦੀ ਆਮਦਨ ਬਹੁਤ ਘੱਟ ਹੈ, ਲਈ ਬੇਹੱਦ ਘਾਤਕ ਸਿੱਧ ਹੋ ਰਹੇ ਹਨ। ਇਸੇ ਕਰਕੇ ਅੱਜ ਕੱਲ੍ਹ ਦੇਸ਼ ਦੇ ਉਦਯੋਗਿਕ ਖੇਤਰਾਂ ’ਚ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਅੰਦਰ ਮਜ਼ਦੂਰਾਂ ਵੱਲੋਂ ਸੰਘਰਸ਼ ਕਰ ਕੇ ਘੱਟੋ ਘੱਟ ਮਜ਼ਦੂਰੀ ਨੂੰ ਵਧਾਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਹੋਰਨਾਂ ਖੇਤਰਾਂ ਦੇ ਮਜ਼ਦੂਰਾਂ ਜਿਵੇਂ ਕਿ ਸਫ਼ਾਈ ਸੇਵਕਾਂ, ਖੇਤੀ ਕਾਮਿਆਂ, ਆਸ਼ਾ ਵਰਕਰਾਂ ਆਦਿ, ਵਲੋਂ ਦੇਸ਼ ਦੇ ਕਾਫ਼ੀ ਹਿੱਸਿਆਂ ’ਚ ਵੀ ਕੰਮ ਛੱਡੋ ਅੰਦੋਲਨ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਘੱਟੋ-ਘੱਟ ਮਜ਼ਦੂਰੀ ਵਿੱਚ ਚੋਖਾ ਵਾਧਾ ਕੀਤਾ ਜਾਵੇ ਪਰ ਮਾਲਕਾਂ ਤੇ ਸਰਕਾਰਾਂ ਵੱਲੋਂ ਸੰਘਰਸ਼ਾਂ ਨੂੰ ਸਰਕਾਰੀ ਤੰਤਰ ਦੀ ਮੱਦਦ ਨਾਲ ਜ਼ਬਰਦਸਤੀ ਤੇ ਅਹਿੰਸਕ ਢੰਗਾਂ ਨਾਲ ਦਬਾਉਣ ਕਾਰਨ ਅਹਿੰਸਕ ਘੱਟਨਾਵਾਂ ਸਾਹਮਣੇ ਆਈਆਂ ਸਨ। ਭਵਿੱਖ ’ਚ ਖ਼ਦਸੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਇਹਨਾਂ ਖੇਤਰਾਂ ’ਚ ਹੋਰ ਤਲਖ਼ ਕਲਾਮੀਆ ਵੀ ਸਾਹਮਣੇ ਆ ਸਕਦੀਆਂ ਹਨ। ਕੁਝ ਅੰਤਰਰਾਸ਼ਟਰੀ ਕਾਰਨਾਂ ਕਰਕੇ ਖ਼ਾਸ ਕਰਕੇ ਯੂਕਰੇਨ ਅਤੇ ਰੂਸ ਦੀ ਜੰਗ, ਇਜ਼ਰਾਇਲ ਅਤੇ ਫ਼ਲਸਤੀਨ ਦੀ ਜੰਗ ਅਤੇ ਅਮਰੀਕਾ ਅਤੇ ਇਰਾਨ ਦੀ ਜੰਗ ਨੇ ਦੇਸ਼ ਦੀ ਆਰਥਿਕਤਾ ਨੂੰ ਢਾਹ ਲਾਈ ਹੈ। ਖ਼ਾਸ ਕਰਕੇ ਮਹਿੰਗਾਈ ਨੂੰ ਅਸਮਾਨੀ ਪਹੁੰਚਾ ਦਿੱਤਾ ਹੈ, ਇਸ ਬਲਦੀ ’ਤੇ ਤੇਲ ਪਾਉਣਾ ਕਿਹਾ ਜਾ ਸਕਦਾ ਹੈ। ਭਾਵੇਂ ਕੇਂਦਰੀ ਰਿਜ਼ਰਵ ਬੈਂਕ ਨੇ ਮੁਦਰਾ ਨੀਤੀ ’ਚ ਕੁਝ ਵਿਆਜ਼ ਦਰਾਂ ਨੂੰ ਵਧਾ ਕੇ ਮਹਿੰਗਾਈ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਕੋਈ ਬਹੁਤੀ ਸਫ਼ਲਤਾ ਹਾਸਲ ਨਹੀਂ ਹੋਈ। ਇਸ ਦੇ ਨਾਲ ਹੀ ਕੁਝ ਘਰੇਲੂ ਕਾਰਨਾਂ ਕਰਕੇ ਵੀ ਮਹਿੰਗਾਈ ’ਚ ਵਾਧਾ ਹੋਇਆ ਹੈ। ਇਸ ਵਰਤਾਰੇ ਨੇ ਦੇਸ਼ ਦੇ ਮਜ਼ਦੂਰਾਂ ਤੇ ਕਾਮਿਆਂ ਦੀ ਆਰਥਿਕਤਾ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਇਹੀ ਕਾਰਨ ਹੈ ਅੱਜ-ਕੱਲ੍ਹ ਇਸ ਵਰਗ ਵਲੋਂ ਲਗਾਤਾਰ ਅਵਾਜ਼ ਉਠਾਈ ਜਾ ਰਹੀ ਹੈ ਕਿ ਘੱਟੋ ਘੱਟ ਮਜ਼ਦੂਰੀ ਦੀ ਦਰ ਵਿਚ ਚੋਖਾ ਵਾਧਾ ਕੀਤਾ ਜਾਵੇ।

ਪਿਛਲੇ ਕਾਫ਼ੀ ਸਮੇਂ ਤੋਂ ਦੇਸ਼ ਦੀ ਵੱਡੀ ਆਬਾਦੀ ਅਤੇ ਆਬਾਦੀ ’ਚ ਜਵਾਨਾਂ ਦੀ ਗਿਣਤੀ ਵਧੇਰੇ ਹੋਣ ਨੂੰ ਰਾਸ਼ਟਰੀ ਡਿਵੀਡੈਂਡ ਪ੍ਰਚਾਰਿਆ ਜਾ ਰਿਹਾ ਹੈ ਪਰ ਜਦੋਂ ਇਸ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਸਥਿਤੀ ਕਾਫ਼ੀ ਨਿਰਾਸ਼ਾ ਵਾਲੀ ਤੇ ਭਿਆਨਕ ਰੂਪ ’ਚ ਲੱਗਦੀ ਹੈ। ਦੇਸ਼ ਦੀ 15-29 ਸਾਲ ਦੀ ਉਮਰ ਦੀ ਜਵਾਨਾਂ ਦੀ ਆਬਾਦੀ ਜਾਂ ਤਾਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ’ਚ ਪੜ੍ਹ ਰਹੀ ਹੋਣੀ ਚਾਹੀਦੀ ਹੈ, ਜਾਂ ਕਿਸੇ ਨਾ ਕਿਸੇ ਤਕਨੀਕੀ ਦੀ ਜਾਂ ਹੋਰ ਟ੍ਰੇਨਿੰਗ ਲੈ ਰਹੀ ਹੋਣੀ ਚਾਹੀਦੀ ਹੈ ਜਾਂ ਕਿਸੇ ਨਾ ਕਿਸੇ ਰੁਜ਼ਗਾਰ ’ਤੇ ਲੱਗੀ ਹੋਈ ਹੋਣੀ ਚਾਹੀਦੀ ਹੈ ਪਰ ਸਾਡੇ ਦੇਸ਼ ਦੀ ਇਸ ਜਵਾਨ ਆਬਾਦੀ ਦਾ ਬਹੁਤ ਵੱਡਾ ਹਿੱਸਾ ਭਾਵ 25 ਫ਼ੀਸਦੀ ਬਿਲਕੁਲ ਵਿਹਲਾ ਹੈ ਭਾਵ ਦੇਸ਼ ਦੇ ਜਵਾਨਾਂ ਦੀ ਏਨੀਂ ਵੱਡੀ ਆਬਾਦੀ ਬੇਰੁਜ਼ਗਾਰ ਹੈ ਕਿਉਂਕਿ ਨਾ ਇਹ ਪੜ੍ਹ ਰਹੀ ਹੈ, ਨਾ ਹੀ ਕੋਈ ਟ੍ਰੇਨਿੰਗ ਲੈ ਰਹੀ ਹੈ ਅਤੇ ਨਾ ਹੀ ਕਿਸੇ ਰੁਜ਼ਗਾਰ ਤੇ ਲੱਗੀ ਹੈ। ਇਸ ਲਈ ਵੱਡੀ ਆਬਾਦੀ ਦੇ ਡਿਵੀਡੈਂਡ ਦੇ ਦਾਅਵੇ ਵੀ ਖੋਖਲੇ ਹੀ ਦਿੱਸਦੇ ਹਨ। ਇਹ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਖੇਤਰਾਂ ਲਈ ਕੋਈ ਬਹੁਤੇ ਚੰਗੇ ਸੰਕੇਤ ਨਹੀਂ ਹਨ।

# ਨਵੇਂ ਬੀਜ ਬਿੱਲ ਨਾਲ ਕਿਸਾਨੀ ਹੱਕਾਂ ’ਤੇ ਮੰਡਰਾਇਆ ਖ਼ਤਰਾ

## ਬੀਜ ਰੱਖਣ ਦੀ ਖੁੱਲ੍ਹ ਖੁੱਸਣ ਦਾ ਖ਼ਦਸ਼ਾ



ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤ ਵਿੱਚ ਖੇਤੀ ਖੋਜ ਅਤੇ ਪਸਾਰ ਦਾ ਕੰਮ ਮੁੱਖ ਤੌਰ ’ਤੇ ਸਰਕਾਰੀ ਅਦਾਰਿਆਂ ਵੱਲੋਂ ਹੀ ਕੀਤਾ ਜਾਂਦਾ ਰਿਹਾ ਹੈ। ਭਾਵੇਂ ਕਿ ਕੁਝ ਨਿੱਜੀ ਕੰਪਨੀਆਂ ਆਪਣੇ ਖੇਤੀ ਰਸਾਇਣ ਅਤੇ ਸੰਦ ਵੇਚਣ ਵਾਸਤੇ ਖੇਤਾਂ ਵਿੱਚ ਪ੍ਰਦਰਸ਼ਨੀ ਪਲਾਟ ਲਗਾ ਕੇ ਸਰਕਾਰੀ ਫ਼ੰਡਾਂ ਵਿੱਚੋਂ ਹਿੱਸਾ ਮੰਗਦੀਆਂ ਰਹੀਆਂ ਹਨ, ਪਰ ਪਿਛਲੀਆਂ ਸਰਕਾਰਾਂ ਨੇ ਇਹ ਮੰਗ ਨਹੀਂ ਮੰਨੀ ਸੀ।

ਹੁਣ ਵਿਦੇਸ਼ੀ ਕੰਪਨੀਆਂ ਦੇ ਸਰਕਾਰੀ ਅਦਾਰਿਆਂ ਵਿੱਚ ਪੈਰ ਧਰਨ ਨਾਲ ਖੇਤੀ ਖੋਜ ਵਿੱਚ ਨਿੱਜੀ ਕੰਪਨੀਆਂ ਦੀ ਹਿੱਸੇਦਾਰੀ ਦਾ ਰਾਹ ਪੱਧਰਾ ਹੋ ਜਾਵੇਗਾ। 2023 ਵਿੱਚ ‘ਬਿੱਲ ਐਂਡ ਮੇਲਿੰਡਾ ਗੇਟਸ ਫ਼ਾਊਂਡੇਸ਼ਨ’ ਦੇ ਮੁੱਖ ਸੰਚਾਲਕ ਬਿੱਲ ਗੇਟਸ ਨੇ ਪੂਸਾ ਇੰਸਟੀਚਿਊਟ (ਨਵੀਂ ਦਿੱਲੀ) ਦੇ ਦੌਰੇ ਦੌਰਾਨ ਰਲ ਕੇ ਖੋਜ ਕਰਨ ਦੀ ਇੱਛਾ ਪ੍ਰਗਟਾਈ ਸੀ, ਤਾਂ ਜੋ ਬਦਲਦੇ ਮੌਸਮ ਦੇ ਅਨੁਕੂਲ ਖੋਜ ਕਰਕੇ ਫ਼ਸਲਾਂ ਦੇ ਨਵੇਂ ਬੀਜ ਲਿਆਂਦੇ ਜਾ ਸਕਣ। ਪੂਸਾ ਇੰਸਟੀਚਿਊਟ ਵਜੋਂ ਜਾਣੀ ਜਾਂਦੀ ‘ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ’ (ਆਈ.ਏ.ਆਰ.ਆਈ.) ਤੋਂ ਇਲਾਵਾ ‘ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ’ (ਆਈ.ਸੀ.ਏ.ਆਰ.), ਜਿਸ ਨਾਲ 113 ਖੋਜ ਕੇਂਦਰ ਅਤੇ 71 ਯੂਨੀਵਰਸਿਟੀਆਂ ਜੁੜੀਆਂ ਹੋਈਆਂ ਹਨ, ਪਹਿਲਾਂ ਹੀ ਵਿਸ਼ਵ ਪੱਧਰੀ ਖੋਜ ਕਰ ਰਹੇ ਹਨ। ਫਿਰ ਨਿੱਜੀ ਸੰਸਥਾਵਾਂ ਨੂੰ ਵਿਚਕਾਰ ਲਿਆਉਣ ਦੀ ਕੀ ਲੋੜ ਪੈ ਗਈ? ਦਰਅਸਲ ਸਾਰੇ ਕਾਰਪੋਰੇਟ—ਭਾਰਤੀ ਹੋਣ ਜਾਂ ਵਿਦੇਸ਼ੀ—ਸਾਡੀ ਖੇਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਮਾਰਕੀਟਿੰਗ ਤਾਂ ਪਹਿਲਾਂ ਹੀ ਇਨ੍ਹਾਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ। ਰੋਟੀ ਹਰ ਇੱਕ ਦੀ ਜ਼ਰੂਰਤ ਹੋਣ ਕਰਕੇ ਇਹ ਚਾਹੁੰਦੇ ਹਨ ਕਿ ਸਿਰਫ਼ ਮਾਰਕੀਟਿੰਗ ਦੀ ਥਾਂ ਇਸ ਦੀ ਪੈਦਾਵਾਰ ਨੂੰ ਹੀ ਕੰਟਰੋਲ ਕਰ ਲਿਆ ਜਾਵੇ, ਤਾਂ ਜੋ ਦੇਸ਼ ਦੇ ਅੰਨ ਭੰਡਾਰ ’ਤੇ ਇਨ੍ਹਾਂ ਦੀ ਹਕੂਮਤ ਹੋ ਜਾਵੇ। ਇਸ ਸਾਰੇ ਵਰਤਾਰੇ ਵਿੱਚ ਖੋਜ, ਖ਼ਾਸ ਕਰਕੇ ਬੀਜਾਂ ਦਾ ਪੇਟੈਂਟ ਕਰਵਾਇਆ ਜਾਣਾ, ਕਿਸਾਨਾਂ ਲਈ ਖ਼ਤਰਨਾਕ ਕਦਮ ਸਾਬਤ ਹੋ ਸਕਦਾ ਹੈ।

ਅੰਤਰਰਾਸ਼ਟਰੀ ਪੱਧਰ ’ਤੇ: ਜਦੋਂ ਤੱਕ ‘ਗੈਟ’ (ਜਨਰਲ ਐਗਰੀਮੈਂਟ ਆਨ ਟੈਰਿਫ਼ਸ ਐਂਡ ਟਰੇਡ) ਪ੍ਰਭਾਵੀ ਰਿਹਾ, ਉਸ ਵਿੱਚੋਂ ਖੇਤੀ (ਭੋਜਨ) ਅਤੇ ਸਿਹਤ ਨੂੰ ਬਾਹਰ ਰੱਖਿਆ ਗਿਆ ਸੀ। ਪਰ ਇਹ ਗੱਲ ਵਿਕਸਿਤ ਦੇਸ਼ਾਂ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਆਪਣੇ ਪਲਾਂਟ ਬ੍ਰੀਡਰਾਂ ਦੀ ਖੋਜ ਨੂੰ ‘ਇੰਟਲੈਕਚੁਅਲ ਪ੍ਰਾਪਰਟੀ ਰਾਈਟਸ’ ਹੇਠ ਲਿਆ ਕੇ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ ਅਤੇ 1961 ਵਿੱਚ ਇਸ ਨੂੰ ਬਦਲ ਕੇ ‘ਇੰਟਰਨੈਸ਼ਨਲ ਯੂਨੀਅਨ ਫ਼ਾਰ ਦ ਪ੍ਰੋਟੈਕਸ਼ਨ ਆਫ਼ ਨਿਊ ਵਰਾਇਟੀਜ਼ ਆਫ਼ ਪਲਾਂਟਸ’ (ਯੂ.ਪੀ.ਓ.ਵੀ.) ਬਣਾ ਦਿੱਤਾ। ਅਮਰੀਕਾ ਨੂੰ 1978 ਵਿੱਚ ਆਪਣਾ ਕਾਨੂੰਨ ਬਦਲੇ ਬਿਨਾਂ ਇਸ ਅਦਾਰੇ ਨਾਲ ਜੁੜਨ ਦੀ ਮਾਨਤਾ ਮਿਲ ਗਈ ਅਤੇ ਯੂ.ਪੀ.ਓ.ਵੀ. ਦੀ ਕਨਵੈਨਸ਼ਨ ਵਿੱਚ ਪਲਾਂਟ ਬ੍ਰੀਡਰਾਂ ਦੀ ਤਕਰੀਬਨ ਅਜਾਰੇਦਾਰੀ ਹੋ ਗਈ। 1991 ਵਿੱਚ ਇਸ ਨੂੰ ਦੁਬਾਰਾ ਸੋਧਿਆ ਗਿਆ, ਜਿਸ ਤਹਿਤ ਪਲਾਂਟ ਬ੍ਰੀਡਰਾਂ ਨੂੰ ਹੋਰ ਸੁਰੱਖਿਆ ਦੇ ਕੇ ਉਨ੍ਹਾਂ ਦਾ ਮੁਕੰਮਲ ਏਕਾਧਿਕਾਰ ਸਥਾਪਿਤ ਕਰ ਦਿੱਤਾ ਗਿਆ। ‘ਵਿਸ਼ਵ ਵਪਾਰ ਸੰਗਠਨ’ (ਡਬਲਿਊ.ਟੀ.ਓ.) ਬਣਨ ਵੇਲੇ ਡੰਕਲ ਦੇ ਅੰਤਿਮ ਖਰੜੇ ਵਿੱਚ ਇਸ ਨੂੰ ਮਾਨਤਾ ਦਿੱਤੀ ਗਈ ਅਤੇ ਇਸ ਨੂੰ ਲਾਗੂ ਕਰਨ ਲਈ 10 ਸਾਲਾਂ ਦਾ ਸਮਾਂ ਦਿੱਤਾ ਗਿਆ ਸੀ ਪਰ ਇਸ ਨੂੰ ਲਾਗੂ ਨਾ ਕਰਨ ਕਾਰਨ ਤਤਕਾਲੀ ਭਾਰਤ ਸਰਕਾਰਾਂ ਹਮੇਸ਼ਾ ਡਬਲਿਊ.ਟੀ.ਓ. ਦੇ ਨਿਸ਼ਾਨੇ ’ਤੇ ਰਹੀਆਂ।

ਇਸ ਕਾਨੂੰਨ ਦਾ ਅਸਰ ਸਭ ਤੋਂ ਪਹਿਲਾਂ ਯੂ.ਕੇ. ਅਤੇ ਯੂਰੋਪੀਅਨ ਯੂਨੀਅਨ ਦੇ ਕਿਸਾਨਾਂ ’ਤੇ ਉਦੋਂ ਹੋਇਆ, ਜਦੋਂ ‘ਬ੍ਰਿਟਿਸ਼ ਸੁਸਾਇਟੀ ਫ਼ਾਰ ਪਲਾਂਟ ਪ੍ਰੋਟੈਕਸ਼ਨ’ ਨੇ 1995 ਵਿੱਚ ਸਕਾਟਲੈਂਡ ਦੇ ਕਿਸਾਨਾਂ ਖ਼ਿਲਾਫ਼ ਅਦਾਲਤ ਵਿੱਚ ਕੇਸ ਦਾਇਰ ਕੀਤਾ ਕਿ ਇਹ ਕਿਸਾਨ ਦੂਜੇ ਕਿਸਾਨਾਂ ਨੂੰ ਆਲੂਆਂ ਦਾ ਬੀਜ ਵੇਚ ਰਹੇ ਹਨ। ਅਦਾਲਤ ਨੇ ਬੀਜ ਕੰਪਨੀਆਂ ਦੇ ਨੁਕਸਾਨ ਦੀ ਭਰਪਾਈ ਲਈ ਕਿਸਾਨਾਂ ਨੂੰ 30,000 ਪੌਂਡ ਦਾ ਜੁਰਮਾਨਾ ਲਗਾਇਆ। ਅਮਰੀਕਾ ਵਿੱਚ ‘ਐਸਗਰੋ ਸੀਡ ਕੰਪਨੀ’ ਨੇ ਉੱਥੋਂ ਦੇ ਕਿਸਾਨ ਡੈਨੀ ਅਤੇ ਉਸ ਦੀ ਪਤਨੀ ਬੈਕੀ ਵਿੰਟਰਬੋਇਰ ’ਤੇ ਕੇਸ ਕੀਤਾ ਸੀ, ਜਿਨ੍ਹਾਂ ਨੇ ਕੰਪਨੀ ਤੋਂ ਸੋਇਆਬੀਨ ਦਾ ਬੀਜ ਖ਼ਰੀਦ ਕੇ ਅੱਗੋਂ ਵਧਾ ਕੇ ਹੋਰਨਾਂ ਕਿਸਾਨਾਂ ਨੂੰ ਵੇਚ ਦਿੱਤਾ ਸੀ। ਕੰਪਨੀ ਦੀ ਦਲੀਲ ਸੀ ਕਿ ਇਹ ਕਿਸਮ ਪੇਟੈਂਟ ਹੋਣ ਕਾਰਨ ਕਿਸਾਨ ਅੱਗੇ ਬੀਜ ਨਹੀਂ ਵੇਚ ਸਕਦੇ, ਜਦਕਿ ਵਿੰਟਰਬੋਇਰ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸਿਰਫ਼ ਉਹੀ ਬੀਜ ਵੇਚਿਆ ਹੈ ਜੋ ਕੰਪਨੀ ਤੋਂ ਲਿਆ ਸੀ। ਜਦੋਂ ਅਦਾਲਤੀ ਫ਼ੈਸਲਾ ਵਿੰਟਰਬੋਇਰ ਦੇ ਹੱਕ ਵਿੱਚ ਹੋਇਆ, ਤਾਂ ਕੰਪਨੀਆਂ ਨੇ ਸਰਕਾਰ ’ਤੇ ਦਬਾਅ ਪਾ ਕੇ ਕਾਨੂੰਨ ਹੀ ਬਦਲਵਾ ਲਿਆ।

ਇਸ ਅੰਤਰਰਾਸ਼ਟਰੀ ਕਾਨੂੰਨ ਨੇ ਭਾਰਤ ਦੀ ਹਲਦੀ, ਨਿੰਮ ਅਤੇ ਬਾਸਮਤੀ ਨੂੰ ਵੀ ਨਹੀਂ ਬਖ਼ਸ਼ਿਆ। 1995 ਵਿੱਚ ਹਲਦੀ ਨੂੰ ਪੇਟੈਂਟ ਕਰਵਾ ਲਿਆ ਗਿਆ ਅਤੇ ਨਿੰਮ ਨੂੰ ਕੀਟਨਾਸ਼ਕ ਵਜੋਂ ਦਰਸਾ ਕੇ ਇੱਕ ਅਮਰੀਕੀ ਕੰਪਨੀ ਨੇ ਪੇਟੈਂਟ ਹਾਸਲ ਕਰ ਲਿਆ। 1997 ਵਿੱਚ ਅਮਰੀਕਾ ਦੀ ‘ਰਾਈਸ ਟੈੱਕ’ ਕੰਪਨੀ ਨੇ ਭਾਰਤੀ ਬਾਸਮਤੀ ਨੂੰ ਪੇਟੈਂਟ ਕਰਵਾ ਲਿਆ ਅਤੇ ਇਸ ਨੂੰ ਦੋ ਟਰੇਡਮਾਰਕਾਂ—‘ਟੈਕਸਮਤੀ’ (ਅਮਰੀਕੀ ਚੌਲ) ਅਤੇ ਬਾਸਮਤੀ ਨੂੰ ‘ਇੰਡੀਅਨ ਸਟਾਈਲ ਚੌਲ’ ਦੱਸ ਕੇ ਵੇਚਣਾ ਸ਼ੁਰੂ ਕਰ ਦਿੱਤਾ। ਜਦੋਂ ਭਾਰਤ ਨੇ ਸਾਲ 2000 ਵਿੱਚ ਇਸ ’ਤੇ ਇਤਰਾਜ਼ ਦਰਜ ਕਰਵਾਇਆ, ਤਾਂ ਤਿੰਨ ਕਿਸਮਾਂ (ਬੀ.ਏ.ਐੱਸ., ਆਰ.ਟੀ. 117 ਅਤੇ ਆਰ.ਟੀ. 121) ਨੂੰ ਪੇਟੈਂਟ ਵਿੱਚੋਂ ਬਾਹਰ ਕੱਢਿਆ ਗਿਆ।

ਨਵਾਂ ਬੀਜ ਬਿੱਲ: ਦਾਅਵਾ ਕੀਤਾ ਜਾ ਰਿਹਾ ਹੈ ਕਿ ਨਵਾਂ ਬੀਜ ਬਿੱਲ ਬਾਜ਼ਾਰ ਵਿੱਚੋਂ ਨਕਲੀ ਬੀਜਾਂ ਨੂੰ ਖ਼ਤਮ ਕਰਕੇ ਕਿਸਾਨਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰੇਗਾ, ਕਿਉਂਕਿ ਬੀਜਾਂ ’ਤੇ ਡਿਜੀਟਲ ਮਾਰਕਾ ਲੱਗਿਆ ਹੋਵੇਗਾ ਅਤੇ ਸਕੈਨ ਕੋਡ ਰਾਹੀਂ ਇਹ ਪਤਾ ਲੱਗ ਸਕੇਗਾ ਕਿ ਇਹ ਬੀਜ ਕਿੱਥੋਂ ਚੱਲ ਕੇ ਕਿਸਾਨ ਤੱਕ ਪਹੁੰਚਿਆ ਹੈ। ਇਸ ਦੀ ‘ਵੈਲਿਊ ਫ਼ਾਰ ਕਲਟੀਵੇਸ਼ਨ ਐਂਡ ਯੂਜ਼’ (ਵੀ.ਸੀ.ਯੂ.) ਦੇ ਨਿਯਮਾਂ ਅਨੁਸਾਰ ਪਰਖ ਹੋਵੇਗੀ ਅਤੇ ਸਿਰਫ਼ ਪ੍ਰਮਾਣਿਤ ਬੀਜ ਹੀ ਉਪਲੱਬਧ ਕਰਵਾਏ ਜਾਣਗੇ। ਸਰਕਾਰ ਦਾ ਦਾਅਵਾ ਹੈ ਕਿ ਇਹ ਕਾਨੂੰਨ 2001 ਵਾਲੇ ਕਿਸਾਨੀ ਹੱਕਾਂ ਨੂੰ ਬਰਕਰਾਰ ਰੱਖੇਗਾ—ਭਾਵ ਕਿਸਾਨ ਆਪਣੀ ਉਪਜ ਦਾ ਬੀਜ ਆਪਣੇ ਕੋਲ ਰੱਖ ਸਕੇਗਾ ਅਤੇ ਦੂਜੇ ਕਿਸਾਨਾਂ ਨੂੰ ਵੀ ਵੇਚ ਸਕੇਗਾ।

ਇਹ ਗੱਲਾਂ ਪੜ੍ਹਨ-ਸੁਣਨ ਨੂੰ ਬਹੁਤ ਚੰਗੀਆਂ ਲੱਗਦੀਆਂ ਹਨ ਅਤੇ ਜਾਪਦਾ ਹੈ ਕਿ ਯੂ.ਪੀ.ਓ.ਵੀ. ਤੋਂ ਛੁਟਕਾਰਾ ਮਿਲ ਜਾਵੇਗਾ, ਪਰ ਡੂੰਘਾਈ ਨਾਲ ਘੋਖਣ ’ਤੇ ਪਤਾ ਲੱਗਦਾ ਹੈ ਕਿ ‘ਸੀਡ ਐਕਟ 2025’ ਦਰਅਸਲ ‘ਪ੍ਰੋਟੈਕਸ਼ਨ ਆਫ਼ ਪਲਾਂਟ ਵਰਾਇਟੀਜ਼ ਐਂਡ ਫ਼ਾਰਮਰਜ਼ ਰਾਈਟਸ ਐਕਟ’ ਦੀ ਤਾਕਤ ਨੂੰ ਘਟਾਉਂਦਾ ਹੈ। ਕਿਸਾਨ ਆਪਣੇ ਬੀਜ ਵੇਚ ਸਕਦਾ ਹੈ, ਪਰ ਸ਼ਰਤ ਇਹ ਹੈ ਕਿ ਸਿਰਫ਼ ਬ੍ਰਾਂਡਡ ਬੀਜ ਹੀ ਵਿਕਣਗੇ—ਕੀ ਆਮ ਕਿਸਾਨ ਵੱਡੀਆਂ ਕੰਪਨੀਆਂ ਦਾ ਮੁਕਾਬਲਾ ਕਰ ਸਕੇਗਾ? ਦੂਜਾ, ਵੀ.ਸੀ.ਯੂ. ਟੈਸਟਿੰਗ ਲਾਜ਼ਮੀ ਹੋਣ ਕਰਕੇ ਇਹ ਸਿਰਫ਼ ਸਰਕਾਰੀ ਅਦਾਰਿਆਂ ਅਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਖੋਜ ਰਾਹੀਂ ਹੀ ਸੰਭਵ ਹੋਵੇਗਾ। ਦਰਅਸਲ, ਇੱਥੇ ਸਿਰਫ਼ ਉਹੀ ਕਿਸਮ ਪਾਸ ਹੋਵੇਗੀ ਜਿਸ ਦਾ ਫੁਟਾਰਾ ਇਕਸਾਰ ਹੋਵੇ, ਜਿਵੇਂ ਹਾਈ-ਯੀਲਡਿੰਗ ਹਾਈਬ੍ਰਿਡ ਬੀਜਾਂ ਵਿੱਚ ਹੁੰਦਾ ਹੈ, ਜਾਂ ਨਵੀਂ ਕਿਸਮ ਵਿੱਚ ਕੋਈ ਵਿਸ਼ੇਸ਼ ਗੁਣ ਹੋਵੇ। ਇਸ ਨਾਲ ਕਿਸਾਨ ਤਾਂ ਦੂਰ, ਸਾਡੇ ਆਈ.ਸੀ.ਏ.ਆਰ. ਵਰਗੇ ਵੱਡੇ ਅਦਾਰੇ ਜੋ ਖੋਜ ਕਰਕੇ ਕਿਸਾਨਾਂ ਨੂੰ ਸਸਤੇ ਬੀਜ ਮੁਹੱਈਆ ਕਰਵਾਉਂਦੇ ਹਨ, (ਬਾਕੀ ਸਫ਼ਾ 27 ’ਤੇ)

# ਗੁਪਤ ਡੋਨਰ ਫੰਡਾਂ ਰਾਹੀਂ ਸੰਘ ਪਰਿਵਾਰ ਨੂੰ ਵਿਦੇਸ਼ੀ ਡਾਲਰਾਂ ਦੀ ਖੇਪ; ਪਾਰਦਰਸ਼ਤਾ ’ਤੇ ਉੱਠੇ ਸਵਾਲ

**ਰਜਿੰਦਰ ਸਿੰਘ ਪੁਰੇਵਾਲ**





ਅਮਰੀਕਾ ਤੋਂ ਆਰ.ਐੱਸ.ਐੱਸ. ਨਾਲ ਜੁੜੀਆਂ ਸੰਸਥਾਵਾਂ ਨੂੰ ਮਿਲੇ ਕਰੋੜਾਂ ਡਾਲਰਾਂ ਦੇ ਗੁਪਤ ਫੰਡਾਂ ਨੇ ਕੌਮਾਂਤਰੀ ਪੱਧਰ ’ਤੇ ਹਲਚਲ ਮਚਾ ਦਿੱਤੀ ਹੈ। ਨੀਦਰਲੈਂਡ ਦੀ ਖੋਜੀ ਪੱਤਰਕਾਰੀ ਵੈੱਬਸਾਈਟ ‘ਬੈਲਿੰਗਕੈਟ’ ਨੇ ਅਮਰੀਕੀ ਟੈਕਸ ਵਿਭਾਗ ਦੇ ਲਾਜ਼ਮੀ ਦਸਤਾਵੇਜ਼ਾਂ ‘ਫ਼ਾਰਮ 990’ ਅਤੇ ਹੋਰ ਰਿਕਾਰਡਾਂ ਦੀ ਪੜਤਾਲ ਮਗਰੋਂ ਇਹ ਵੱਡਾ ਪਰਦਾਫ਼ਾਸ਼ ਕੀਤਾ ਹੈ। ਰਿਪੋਰਟ ਅਨੁਸਾਰ ਸਾਲ 2020 ਤੋਂ 2024 ਦਰਮਿਆਨ ਦੋ ਪ੍ਰਮੁੱਖ ਅਮਰੀਕੀ ਸੰਸਥਾਵਾਂ ਨੂੰ 11.78 ਕਰੋੜ ਡਾਲਰ ਪ੍ਰਾਪਤ ਹੋਏ ਸਨ। ਇਨ੍ਹਾਂ ਵਿੱਚੋਂ 2.44 ਕਰੋੜ ਡਾਲਰ (ਲਗਭਗ 231 ਕਰੋੜ ਰੁਪਏ) ਅਜਿਹੇ ਫੰਡਾਂ ਰਾਹੀਂ ਆਏ ਜਿੱਥੇ ਦਾਨ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਲੁਕੀ ਹੋਈ ਹੈ।

ਇਹ ਪੈਸਾ ਅਮਰੀਕਾ ਦੀ ਖ਼ਾਸ ਦਾਨ ਪ੍ਰਣਾਲੀ ‘ਡੋਨਰ-ਐਡਵਾਈਜ਼ਡ ਫੰਡ’ ਰਾਹੀਂ ਭੇਜਿਆ ਗਿਆ ਹੈ। ਇਸ ਕਾਨੂੰਨੀ ਚੋਰ-ਮੋਰੀ ਤਹਿਤ ਦਾਨੀ ਕਿਸੇ ਵੱਡੇ ਫੰਡ ਵਿੱਚ ਰਕਮ ਜਮ੍ਹਾਂ ਕਰਵਾ ਕੇ ਭਾਰੀ ਟੈਕਸ ਛੋਟ ਲੈ ਲੈਂਦੇ ਹਨ ਅਤੇ ਫਿਰ ਸੰਸਥਾ ਨੂੰ ਪੈਸਾ ਦੇਣ ਦਾ ਸੁਝਾਅ ਦਿੰਦੇ ਹਨ। ਸਰਕਾਰੀ ਕਾਗ਼ਜ਼ਾਂ ਵਿੱਚ ਇਹ ਤਾਂ ਦਰਜ ਹੁੰਦਾ ਹੈ ਕਿ ਕਿਸ ਸੰਸਥਾ ਨੂੰ ਪੈਸਾ ਗਿਆ, ਪਰ ਮੂਲ ਪੈਸਾ ਕਿਸ ਵਿਅਕਤੀ ਜਾਂ ਕੰਪਨੀ ਦਾ ਸੀ, ਉਸ ਦਾ ਨਾਂ ਜਨਤਕ ਰਿਕਾਰਡ ਤੋਂ ਗਾਇਬ ਰਹਿੰਦਾ ਹੈ। ਬੈਲਿੰਗਕੈਟ ਮੁਤਾਬਕ ਫ਼ਿਡੈਲਿਟੀ ਚੈਰੀਟੇਬਲ, ਚਾਰਲਸ ਸ਼ਵਾਬ ਅਤੇ ਅਮੈਰੀਕਨ ਆਨਲਾਈਨ ਗਿਵਿੰਗ ਫਾਊਂਡੇਸ਼ਨ ਵਰਗੇ ਵੱਡੇ ਫੰਡਾਂ ਨੇ ਇਸ ਰਕਮ ਦਾ 80 ਫ਼ੀਸਦੀ ਤੋਂ ਵੱਧ ਹਿੱਸਾ ਮੁਹੱਈਆ ਕਰਵਾਇਆ ਸੀ।

ਇਸ ਗੁਪਤ ਫੰਡਿੰਗ ਦਾ ਮੁੱਖ ਲਾਹਾ ਲੈਣ ਵਾਲੀਆਂ ਸੰਸਥਾਵਾਂ ‘ਏਕਲ ਵਿਦਿਆਲਿਆ ਫਾਊਂਡੇਸ਼ਨ ਆਫ਼ ਯੂ.ਐੱਸ.ਏ.’ ਅਤੇ ‘ਸੇਵਾ ਇੰਟਰਨੈਸ਼ਨਲ’ (ਹਿਊਸਟਨ) ਹਨ। ਏਕਲ ਯੂ.ਐੱਸ.ਏ. ਨੂੰ ਮਿਲੇ ਫੰਡਾਂ ਵਿੱਚੋਂ 3.37 ਕਰੋੜ ਡਾਲਰ ਭਾਰਤ ਵਿੱਚ ਏਕਲ ਸਕੂਲਾਂ ਦੇ ਵਿਸਥਾਰ ਲਈ ਭੇਜੇ ਗਏ। ਇਸ ਸੰਸਥਾ ਦੀ ਨੀਂਹ ਵਿਸ਼ਵ ਹਿੰਦੂ ਪ੍ਰੀਸ਼ਦ ਅਮਰੀਕਾ ਨੇ ਰੱਖੀ ਸੀ ਅਤੇ ਇਸ ਦੇ ਸਮਾਗਮਾਂ ਵਿੱਚ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਲਗਾਤਾਰ ਸ਼ਾਮਲ ਹੁੰਦੇ ਰਹੇ ਹਨ। ਦੂਜੇ ਪਾਸੇ, ਸੇਵਾ ਇੰਟਰਨੈਸ਼ਨਲ ਨੂੰ 1.6 ਕਰੋੜ ਡਾਲਰ ਤੋਂ ਵੱਧ ਗੁਪਤ ਰਾਸ਼ੀ ਮਿਲੀ, ਜਿਸ ਨੇ ਦੱਖਣੀ ਏਸ਼ੀਆ ਅਤੇ ਭਾਰਤ ਅੰਦਰ ਆਰ.ਐੱਸ.ਐੱਸ. ਦੇ ਸੇਵਾ ਵਿਭਾਗ ‘ਸੇਵਾ ਭਾਰਤੀ’ ਰਾਹੀਂ ਰਾਹਤ ਕਾਰਜਾਂ ਲਈ ਪੈਸਾ ਖ਼ਰਚਿਆ।

ਚੈਰਿਟੀ ਦੇ ਪਰਦੇ ਪਿੱਛੇ ਅਸਲ ਮਨੋਰਥ ਵਿਚਾਰਧਾਰਕ ਪਸਾਰ ਅਤੇ ਸਿਆਸੀ ਸਰਪ੍ਰਸਤੀ ਨੂੰ ਮੰਨਿਆ ਜਾ ਰਿਹਾ ਹੈ। ਆਲੋਚਕਾਂ ਅਤੇ ਰਿਪੋਰਟਾਂ ਅਨੁਸਾਰ ਪੇਂਡੂ ਤੇ ਆਦਿਵਾਸੀ ਖੇਤਰਾਂ ਵਿੱਚ ਸਕੂਲ ਖੋਲ੍ਹ ਕੇ ਬੱਚਿਆਂ ਤੇ ਔਰਤਾਂ ਵਿੱਚ ਕੱਟੜ ਹਿੰਦੂਤਵੀ ਵਿਚਾਰਧਾਰਾ ਫੈਲਾਈ ਜਾਂਦੀ ਹੈ ਅਤੇ ਘੱਟ ਗਿਣਤੀਆਂ ਖ਼ਿਲਾਫ਼ ਮਾਹੌਲ ਤਿਆਰ ਕੀਤਾ ਜਾਂਦਾ ਹੈ। ਵਿਦੇਸ਼ਾਂ ਤੋਂ ਮਿਲ ਰਹੇ ਗੁਪਤ ਚੰਦੇ ਸਦਕਾ ਸੰਘ ਦਾ ਦਾਇਰਾ ਲਗਾਤਾਰ ਫੈਲ ਰਿਹਾ ਹੈ, ਜਿਸ ਦੀ ਵਰਤੋਂ ਚੋਣਾਂ ਵੇਲੇ ਸਮਾਜ ਨੂੰ ਵੰਡ ਕੇ ਸੱਤਾਧਾਰੀ ਧਿਰ ਨੂੰ ਲਾਭ ਪਹੁੰਚਾਉਣ ਲਈ ਕੀਤੀ ਜਾਂਦੀ ਹੈ।

ਇਹ ਸਾਰਾ ਮਾਮਲਾ ਭਾਰਤ ਸਰਕਾਰ ਦੇ ਦੋਹਰੇ ਮਾਪਦੰਡਾਂ ’ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਜਿੱਥੇ ਆਜ਼ਾਦ ਸੋਚ ਵਾਲੀਆਂ ਐਨ.ਜੀ.ਓਜ਼ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਐੱਫ.ਸੀ.ਆਰ.ਏ ਲਾਇਸੈਂਸ ਵਿਦੇਸ਼ੀ ਫੰਡਿੰਗ ਦੇ ਨਾਂ ’ਤੇ ਰੱਦ ਕੀਤੇ ਜਾ ਰਹੇ ਹਨ, ਉੱਥੇ ਸੰਘ ਨਾਲ ਜੁੜੀਆਂ ਜਥੇਬੰਦੀਆਂ ਨੂੰ ਬਿਨਾਂ ਰੋਕ-ਟੋਕ ਕਰੋੜਾਂ ਡਾਲਰ ਮਿਲ ਰਹੇ ਹਨ। ਆਰ.ਐੱਸ.ਐੱਸ. ਭਾਰਤ ਅੰਦਰ ਰਜਿਸਟਰਡ ਸੰਸਥਾ ਵੀ ਨਹੀਂ ਹੈ, ਜਿਸ ਕਾਰਨ ਇਸ ਦੇ ਵਿੱਤੀ ਲੇਖੇ-ਜੋਖੇ ਦੀ ਕੋਈ ਸੁਤੰਤਰ ਜਨਤਕ ਜਾਂਚ ਨਹੀਂ ਹੁੰਦੀ। ਜਦੋਂ ਤੱਕ ਬਾਹਰੋਂ ਆਉਣ ਵਾਲੇ ਇਸ ਗੁਪਤ ਪੈਸੇ ਦੇ ਮੂਲ ਸਰੋਤਾਂ ਦੀ ਜਾਂਚ ਨਹੀਂ ਹੁੰਦੀ, ਉਦੋਂ ਤੱਕ ਦੇਸ਼ ਦੇ ਲੋਕਤੰਤਰ ਅਤੇ ਸਮਾਜਿਕ ਤਾਣੇ-ਬਾਣੇ ਉੱਤੇ ਵਿਦੇਸ਼ੀ ਧਨ ਦਾ ਇਹ ਅਸਰ ਲਗਾਤਾਰ ਵੱਧਦਾ ਰਹੇਗਾ।

ਇਹ ਸਾਰਾ ਘਟਨਾਕ੍ਰਮ ਮੋਦੀ ਸਰਕਾਰ ਅਤੇ ਸੰਘ ਪਰਿਵਾਰ ਦੇ ਦੋਹਰੇ ਕਿਰਦਾਰ ਅਤੇ ਤਾਨਾਸ਼ਾਹੀ ਰਵੱਈਏ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਦਾ ਹੈ। ਇੱਕ ਪਾਸੇ ਸਰਕਾਰ ਲੋਕਾਂ ਦੇ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ, ਘੱਟ ਗਿਣਤੀਆਂ ਦੇ ਅਦਾਰਿਆਂ ਅਤੇ ਆਲੋਚਕਾਂ ਦੀ ਆਵਾਜ਼ ਦਬਾਉਣ ਲਈ ਐਫਸੀਆਰਏ ਦੇ ਸਖ਼ਤ ਕਾਨੂੰਨਾਂ ਦਾ ਕੁਹਾੜਾ ਚਲਾ ਰਹੀ ਹੈ, ਉੱਥੇ ਦੂਜੇ ਪਾਸੇ ਸੰਘ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਾਲੀਆਂ ਸੰਸਥਾਵਾਂ ਨੂੰ ਅਮਰੀਕਾ ਤੋਂ ਗੁਪਤ ਰੂਪ ਵਿੱਚ ਕਰੋੜਾਂ ਰੁਪਏ ਬਿਨਾਂ ਕਿਸੇ ਜਾਂਚ-ਪੜਤਾਲ ਦੇ ਆਉਣ ਦਿੱਤੇ ਜਾ ਰਹੇ ਹਨ। ਆਰ.ਐੱਸ.ਐੱਸ. ਦੇਸ਼ ਅੰਦਰ ਆਪਣੇ ਆਪ ਨੂੰ ਗੈਰ-ਰਜਿਸਟਰਡ ਰੱਖ ਕੇ ਕਿਸੇ ਵੀ ਜਨਤਕ ਆਡਿਟ ਅਤੇ ਜਵਾਬਦੇਹੀ ਤੋਂ ਭੱਜਦਾ ਹੈ, ਜਦਕਿ ਉਸ ਦੀ ਸਰਪ੍ਰਸਤੀ ਵਾਲੀ ਸਰਕਾਰ ਸੱਤਾ ਦਾ ਦੁਰਉਪਯੋਗ ਕਰਕੇ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੀ ਹੈ। ਵਿਦੇਸ਼ੀ ਡਾਲਰਾਂ ਰਾਹੀਂ ਸਮਾਜਿਕ ਵੰਡੀਆਂ ਪਾਉਣ ਅਤੇ ਵੋਟਾਂ ਦਾ ਧਰੁਵੀਕਰਨ ਕਰਨ ਦੀ ਇਹ ਖੇਡ ਸਾਬਤ ਕਰਦੀ ਹੈ ਕਿ ਸੱਤਾਧਾਰੀ ਧਿਰ ਲਈ ਕੌਮੀ ਹਿੱਤਾਂ ਨਾਲੋਂ ਆਪਣਾ ਕੱਟੜਪੰਥੀ ਰਾਜਨੀਤਿਕ ਏਜੰਡਾ ਕਿਤੇ ਜ਼ਿਆਦਾ ਅਹਿਮ ਹੈ।

# ਕੈਨੇਡਾ ਵਿੱਚ ਕਿਉਂ ਫੈਲ ਰਹੀ ਹੈ ਬੇਰੁਜ਼ਗਾਰੀ?

**ਪ੍ਰਿੰਸੀਪਲ ਵਿਜੈ ਕੁਮਾਰ**

ਸੋਸ਼ਲ, ਪ੍ਰਿੰਟ ਅਤੇ ਬਿਜਲਈ ਮੀਡੀਆ ਦੇ ਮਾਧਿਅਮ ਰਾਹੀਂ ਇਹ ਗੱਲ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚ ਚੁੱਕੀ ਹੈ ਕਿ ਕੈਨੇਡਾ ’ਚ ਬੇਰੁਜ਼ਗਾਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇੱਥੇ ਦੂਜੇ ਦੇਸ਼ਾਂ ਤੋਂ ਪੜ੍ਹਾਈ ਦੇ ਬਹਾਨੇ ਰੁਜ਼ਗਾਰ ਲੱਭਣ ਆਏ ਪ੍ਰਵਾਸੀ ਨੌਜਵਾਨ ਇੱਥੇ ਰੁਜ਼ਗਾਰ ਲੱਭਣ ਲਈ ਮਿੰਨਤਾਂ ਕਰਦੇ ਘੁੰਮ ਰਹੇ ਹਨ। ਜਿਨ੍ਹਾਂ ਨੂੰ ਕੋਈ ਨੌਕਰੀ ਮਿਲੀ ਹੋਈ ਵੀ ਹੈ, ਉਨ੍ਹਾਂ ਦੇ ਵਰਕ ਪਰਮਿਟਾਂ ਉੱਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।

ਇੱਥੇ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਪੱਕੀ ਨਾਗਰਿਕਤਾ ਦੇਣ ਲਈ ਕਈ ਤਰ੍ਹਾਂ ਦੇ ਕਾਨੂੰਨ ਲਿਆਂਦੇ ਜਾ ਰਹੇ ਹਨ। ਕੈਨੇਡਾ ਆਰਥਿਕ ਖੁਸ਼ਹਾਲੀ ਪੱਖੋਂ ਦੁਨੀਆ ਦਾ ਅੱਠਵਾਂ ਦੇਸ਼ ਹੈ। ਇਸ ’ਚ ਨਾ ਤਾਂ ਐਨੀ ਆਰਥਿਕ ਮੰਦਹਾਲੀ ਹੈ ਤੇ ਨਾ ਹੀ ਐਨੀ ਬੇਰੁਜ਼ਗਾਰੀ ਜਿੰਨੀ ਮੀਡੀਆ ਵਿੱਚ ਚਰਚਾ ਹੋ ਰਹੀ ਹੈ। ਹਾਂ, ਇਹ ਗੱਲ ਜ਼ਰੂਰ ਹੈ ਕਿ ਜੇਕਰ ਸਰਕਾਰ ਨੇ ਆਪਣੀਆਂ ਨੀਤੀਆਂ ਅਤੇ ਬਾਹਰਲੇ ਮੁਲਕਾਂ ’ਚੋਂ ਇੱਥੇ ਆ ਵਸੇ ਪ੍ਰਵਾਸੀਆਂ ਨੇ ਆਪਣੇ ਆਪ ’ਚ ਸੁਧਾਰ ਨਾ ਲਿਆਂਦਾ ਤਾਂ ਇੱਥੇ ਰੁਜ਼ਗਾਰ, ਵਪਾਰ, ਸੁਰੱਖਿਆ, ਸਿੱਖਿਆ ਤੇ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ।

ਇੱਥੇ ਬਾਹਰਲੇ ਮੁਲਕਾਂ ਤੋਂ ਆ ਕੇ ਵੱਸਣ ਵਾਲੇ ਲੋਕਾਂ ਨੂੰ ਤਿੰਨ ਤਰ੍ਹਾਂ ਦਾ ਰੁਜ਼ਗਾਰ ਮਿਲਦਾ ਹੈ। ਪਹਿਲੇ ਵਰਗ ’ਚ ਡਾਕਟਰ, ਇੰਜਨੀਅਰ (ਅੱਡ ਅੱਡ ਖੇਤਰਾਂ ’ਚ), ਨਰਸਾਂ, ਸੀ.ਏ, ਵਕੀਲ, ਗਣਿਤ ਅਤੇ ਵਿਗਿਆਨ ਵਿਸ਼ੇ ਦੇ ਅਧਿਆਪਕ ਤੇ ਇਸ ਦੇ ਨਾਲ ਮਿਲਦੇ ਜੁਲਦੇ ਹੋਰ ਰੁਜ਼ਗਾਰ ਆਉਂਦੇ ਹਨ। ਇਸ ਵਰਗ ’ਚ ਜਿਨ੍ਹਾਂ ਨੌਜਵਾਨਾਂ ਕੋਲ ਇਨ੍ਹਾਂ ਨੌਕਰੀਆਂ ਦੇ ਮੁਤਾਬਿਕ ਵਿਦਿਅਕ ਯੋਗਤਾ, ਤਜਰਬਾ ਤੇ ਚੰਗੇ ਦਿਮਾਗ਼ ਹੁੰਦੇ ਹਨ ਤੇ ਉਹ ਇੱਥੋਂ ਦੇ ਟੈਸਟ ਪਾਸ ਕਰ ਲੈਂਦੇ ਹਨ, ਉਨ੍ਹਾਂ ਲਈ ਇੱਥੇ ਨੌਕਰੀਆਂ ਦੀ ਕੋਈ ਘਾਟ ਨਹੀਂ ਹੈ।



ਦੂਜੇ ਵਰਗ ’ਚ ਮਕੈਨਿਕ, ਕਾਰੀਗਰ, ਬਿਜਲੀ ਤੇ ਲੱਕੜੀ ਦਾ ਕੰਮ ਜਾਣਨ ਵਾਲੇ, ਪਲੰਬਰ, ਮਿਸਤਰੀ ਅਤੇ ਇਸ ਦੇ ਨਾਲ ਮਿਲਦੇ ਜੁਲਦੇ ਹੋਰ ਰੁਜ਼ਗਾਰ ਆਉਂਦੇਹਨ। ਬਾਹਰਲੇ ਮੁਲਕਾਂ ਤੋਂ ਇੱਥੇ ਆ ਕੇ ਵੱਸਣ ਵਾਲੇ ਜਿਨ੍ਹਾਂ ਲੋਕਾਂ ਕੋਲ ਇਨ੍ਹਾਂ ਰੁਜ਼ਗਾਰਾਂ ਲਈ ਵਿਦਿਅਕ ਯੋਗਤਾ, ਇਨ੍ਹਾਂ ਕੰਮਾਂ ਨੂੰ ਕਰਨ ਦਾ ਚੰਗਾ ਹੁਨਰ ਤੇ ਚੰਗਾ ਦਿਮਾਗ਼ ਹੁੰਦਾ ਹੈ, ਉਨ੍ਹਾਂ ਨੂੰ ਬਹੁਤ ਆਰਾਮ ਨਾਲ ਕੰਮ ਅਤੇ ਨੌਕਰੀਆਂ ਮਿਲ ਜਾਂਦੀਆਂ ਹਨ। ਤੀਜੇ ਵਰਗ ਵਿੱਚ ਲੇਬਰ ਵਰਗ ਆਉਂਦਾ ਹੈ। ਇਸ ਨੂੰ ਜ਼ਿਆਦਾਤਰ ਰੈਸਟੋਰੈਂਟਾਂ, ਪਲਾਜ਼ਿਆਂ, ਵੇਅਰ ਹਾਊਸਾਂ, ਫੈਕਟਰੀਆਂ, ਫਾਰਮ ਹਾਊਸਾਂ, ਬਾਗ਼ ਬਗੀਚਿਆਂ ਤੇ ਹੋਰ ਖੇਤਰਾਂ ਲਈ ਲੇਬਰ ਵਾਲੇ ਕੰਮ ਆਉਂਦੇਹਨ। ਇਨ੍ਹਾਂ ਖੇਤਰਾਂ ’ਚ ਹੀ ਰੁਜ਼ਗਾਰ ਮਿਲਣਾ ਔਖਾ ਹੋ ਰਿਹਾ ਹੈ। ਇਨ੍ਹਾਂ ਵਰਗਾਂ ਵਿੱਚ ਹੀ ਬੇਰੁਜ਼ਗਾਰੀ ਵਧਣ ਦਾ ਰੌਲਾ ਪੈ ਰਿਹਾ ਹੈ। ਇੱਕ ਵਰਗ ਡਰਾਈਵਰਾਂ ਦਾ ਵੀ ਹੈ ਜਿਸ ਵਿੱਚ ਯੋਗਤਾ ਤੇ ਅਨੁਭਵ ਨਾਲ ਰੁਜ਼ਗਾਰ ਮਿਲ ਹੀ ਜਾਂਦਾ ਹੈ। ਇੱਥੋਂ ਦੀਆਂ ਸਰਕਾਰਾਂ ਵਿਦੇਸ਼ਾਂ ਤੋਂ ਆਪਣੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਦੂਜੇ ਮੁਲਕਾਂ ਤੋਂ ਨੌਜਵਾਨਾਂ ਤੇ ਹੋਰ ਲੋਕਾਂ ਨੂੰ ਧੜਾ ਧੜ ਬੁਲਾਉਂਦੀਆਂਤਾਂ ਰਹੀਆਂ, ਪਰ ਉਨ੍ਹਾਂ ਨੇ ਲੋਕਾਂ ਦੀ ਗਿਣਤੀ ਮੁਤਾਬਿਕ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਉਲਟਾ ਇੱਥੋਂ ਦੇ ਹਾਲਾਤ ਨੂੰ ਵੇਖਦੇ ਹੋਏ ਇੱਥੋਂ ਦੀਆਂ ਫੈਕਟਰੀਆਂ ਇੱਥੋਂ ਛੱਡ ਕੇ ਦੂਜੇ ਮੁਲਕਾਂ ’ਚ ਜਾ ਰਹੀਆਂ ਹਨ। ਰੁਜ਼ਗਾਰ ਦੇ ਮੌਕੇ ਵਧਣ ਦੀ ਥਾਂ ਘਟਣ ਲੱਗ ਪਏ ਹਨ। ਦੂਜਾ ਕਾਰਨ ਇੱਥੇ ਪੱਕੇ ਤੌਰ ’ਤੇ ਵਸੇ ਹੋਏ ਅਤੇ ਵਿਜ਼ਿਟਰ ਵੀਜ਼ੇ ’ਤੇ ਆਏ ਹੋਏ ਬਜ਼ੁਰਗ ਘੱਟ ਰੇਟ ਉੱਤੇ ਲੇਬਰ ਕਰ ਰਹੇ ਹਨ। ਰੈਸਟੋਰੈਂਟਾਂ, ਫਾਰਮ ਹਾਊਸਾਂ, ਵੇਅਰ ਹਾਊਸਾਂ, ਫੈਕਟਰੀਆਂ ਤੇ ਪਲਾਜ਼ਿਆਂ ਦੇ ਮਾਲਕ ਆਪਣਾ ਟੈਕਸ ਤੇ ਪੈਸਾ ਬਚਾਉਣ ਲਈ ਨੌਜਵਾਨਾਂ ਦੀ ਬਜਾਏ ਉਨ੍ਹਾਂ ਬਜ਼ੁਰਗਾਂ ਨੂੰ ਕੰਮ ਦਿੰਦੇ ਹਨ। ਇਹ ਵੀ ਬੇਰੁਜ਼ਗਾਰੀ ਵਧਣ ਦਾ ਬਹੁਤ ਵੱਡਾ ਕਾਰਨ ਹੈ। ਜਿਨ੍ਹਾਂ ਲੋਕਾਂ ਕੋਲ ਕਮਾਈ ਦੇ ਸਾਧਨ ਚੰਗੇ ਹਨ, ਉਹ ਆਪਣੀ ਸਾਰੀ ਕਮਾਈ ਰੀਅਲ ਅਸਟੇਟ ’ਚ ਲਗਾ ਰਹੇ ਹਨ ਕਿਉਂਕਿ ਬੈਂਕ ਐੱਫ.ਡੀ.ਆਰ. ’ਤੇ ਜ਼ਿਆਦਾ ਵਿਆਜ ਨਹੀਂ ਦਿੰਦੇ।ਰੀਅਲ ਅਸਟੇਟ ਆਪਣੇ ਆਪ ਵਿੱਚ ਇੱਕ ਇੰਡਸਟਰੀ ਬਣ ਕੇ ਰਹਿ ਗਈ ਹੈ। ਇਸ ਨਾਲ ਰੁਜ਼ਗਾਰ ਦੇ ਸਾਧਨ ਪੈਦਾ ਹੋਣ ਦੀ ਬਜਾਏ ਮੁਲਕ ਦਾ ਪੈਸਾ ਅਮੀਰ ਲੋਕਾਂ ਕੋਲ ਜਮ੍ਹਾਂ ਹੁੰਦਾ ਜਾ ਰਿਹਾ ਹੈ। ਇੱਥੋਂ ਦੀਆਂ ਸਰਕਾਰਾਂ ਨੇ ਜੇਕਰ ਲੋਕਾਂ ਨੂੰ ਰੀਅਲ ਅਸਟੇਟ ਦੀ ਬਜਾਏ ਫੈਕਟਰੀਆਂ, ਫਾਰਮ ਹਾਊਸਾਂ, ਬਾਗ਼ ਬਗ਼ੀਚਿਆਂ ਤੇ ਹੋਰ ਖੇਤਰਾਂ ਵਿੱਚ ਪੈਸਾ ਲਗਾਉਣ ਲਈ ਪ੍ਰੇਰਿਆ ਹੁੰਦਾ ਤਾਂ ਇੱਥੋਂ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਹੋਣੇ ਸਨ। ਬੀਮਾ ਯੋਜਨਾ ਦੀ ਦੁਰਵਰਤੋਂ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਣ ਵੱਲ ਸਰਕਾਰਾਂ ਦਾ ਕੋਈ ਧਿਆਨ ਨਾ ਹੋਣ ਕਾਰਨ ਇੱਥੋਂ ਦੀ ਆਰਥਿਕਤਾ ਨੂੰ ਖੋਰਾ ਲੱਗਣ ਕਾਰਨ ਕਾਰਖਾਨੇ ਨਾ ਲੱਗਣ ਕਾਰਨ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ।

ਵੋਟਾਂ ਦੀ ਰਾਜਨੀਤੀ ਕਾਰਨ ਵੱਖ ਵੱਖ ਵਰਗਾਂ ਅਧੀਨ ਦੂਜੇ ਦੇਸ਼ਾਂ ਤੋਂ ਜ਼ਰੂਰਤ ਤੋਂ ਵੱਧ ਲੋਕਾਂ ਨੂੰ ਬੁਲਾਉਣ, ਉਨ੍ਹਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਸਹੂਲਤਾਂ ਦੇਣ ਤੇ ਦੂਜੇ ਮੁਲਕਾਂ ਦੀ ਸਹਾਇਤਾ ਦੀ ਆੜ ਵਿੱਚ ਲੁਟਾਏ ਜਾ ਰਹੇ ਪੈਸੇ ਕਾਰਨ ਮੁਲਕ ਦੀ ਆਰਥਿਕਤਾ ਦੇ ਕਮਜ਼ੋਰ ਹੋਣ ਕਾਰਨ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਸਾਧਨਾਂ ਨੂੰ ਪੈਦਾ ਕਰਨ ਵਿੱਚ ਔਕੜ ਆ ਰਹੀ ਹੈ। ਇੱਥੋਂ ਦੀਆਂ ਸਰਕਾਰਾਂ ਦੀ ਮਿਲੀਭੁਗਤ ਨਾਲ ਕਾਰਾਂ ਦੀ ਚੋਰੀ ਅਤੇ ਬਾਹਰਲੇ ਮੁਲਕਾਂ ’ਚ ਵਿਕਣ ਦਾ ਧੰਦਾ ਬੀਮਾ ਯੋਜਨਾ ਦੇ ਮਾਧਿਅਮ ਰਾਹੀਂ ਇੱਥੋਂ ਦੀ ਆਰਥਿਕਤਾ ਦੀਆਂ ਜੜ੍ਹਾਂ ’ਚ ਤੇਲ ਦੇ ਰਿਹਾ ਹੈ, ਜਿਸ ਨਾਲ ਵਧ ਰਹੀ ਆਬਾਦੀ ਮੁਤਾਬਿਕ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਸਾਧਨਾਂ ਵਿੱਚ ਵਾਧਾ ਨਹੀਂ ਹੋ ਰਿਹਾ। ਅਤਿਵਾਦ, ਲੁੱਟ ਖਸੁੱਟ, ਫਿਰੌਤੀਆਂ, ਮਾਰ ਮਰਾਈ, ਹੇਰਾ ਫੇਰੀਆਂ ਅਤੇ ਕਮਜ਼ੋਰ ਹੁੰਦੀ ਆਰਥਿਕਤਾ ਕਾਰਨ ਦੂਜੇ ਮੁਲਕਾਂ ਤੋਂ ਆਉਣ ਵਾਲੇ ਵਪਾਰੀ ਫੈਕਟਰੀਆਂ ਲਗਾਉਣ ਲਈ ਤਿਆਰ ਨਹੀਂ ਹਨ। ਇਸ ਲਈ ਲੋੜ ਮੁਤਾਬਿਕ ਹੋਰ ਰੁਜ਼ਗਾਰ ਦੇ ਸਾਧਨ ਪੈਦਾ ਨਹੀਂ ਹੋ ਰਹੇ। ਕਾਨੂੰਨਾਂ ਦੀਆਂ ਖਾਮੀਆਂ, ਪੁਲੀਸ ਕੋਲ ਅਧਿਕਾਰਾਂ ਦੀ ਘਾਟ ਅਤੇ ਨਸ਼ਿਆਂ ਦੇ ਵਪਾਰ ਵਿੱਚ ਹੋ ਰਿਹਾ ਲਗਾਤਾਰ ਵਾਧਾ ਤੇ ਕੈਨੇਡਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਅੰਤਰਰਾਸ਼ਟਰੀ ਪੱਧਰ ਉੱਤੇ ਇਸ ਦੇ ਪ੍ਰਭਾਵ ਨੂੰ ਪੇਤਲਾ ਕਰ ਰਹੀਆਂ ਹਨ।

ਇਸ ਲਈ ਵੀ ਦੂਜੇ ਦੇਸ਼ਾਂ ਤੋਂ ਲੋਕ ਆ ਕੇ ਇੱਥੇ ਕੋਈ ਵੀ ਧੰਦਾ ਕਰਨ ਲਈ ਤਿਆਰ ਨਹੀਂ। ਇਸ ਲਈ ਵੀ ਰੁਜ਼ਗਾਰ ਦੇ ਸਾਧਨ ਮੁਹੱਈਆ ਨਹੀਂ ਹੋ ਰਹੇ। ਤੇਲ ਅਤੇ ਹੋਰ ਕੁਦਰਤੀ ਸੋਮੇ ਇੱਥੋਂ ਦੇ ਵਪਾਰ ਦੇ ਮਾਧਿਅਮ ਰਾਹੀਂ ਰੁਜ਼ਗਾਰ ਅਤੇ ਆਮਦਨ ਦੇ ਸਾਧਨ ਹਨ, ਜਿਨ੍ਹਾਂ ਵਿੱਚ ਨਿਰੰਤਰ ਨਿਘਾਰ ਆ ਰਿਹਾ ਹੈ। ਕੈਨੇਡਾ ਦੀਆਂ ਸਰਕਾਰਾਂ ਨੂੰ ਸਭ ਤੋਂ ਪਹਿਲਾਂ ਤਾਂ ਆਪਣੀ ਆਰਥਿਕਤਾ ’ਚ ਆ ਰਹੇ ਨਿਘਾਰ ਨੂੰ ਠੀਕ ਕਰਨ ਲਈ ਵੋਟਾਂ ਦੀ ਰਾਜਨੀਤੀ ਦੀ ਆੜ ’ਚ ਵੱਖ ਵੱਖ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਬੇਲੋੜੀਆਂ ਸਹੂਲਤਾਂ ਦੇਣ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਟੈਕਸ ਦੀ ਚੋਰੀ ਅਤੇ ਹੇਰਾ ਫੇਰੀਆਂ ਨੂੰ ਰੋਕਿਆ ਜਾਵੇ, ਲੁੱਟ ਖਸੁੱਟ, ਚੋਰੀਆਂ, ਫਿਰੌਤੀਆਂ, ਮਾਰ ਮਰਾਈ, ਨਸ਼ਿਆਂ, ਅਤਿਵਾਦ ਅਤੇ ਹੇਰਾਫੇਰੀਆਂ ਨੂੰ ਰੋਕਣ ਲਈ ਕਾਨੂੰਨ ਦੀਆਂ ਖਾਮੀਆਂ ਨੂੰ ਦੂਰ ਕੀਤਾ ਜਾਵੇ, ਪੁਲੀਸ ਦੀ ਵੱਧ ਤੋਂ ਵੱਧ ਭਰਤੀ ਕੀਤੀ ਜਾਵੇ ਅਤੇ ਪੁਲਿਸ ਨੂੰ ਵੱਧ ਅਧਿਕਾਰ ਦਿੱਤੇ ਜਾਣ ਤਾਂ ਕਿ ਇੱਥੋਂ ਦਾ ਮਾਹੌਲ ਠੀਕ ਹੋਵੇ। (ਬਾਕੀ ਸਫ਼ਾ 27 ’ਤੇ)







ਜਗਮੋਹਨ ਸਿੰਘ ‘ਲੱਕੀ’
9463819174

**ਆਪਣੇ ਹੱਥਾਂ ਦੀਆਂ ਲਕੀਰਾਂ ਨੂੰ ਵੇਖ ਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਕਿਉਂਕਿ ਕਿਸਮਤ ਤਾਂ ਉਨ੍ਹਾਂ ਦੀ ਵੀ ਹੁੰਦੀ ਹੈ, ਜਿਨ੍ਹਾਂ ਦੇ ਹੱਥ ਨਹੀਂ ਹੁੰਦੇ। ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਵਹਿਮ- ਭਰਮ ਵਿੱਚ ਪੈਣ ਦੀ ਥਾਂ ਆਪਣੀ ਸੱਚੀ ਤੇ ਸੁੱਚੀ ‘ਕਿਰਤ’ ਕਰਦੇ ਰਹਿਣਾ ਚਾਹੀਦਾ ਹੈ। ਜਿਹੜੇ ਵਿਅਕਤੀ ਸਖ਼ਤ ਮਿਹਨਤ ਕਰਦੇ ਹਨ, ਉਨ੍ਹਾਂ ਨੂੰ ਇੱਕ ਦਿਨ ਸਫ਼ਲਤਾ ਜ਼ਰੂਰ ਮਿਲਦੀ ਹੈ।**





ਨਵਾਂ ਸਾਲ 2027 ਸ਼ੁਰੂ ਹੋਣ ਵਿੱਚ ਅਜੇ ਢਾਈ ਮਹੀਨਿਆਂ ਦਾ ਸਮਾਂ ਪਿਆ ਹੈ ਪਰ ਨਵੇਂ ਸਾਲ ’ਚ ਆਪਣਾ ਭਵਿੱਖ ਵੇਖਣ ਲਈ ਵੱਡੀ ਗਿਣਤੀ ਲੋਕ ਜੋਤਸ਼ੀਆਂ, ਤਾਂਤਰਿਕਾਂ, ਹਸਤ ਰੇਖਾ ਮਾਹਿਰਾਂ, ਜਨਮ ਕੁੰਡਲੀ ਤੇ ਟੇਵਾ ਬਣਾਉਣ ਵਾਲੇ ਪੰਡਤਾਂ ਦੀ ਸ਼ਰਨ ’ਚ ਪਹੁੰਚ ਗਏ ਹਨ। ਭਾਰਤ ’ਚ ਵੱਡੀ ਗਿਣਤੀ ਲੋਕਾਂ ਨੂੰ ਇਹ ਜਾਣਨ ਦੀ ਵੱਡੀ ਇੱਛਾ ਹੈ ਕਿ ਸਾਲ 2027 ਉਨ੍ਹਾਂ ਲਈ ਕਿਸ ਤਰ੍ਹਾਂ ਦਾ ਰਹੇਗਾ ? ਨਵੇਂ ਸਾਲ ਦੌਰਾਨ ਉਹਨਾਂ ਦਾ ਵਰਤਮਾਨ ਤੇ ਭਵਿੱਖ ਕਿਹੋ ਜਿਹਾ ਹੋਵੇਗਾ ? ਇਸ ਦੇ ਨਾਲ ਭਾਰਤ ਵਿੱਚ ਅਜਿਹੇ ਲੋਕ ਵੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ, ਜੋ ਕਿ ਜੋਤਿਸ਼ ਵਿਦਿਆ ਅਤੇ ਤਾਂਤਰਿਕਾਂ ’ਤੇ ਬਿਲਕੁਲ ਵਿਸ਼ਵਾਸ ਨਹੀਂ ਕਰਦੇ ਅਤੇ ਹਮੇਸ਼ਾ ‘ਪਰਮਾਤਮਾ’ ਦੀ ਰਜ਼ਾ ਵਿੱਚ ਰਹਿੰਦੇ ਹਨ। ਅਜਿਹੀ ਸੋਚ ਵਾਲੇ ਲੋਕਾਂ ਨੂੰ ਆਪਣੇ ਭਵਿੱਖ ਦੀ ਪਰਵਾਹ ਨਹੀਂ ਹੁੰਦੀ। ਇਹ ਲੋਕ ਸਖ਼ਤ ਮਿਹਨਤ ਕਰਕੇ ਹੀ ਆਪਣਾ ਭਵਿੱਖ ਸੁਨਹਿਰੀ ਬਣਾਉਣ ਨੂੰ ਤਰਜੀਹ ਦਿੰਦੇ ਹਨ।

ਵੱਖ-ਵੱਖ ਜੋਤਸ਼ੀਆਂ ਅਤੇ ਤਾਂਤਰਿਕਾਂ ਨੇ ਆਮ ਲੋਕਾਂ ਦੀ ਰਮਜ਼ ਨੂੰ ਸਮਝਦਿਆਂ ਵੱਖ- ਵੱਖ ਇਲਾਕਿਆਂ ਵਿੱਚ ਆਪਣੀ ਇਸ਼ਤਿਹਾਰਬਾਜ਼ੀ ਵੱਡੇ ਪੱਧਰ ’ਤੇ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਲੋਕ ਇਨ੍ਹਾਂ ਕੋਲ ਪਹੁੰਚ ਰਹੇ ਹਨ। ਕਈ ਜੋਤਸ਼ੀ ਤਾਂ ਇੱਕ ਸਵਾਲ ਪੁੱਛਣ ਦਾ 500 ਰੁਪਿਆ ਜਾਂ ਇੱਕ ਹਜ਼ਾਰ ਰੁਪਇਆ ਵੀ ਲੈ ਰਹੇ ਹਨ ਅਤੇ ਕਈ ਹਸਤ ਰੇਖਾ ਮਾਹਿਰ ਅਤੇ ਜੋਤਸ਼ੀ 2500 ਰੁਪਏ ਲੈ ਕੇ ਆਪਣਾ ਭਵਿੱਖ ਪੁੱਛਣ ਆਏ ਵਿਅਕਤੀ ਨਾਲ ਸਿਰਫ਼ 20 ਮਿੰਟ ਗੱਲਬਾਤ ਕਰਦੇ ਹਨ ਅਤੇ ਸਬੰਧਿਤ ਵਿਅਕਤੀ ਨੂੰ ਕਈ ਤਰ੍ਹਾਂ ਦੇ ਉਪਾਅ ਕਰਨ ਲਈ ਵੀ ਕਹਿੰਦੇ ਹਨ। ਭਾਰਤ ਵਿੱਚ ਅਜਿਹੇ ਲੋਕ ਵੱਡੀ ਗਿਣਤੀ ਵਿੱਚ ਹਨ, ਜੋ ਕਿ ਸਵੇਰ ਵੇਲੇ ਅਖ਼ਬਾਰਾਂ ਵਿੱਚ ਛਪਿਆ ਆਪਣਾ ਰਾਸ਼ੀਫ਼ਲ ਵੇਖ ਕੇ ਆਪਣੇ ਦਿਨ ਦੀ ਸ਼ੁਰੂਆਤ ਕਰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕ ਪੰਡਤਾਂ ਅਤੇ ਜੋਤਸ਼ੀਆਂ ਦੇ ਕਹਿਣ ’ਤੇ ਹਫ਼ਤੇ ਵਿੱਚ ਕਿਸੇ ਖਾਸ ਦਿਨ ਵਿਸ਼ੇਸ਼ ਰੰਗ ਦੇ ਕੱਪੜੇ ਪਾਉਂਦੇ ਹਨ। ਰੌਸ਼ਨੀਆਂ ਦੇ ਪਵਿੱਤਰ ਤਿਉਹਾਰ ਦਿਵਾਲੀ ਦੇ ਨੇੜੇ ਆਉਣ ’ਤੇ ਜੋਤਸ਼ੀਆਂ ਅਤੇ



ਹਸਤ ਰੇਖਾ ਮਾਹਿਰਾਂ ਕੋਲ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋ ਜਾਂਦਾ ਹੈ। ਵੱਡੀ ਗਿਣਤੀ ਲੋਕ ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਕਹਿਣ ’ਤੇ ਨਹਿਰਾਂ, ਨਦੀਆਂ ਅਤੇ ਚਲਦੇ ਪਾਣੀਆਂ ਵਿੱਚ ਹਰ ਦਿਨ ਕੋਈ ਨਾ ਕੋਈ ਸਮੱਗਰੀ ਜਲ ਪ੍ਰਵਾਹ ਕਰਦੇ ਦਿਖਾਈ ਦਿੰਦੇ ਹਨ। ਅਜਿਹੇ ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਅਜਿਹਾ ਕਰਨ ਨਾਲ ਉਹਨਾਂ ਦੇ ਜ਼ਰੂਰੀ ਕੰਮ ਜਲਦੀ ਹੋ ਜਾਣਗੇ ਅਤੇ ਉਹਨਾਂ ਦੇ ਗ੍ਰਹਿ ਸ਼ਾਂਤ ਹੋ ਜਾਣਗੇ। ਅਨੇਕਾਂ ਲੋਕ ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਕਹਿਣ ’ਤੇ ਕਈ ਕਿਸਮ ਦੀ ਪਾਠ ਪੂਜਾ ਵੀ ਕਰਦੇ ਅਤੇ ਕਰਵਾਉਂਦੇ ਹਨ। ਭਾਰਤ ਵਿੱਚ ਅਜਿਹੇ ਲੋਕ ਵੀ ਹਨ, ਜੋ ਕਿ ਸਵੇਰ ਵੇਲੇ ਨਦੀਆਂ, ਨਹਿਰਾਂ, ਟੋਭਿਆਂ ਅਤੇ ਰਜਵਾਹਿਆਂ ਵਿੱਚ ਮੱਛੀਆਂ ਨੂੰ ਆਟੇ ਦੀਆਂ ਗੋਲੀਆਂ ਪਾਉਂਦੇ ਹਨ ਪਰ ਸ਼ਾਮ ਨੂੰ ਇਹ ਲੋਕ ਬਹੁਤ ਸੁਆਦ ਲੈ ਕੇ ਮੱਛੀਆਂ ਦੇ ਹੀ ਪਕੌੜੇ ਖਾਂਦੇ ਹਨ।

ਜਿਹੜੇ ਲੋਕ ਜੋਤਿਸ਼ ਵਿਦਿਆ ਵਿੱਚ ਵਿਸ਼ਵਾਸ ਰੱਖਦੇ ਹਨ, ਉਨ੍ਹਾਂ ਦਾ ਵਿਸ਼ਵਾਸ ਤੋੜਨਾ ਨਹੀਂ ਚਾਹੀਦਾ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਕੋਈ ਉਪਾਅ ਕਰਨ ਤੋਂ ਰੋਕਣਾ ਚਾਹੀਦਾ ਹੈ। ਜੋਤਿਸ਼ ਵਿਦਿਆ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਵਿਅਕਤੀ ਦਾ ਨਿੱਜੀ ਮਾਮਲਾ ਹੁੰਦਾ ਹੈ। ਜੇਕਰ ਤੁਸੀਂ ਜੋਤਿਸ਼ ਵਿਦਿਆ ਨੂੰ ਮਨੋਰੰਜਨ ਜਾਂ ਮਾਨਸਿਕ ਹੌਸਲੇ ਲਈ ਦੇਖਦੇ ਹੋ ਤਾਂ ਠੀਕ ਹੈ, ਪਰ ਜੋਤਸ਼ੀਆਂ ਦੇ ਦਾਅਵਿਆਂ ’ਤੇ ਅੰਨ੍ਹਾ ਵਿਸ਼ਵਾਸ ਕਰਕੇ ਆਪਣੇ ਜੀਵਨ ਦੇ ਵੱਡੇ ਫ਼ੈਸਲੇ ਲੈਣਾ ਜਾਂ ਵਹਿਮਾਂ-ਭਰਮਾਂ ਵਿੱਚ ਪੈ ਕੇ ਪੈਸਾ ਬਰਬਾਦ ਕਰਨਾ ਨੁਕਸਾਨਦੇਹ ਹੋ ਸਕਦਾ ਹੈ। ਜ਼ਿੰਦਗੀ ਵਿੱਚ ਸਫ਼ਲਤਾ ਹਮੇਸ਼ਾ ਮਿਹਨਤ, ਸਹੀ ਫ਼ੈਸਲਿਆਂ ਅਤੇ ਕਰਮਾਂ ਨਾਲ ਮਿਲਦੀ ਹੈ।

## ਜੋਤਿਸ਼-ਵਿੱਦਿਆ ਦਾ ਦੂਜਾ ਪੱਖ (ਸਲਾਹ-ਮਸ਼ਵਰਾ)

ਮਾਨਸਿਕ ਤਸੱਲੀ: ਕਈ ਵਾਰ ਜਦੋਂ ਇਨਸਾਨ ਮੁਸ਼ਕਿਲ ਦੌਰ ਵਿੱਚ ਹੁੰਦਾ ਹੈ, ਤਾਂ ਜੋਤਸ਼ੀ ਕੋਲ ਜਾਣ ਨਾਲ ਉਸ ਨੂੰ ਇੱਕ ਉਮੀਦ ਮਿਲਦੀ ਹੈ। ਇਹ ਇੱਕ ਤਰ੍ਹਾਂ ਨਾਲ ‘ਕਾਊਂਸਲਿੰਗ’ ਦਾ ਕੰਮ ਕਰਦੀ ਹੈ।

ਆਤਮ-ਵਿਸ਼ਵਾਸ: ਜੇਕਰ ਕੋਈ ਜੋਤਸ਼ੀ ਕਹਿ ਦੇਵੇ ਕਿ ‘ਤੁਹਾਡਾ ਚੰਗਾ ਸਮਾਂ ਆਉਣ ਵਾਲਾ ਹੈ’, ਤਾਂ ਇਨਸਾਨ ਸਕਾਰਾਤਮਕ ਹੋ ਕੇ ਵੱਧ ਮਿਹਨਤ ਕਰਨ ਲੱਗ ਪੈਂਦਾ ਹੈ ਅਤੇ ਉਸ ਨੂੰ ਸਫ਼ਲਤਾ ਮਿਲ ਜਾਂਦੀ ਹੈ।

ਕਈ ਵਾਰ ਜੋਤਿਸ਼ ਵਿਦਿਆ ਦੇ ਮਾਹਿਰ ਲੋਕ ਕਿਸੇ ਭਟਕਦੇ ਹੋਏ ਵਿਅਕਤੀ ਨੂੰ ਸਹੀ ਰਸਤਾ ਵੀ ਦਿਖਾ ਦਿੰਦੇ ਹਨ। ਜੋਤਸ਼ੀਆਂ ਵੱਲੋਂ ਦੱਸੇ ਉਪਾਅ ਕਰਕੇ ਕਈ ਲੋਕਾਂ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਗੜੇ ਹੋਏ ਕੰਮ ਸਹੀ ਹੋਣ ਦੀ ਉਮੀਦ ਬਣ ਜਾਂਦੀ ਹੈ ਅਤੇ ਉਹ ਨਿਰਾਸ਼ਾ ਵਿਚੋਂ ਬਾਹਰ ਨਿਕਲ ਕੇ ਜ਼ਿੰਦਗੀ ਪ੍ਰਤੀ ਹਾਂਪੱਖੀ ਰਵੱਈਆ ਅਪਨਾਅ ਲੈਂਦੇ ਹਨ।

# ਵਿਗਿਆਨਕ ਦ੍ਰਿਸ਼ਟੀਕੋਣ

ਜੋਤਸ਼ੀਆਂ ਦੇ ਦਾਅਵਿਆਂ ਦੀ ਸੱਚਾਈ ਨੂੰ ਲੈ ਕੇ ਵਿਗਿਆਨ ਅਤੇ ਲੋਕਾਂ ਦੇ ਆਪਣੇ-ਆਪਣੇ ਵਿਸ਼ਵਾਸਾਂ ਵਿੱਚ ਵੱਡਾ ਫ਼ਰਕ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜੋਤਿਸ਼-ਵਿੱਦਿਆ ਨੂੰ ਇੱਕ ‘ਸੂਡੋ-ਸਾਇੰਸ’ ਮੰਨਿਆ ਗਿਆ ਹੈ, ਕਿਉਂਕਿ ਇਸ ਦੇ ਦਾਅਵਿਆਂ ਨੂੰ ਸਾਬਤ ਕਰਨ ਲਈ ਕੋਈ ਠੋਸ ਵਿਗਿਆਨਕ ਸਬੂਤ ਨਹੀਂ ਹਨ। ਜੋਤਸ਼ੀਆਂ ਦੇ ਦਾਅਵੇ ਕਿਉਂ ਸੱਚੇ ਲੱਗਦੇ ਹਨ ? ਅਤੇ ਇਸ ਪਿੱਛੇ ਕੀ ਹਕੀਕਤ ਹੈ ? ਉਸ ਨੂੰ ਅਸੀਂ ਹੇਠ ਲਿਖੇ ਨੁਕਤਿਆਂ ਰਾਹੀਂ ਸਮਝ ਸਕਦੇ ਹਾਂ:

**ਮਨੋਵਿਗਿਆਨਕ ਕਾਰਨ (ਇਹ ਸੱਚ ਕਿਉਂ ਲੱਗਦੇ ਹਨ ?)**

ਬਾਰਨਮ ਪ੍ਰਭਾਵ : ਜੋਤਸ਼ੀ ਅਕਸਰ ਅਜਿਹੀਆਂ ਆਮ ਗੱਲਾਂ ਕਰਦੇ ਹਨ ਜੋ ਹਰ ਇਨਸਾਨ ’ਤੇ ਢੁਕਦੀਆਂ ਹਨ। ਜਿਵੇਂ, ‘ਤੁਸੀਂ ਬਾਹਰੋਂ ਸਖ਼ਤ ਹੋ ਪਰ ਅੰਦਰੋਂ ਨਰਮ ਦਿਲ ਹੋ’ ਜਾਂ ‘ਤੁਹਾਨੂੰ ਲੱਗਦਾ ਹੈ ਕਿ ਲੋਕ ਤੁਹਾਡੀ ਕਦਰ ਨਹੀਂ ਕਰਦੇ।’ ਲੋਕਾਂ ਨੂੰ ਲੱਗਦਾ ਹੈ ਕਿ ਇਹ ਖ਼ਾਸ ਉਹਨਾਂ ਬਾਰੇ ਹੀ ਕਿਹਾ ਗਿਆ ਹੈ।



**ਚੋਣਵੀਂ ਯਾਦਦਾਸ਼ਤ** : ਜਦੋਂ ਕੋਈ ਜੋਤਸ਼ੀ 10 ਭਵਿੱਖ ਬਾਣੀਆਂ ਕਰਦਾ ਹੈ ਅਤੇ ਉਹਨਾਂ ਵਿੱਚੋਂ 2 ਸੱਚ ਹੋ ਜਾਂਦੀਆਂ ਹਨ, ਤਾਂ ਲੋਕ ਉਹਨਾਂ 2 ਨੂੰ ਯਾਦ ਰੱਖਦੇ ਹਨ ਅਤੇ ਬਾਕੀ 8 ਗਲਤ ਭਵਿੱਖ ਬਾਣੀਆਂ ਨੂੰ ਭੁੱਲ ਜਾਂਦੇ ਹਨ।

**ਕੋਲਡ ਰੀਡਿੰਗ** : ਤਜਰਬੇਕਾਰ ਜੋਤਸ਼ੀ ਤੁਹਾਡੇ ਹਾਵ-ਭਾਵ, ਕੱਪੜੇ, ਬੋਲਣ ਦੇ ਤਰੀਕੇ ਅਤੇ ਉਮਰ ਨੂੰ ਦੇਖ ਕੇ ਤੁਹਾਡੀ ਸਥਿਤੀ ਦਾ ਅੰਦਾਜ਼ਾ ਲਗਾ ਲੈਂਦੇ ਹਨ।

**ਵਿਗਿਆਨਕ ਖੋਜਾਂ**: ਦੁਨੀਆ ਭਰ ਵਿੱਚ ਕਈ ਅਜਿਹੇ ਟੈਸਟ ਕੀਤੇ ਗਏ ਹਨ ਜਿੱਥੇ ਜੋਤਸ਼ੀਆਂ ਨੂੰ ਲੋਕਾਂ ਦੀਆਂ ਜਨਮ ਕੁੰਡਲੀਆਂ ਦੇ ਕੇ ਉਹਨਾਂ ਦੇ ਸੁਭਾਅ ਜਾਂ ਭਵਿੱਖ ਬਾਰੇ ਦੱਸਣ ਲਈ ਕਿਹਾ ਗਿਆ। ਇਹਨਾਂ ਟੈਸਟਾਂ ਵਿੱਚ ਜੋਤਸ਼ੀਆਂ ਦੇ ਅੰਦਾਜ਼ੇ ਆਮ ਤੁੱਕੇ ਤੋਂ ਵੱਧ ਸਹੀ ਸਾਬਤ ਨਹੀਂ ਹੋਏ

**ਗ੍ਰਹਿਆਂ ਦਾ ਪ੍ਰਭਾਵ**: ਵਿਗਿਆਨ ਅਨੁਸਾਰ, ਲੱਖਾਂ ਕਰੋੜਾਂ ਕਿਲੋਮੀਟਰ ਦੂਰ ਸਥਿਤ ਗ੍ਰਹਿਆਂ ਅਤੇ ਤਾਰਿਆਂ ਦੀ ਗੁਰੂਤਾਕਰਸ਼ਣ ਸ਼ਕਤੀ ਦਾ ਕਿਸੇ ਨਵਜੰਮੇ ਬੱਚੇ ਦੇ ਸੁਭਾਅ ਜਾਂ ਕਿਸਮਤ ’ਤੇ ਕੋਈ ਅਸਰ ਨਹੀਂ ਪੈਂਦਾ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**





ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
99142-58142

ਚਮਕ-ਦਮਕ ਵਾਲੀ ਬੌਲੀਵੁੱਡ ਦੀ ਦੁਨੀਆ ਬਾਹਰੋਂ ਜਿੰਨੀ ਸੁਨਹਿਰੀ ਜਾਪਦੀ ਹੈ, ਅੰਦਰੋਂ ਓਨੀ ਹੀ ਥਕਾ ਦੇਣ ਵਾਲੀ ਹੁੰਦੀ ਹੈ। ਉੱਥੇ ਹਰ ਪਲ ਕੈਮਰੇ ਦੀ ਨਜ਼ਰ ਹੁੰਦੀ ਹੈ। ਹਰ ਮੁਸਕਾਨ ਦੀ ਪਰਖ ਹੁੰਦੀ ਹੈ। ਪਰ ਉਸ ਦਿਨ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਵਿੱਚ ਕੁਝ ਵੱਖਰਾ ਵਾਪਰਿਆ। ਉੱਥੇ ਕੋਈ ਅਦਾਕਾਰੀ ਨਹੀਂ ਸੀ। ਕੋਈ ਬਣਾਵਟ ਨਹੀਂ ਸੀ। ਸਿਰਫ਼ ਇੱਕ ਰੂਹ ਸੀ, ਜੋ ਸਤਿਗੁਰੂ ਤੇ ਰੱਬੀ ਸੱਚ ਦੇ ਸਨਮੁੱਖ ਖੜ੍ਹੀ ਸੀ।

ਦੁਸਹਿਰੇ ਦੀ ਇੱਕ ਸ਼ਾਂਤ ਸਵੇਰ ਸੀ। ਹਵਾ ਵਿੱਚ ਇਲਾਹੀ ਬਾਣੀ ਦੀ ਮਿੱਠੀ ਧੁਨ ਘੁਲੀ ਹੋਈ ਸੀ। ਅਦਾਕਾਰਾ ਸਾਰਾ ਅਲੀ ਖ਼ਾਨ ਆਪਣੇ ਸਾਥੀ ਕਲਾਕਾਰ ਆਯੁਸ਼ਮਾਨ ਖੁਰਾਨਾ ਨਾਲ ਪਰਕਰਮਾ ਵਿੱਚ ਪਹੁੰਚੀ ਸੀ। ਦੋਵਾਂ ਨੇ ਚਿੱਟੇ ਸਾਦੇ ਬਸਤਰ ਪਹਿਨੇ ਹੋਏ ਸਨ। ਸਿਰ ਢਕੇ ਹੋਏ ਸਨ। ਹੱਥ ਜੁੜੇ ਹੋਏ ਸਨ। ਪਰ ਅਚਾਨਕ ਸਾਰਾ ਦੀਆਂ ਪਲਕਾਂ ਭਿੱਜ ਗਈਆਂ। ਹੰਝੂਆਂ ਦੀਆਂ ਧਾਰਾਂ ਗੱਲ੍ਹਾਂ 'ਤੇ ਵਹਿ ਤੁਰੀਆਂ। ਉਹ ਰੋ ਪਈ ਸੀ। ਇਹ ਦ੍ਰਿਸ਼ ਸੋਸ਼ਲ ਮੀਡੀਆ 'ਤੇ ਫੈਲ ਗਿਆ। ਲੋਕ ਹੈਰਾਨ ਰਹਿ ਗਏ ਸਨ। ਇੱਕ ਕਾਮਯਾਬ ਅਦਾਕਾਰਾ, ਜਿਸ ਕੋਲ ਨਾਮ ਹੈ, ਦੌਲਤ ਹੈ, ਸ਼ੋਹਰਤ ਹੈ— ਉਹ ਆਖ਼ਰ ਕਿਉਂ ਰੋਈ ? ਕਿਉਂ ਦੁਖੀ ਹੈ?

**ਹੰਝੂਆਂ ਦੀ ਇਬਾਰਤ ਤੇ ਅਰਥ ?**

ਹੰਝੂ ਹਮੇਸ਼ਾ ਗ਼ਮ ਦੇ ਨਹੀਂ ਹੁੰਦੇ। ਕੁਝ ਹੰਝੂ ਸ਼ੁਕਰਾਨੇ ਦੇ ਹੁੰਦੇ ਹਨ। ਕੁਝ ਹੰਝੂ ਅੰਦਰਲੀ ਬੇਚੈਨਗੀ ਦੇ ਲਹਿ ਜਾਣ ਦੀ ਨਿਸ਼ਾਨੀ ਹੁੰਦੇ ਹਨ।

ਦਰਬਾਰ ਸਾਹਿਬ ਅਜਿਹਾ ਅਸਥਾਨ ਹੈ ਜਿੱਥੇ ਆਉਂਦਿਆਂ ਹੀ ਹੰਕਾਰ ਢਹਿ ਜਾਂਦਾ ਹੈ। ਸਰੋਵਰ ਦਾ ਠੰਢਾ, ਪਾਵਨ ਜਲ ਅਤੇ ਕੀਰਤਨ ਦੀ ਮਿੱਠੀ ਧੁੰਨ ਤੇ ਰਾਗ ਹਿਰਦੇ ਨੂੰ ਛੂਹ ਲੈਂਦੇ ਹਨ। ਜਦੋਂ ਕੋਈ ਇਨਸਾਨ ਲਗਾਤਾਰ ਮੁਕਾਬਲੇ, ਮਾਇਆ ਦੀ ਦੌੜ ਅਤੇ ਚਮਕ ਦਮਕ ਦੀ ਦੁਨੀਆਂ ਦੇ ਫ਼ੈਸਲਿਆਂ ਵਿਚਕਾਰ ਜਿਊਂਦਾ ਹੈ, ਤਾਂ ਉਸ ਦਾ ਅੰਦਰਲਾ ਮਨ ਥੱਕ ਜਾਂਦਾ ਤੇ ਬੇਚੈਨੀ ਵਧਣ ਜਾਂਦੀ ਹੈ। ਉਸ ਨੂੰ ਇੱਕ ਅਜਿਹੀ ਥਾਂ ਚਾਹੀਦੀ ਹੁੰਦੀ ਹੈ ਜਿੱਥੇ ਕੋਈ ਸ਼ਰਤ ਨਾ ਹੋਵੇ। ਜਿੱਥੇ ਉਸ ਨੂੰ ਕੋਈ ਪਰਖਣ ਵਾਲਾ ਨਾ ਹੋਵੇ। ਜਿਥੇ ਸਭ ਚਿੰਤਾਵਾਂ ਖਤਮ ਹੋ ਜਾਣ। ਨਿਰਵਾਣ ਤੇ ਜੀਵਨ ਮੁਕਤੀ ਮਿਲੇ।

ਸਾਰਾ ਦਾ ਰੋਣਾ ਉਸੇ ਮਾਨਸਿਕ ਦਬਾਅ ਦਾ ਮੁਕਤ ਹੋਣਾ ਸੀ। ਗੁਰੂ ਦੀ ਚੌਖਟ 'ਤੇ ਪਹੁੰਚਦਿਆਂ ਹੀ ਉਸ ਦੇ ਅੰਦਰਲਾ ਕਲਾਕਾਰ ਜੀਵਨ ਮੁਕਤ ਹੋਕੇ ਸਤਿਗੁਰੂ ਅੱਗੇ ਸਮਰਪਿਤ ਰਹਿ ਗਿਆ। ਜਦੋਂ ਸਤਿਗੁਰੂ ਅੱਗੇ ਮਨੁੱਖ ਸਮਰਪਿਤ ਹੁੰਦਾ ਹੈ, ਤਾਂ ਸ਼ਬਦ ਛੋਟੇ ਪੈ ਜਾਂਦੇ ਹਨ। ਬੋਲ ਮੁੱਕ ਜਾਂਦੇ ਹਨ। ਸਿਰਫ਼ ਅੱਖਾਂ ਬੋਲਦੀਆਂ ਹਨ। ਉਹ ਹੰਝੂ ਦਰਅਸਲ ਰੂਹ ਦਾ ਸੱਚ ਸਨ। ਉਹ ਇੱਕ ਖ਼ਾਮੋਸ਼ ਸਮਰਪਣ ਸੀ।

ਸੰਸਾਰੀ ਨਜ਼ਰ ਨਾਲ ਵੇਖੀਏ ਤਾਂ ਕਾਰਨ ਬਹੁਤ ਸਾਫ਼ ਸੀ। ਉਸ ਦੀ ਨਵੀਂ ਫ਼ਿਲਮ 'ਉਡਤਾ ਤੀਰ' ਰਿਲੀਜ਼ ਹੋਣ ਵਾਲੀ ਸੀ। ਫ਼ਿਲਮਾਂ ਦੀ ਦੁਨੀਆ ਅਨਿਸ਼ਚਿਤਤਾ ਨਾਲ ਭਰੀ ਹੁੰਦੀ ਹੈ। ਕਈ ਵਾਰ ਫ਼ਿਲਮਾਂ 'ਤੇ ਰੋਕ ਲੱਗ ਜਾਂਦੀ ਹੈ, ਜਿਵੇਂ ਨੇਪਾਲ ਵਿੱਚ ਇਸ ਦੇ ਪ੍ਰਦਰਸ਼ਨ ਨੂੰ ਲੈ ਕੇ ਅੜਚਨਾਂ ਆਈਆਂ ਸਨ। ਕਈ ਵਾਰ ਦਰਸ਼ਕਾਂ ਦੀ ਪਸੰਦ, ਨਾ-ਪਸੰਦ ਦਾ ਡਰ ਹੁੰਦਾ ਹੈ। ਇਸ ਲਈ ਉਹ ਫ਼ਿਲਮ ਦੀ ਕਾਮਯਾਬੀ ਲਈ ਆਸ਼ੀਰਵਾਦ ਲੈਣ ਆਈ ਸੀ।

ਪਰ ਕੀ ਸੱਚਮੁੱਚ ਮਨੁੱਖ ਸਿਰਫ਼ ਕਾਮਯਾਬੀ ਮੰਗਣ ਜਾਂਦਾ ਹੈ ? ਨਹੀਂ। ਸਫ਼ਲਤਾ ਮਨੁੱਖ ਨੂੰ ਖ਼ੁਸ਼ੀ ਦੇ ਸਕਦੀ ਹੈ, ਪਰ ਸਕੂਨ ਨਹੀਂ। ਸਾਰਾ ਨੇ ਹੱਥ ਜੋੜ ਕੇ ਦੁਨੀਆ ਲਈ ਪਿਆਰ, ਖ਼ੁਸ਼ੀਆਂ ਅਤੇ ਹਾਸੇ ਮੰਗੇ ਪਰ ਆਪਣੇ ਲਈ ਉਸ ਨੇ ਸ਼ਾਇਦ ਉਹ ਨਿਰਵਾਣ ਤੇ ਚੜ੍ਹਦੀਕਲਾ ਮੰਗੀ, ਜੋ ਜ਼ਿੰਦਗੀ ਦੇ ਤੂਫ਼ਾਨਾਂ ਵਿੱਚ ਸਹਾਰਾ ਬਣਦੀ ਹੈ।

ਸਤਿਗੁਰੂ ਦੇ ਦਰਬਾਰ ਦੀ ਮਹਾਨਤਾ ਇਹੋ ਹੈ ਕਿ ਇੱਥੇ ਬਾਦਸ਼ਾਹ ਅਤੇ ਫ਼ਕੀਰ ਇੱਕੋ ਪੰਗਤ ਵਿੱਚ ਸ਼ਾਮਲ ਹੁੰਦੇ ਹਨ। ਇੱਥੇ ਹਰ ਕੋਈ ਸਿਰਫ਼ ਇੱਕ ਮੰਗਤਾ ਹੈ, ਜੋ ਉਸ ਦਾਤੇ ਦੀ ਕਿਰਪਾ ਭਾਲਦਾ ਹੈ।

ਸਾਰਾ ਅਲੀ ਖ਼ਾਨ ਦਾ ਇਹ ਪਲ ਸਾਨੂੰ ਸਾਰਿਆਂ ਨੂੰ ਇੱਕ ਗੱਲ ਯਾਦ ਕਰਵਾਉਂਦਾ ਹੈ। ਜ਼ਿੰਦਗੀ ਵਿੱਚ ਕਿੰਨੀ ਵੀ ਦੌਲਤ ਕਮਾ ਲਵੋ, ਕਿੰਨੇ ਵੀ ਉੱਚੇ ਮੁਕਾਮ 'ਤੇ ਪਹੁੰਚ ਜਾਵੋ, ਰੂਹ ਦੀ ਤ੍ਰਿਪਤੀ ਕਿਸੇ ਪਾਵਨ ਦਹਿਲੀਜ਼ 'ਤੇ ਝੁਕਣ ਨਾਲ ਹੀ ਹੁੰਦੀ ਹੈ। ਜਦੋਂ ਅੱਖਾਂ ਭਰ ਆਉਣ ਅਤੇ ਦਿਲ ਹੌਲਾ ਹੋ ਜਾਵੇ, ਸਮਝੋ ਅਰਦਾਸ ਕਬੂਲ ਹੋ ਗਈ। ਇਹ ਹੰਝੂ ਕਮਜ਼ੋਰੀ ਨਹੀਂ, ਸਗੋਂ ਰੂਹ ਦੀ ਸਭ ਤੋਂ ਪਵਿੱਤਰ ਤਾਕਤ ਸਨ। ਇਸ ਪਵਿੱਤਰ ਅਸਥਾਨ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਕਿਸੇ ਤੋਂ ਉਸਦੇ ਵਿਸ਼ਵਾਸ ਦਾ ਸਰਟੀਫਿਕੇਟ ਨਹੀਂ ਮੰਗਦਾ।

ਤੁਸੀਂ ਰੱਬ ਨੂੰ ਮੰਨਦੇ ਹੋ ਜਾਂ ਨਹੀਂ ਮੰਨਦੇ, ਤੁਸੀਂ ਧਾਰਮਿਕ ਹੋ ਜਾਂ ਪੂਰਨ ਨਾਸਤਿਕ, ਤੁਹਾਡਾ ਧਰਮ ਕੀ ਹੈ,— ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਿਵੇਂ ਹੀ ਤੁਸੀਂ ਇਸ ਸਤਿਗੁਰੂ ਦੇ ਦਰਬਾਰ ਵਿੱਚ ਪਹੁੰਚਦੇ ਹੋ, ਤੁਹਾਡਾ ਤਰਕ ਅਤੇ ਵਿਵਾਦ ਪਿੱਛੇ ਛੁੱਟ ਜਾਂਦੇ ਹਨ। ਦੁਨੀਆ ਭਰ ਦੀਆਂ ਚਿੰਤਾਵਾਂ, ਨਿਰਾਸ਼ਾਵਾਂ, ਬੇਚੈਨੀਆਂ ਅਤੇ ਮਾਨਸਿਕ ਉਲਝਣਾਂ ਆਪਣੇ-ਆਪ ਖ਼ਤਮ ਹੋ ਜਾਂਦੀਆਂ ਹਨ। ਇੱਕ ਅਣਡਿੱਠਾ ਸਕੂਨ ਹਰ ਵਿਅਕਤੀ ਨੂੰ ਆਪਣੀ ਗਲਵੱਕੜੀ ਵਿੱਚ ਲੈ ਲੈਂਦਾ ਹੈ।

ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਸਿਰਫ਼ ਚਾਰ ਦਿਸ਼ਾਵਾਂ ਲਈ ਨਹੀਂ, ਸਗੋਂ ਸਮੁੱਚੀ ਮਨੁੱਖੀ ਚੇਤਨਾ ਲਈ ਖੁੱਲ੍ਹੇ ਹਨ। ਇੱਥੇ ਪੈਰ ਧਰਦਿਆਂ ਹੀ ਅਸ਼ਾਂਤ ਮਨ ਦੀ ਸਮੁੱਚੀ ਭਟਕਣਾ ਮੁੱਕ ਜਾਂਦੀ ਹੈ ਅਤੇ ਅੰਦਰ ਇੱਕ ਅਡੋਲ ਠਹਿਰਾਓ ਆ ਜਾਂਦਾ ਹੈ। ਇਹ ਉਹ ਅਗੰਮੀ ਅਵਸਥਾ ਹੈ ਜਿੱਥੇ ਹਉਮੈ ਦੀ 'ਮੈਂ' ਮਿਟ ਜਾਂਦੀ ਹੈ ਅਤੇ ਜਾਤ, ਪਾਤ, ਰੰਗ, ਨਸਲ ਤੇ ਧਰਮ ਦੇ ਸਾਰੇ ਵਖਰੇਵੇਂ ਅੰਮ੍ਰਿਤ ਸਰੋਵਰ ਦੀ ਪਾਵਨ ਛੋਹ ਨਾਲ ਖ਼ਤਮ ਹੋ ਜਾਂਦੇ ਹਨ। ਇਸ ਅਲੌਕਿਕ ਅਨੰਦ ਦੀ ਕੋਈ ਦੁਨਿਆਵੀ ਪਰਿਭਾਸ਼ਾ ਨਹੀਂ; ਇਹ ਤਾਂ ਸਿਰਫ਼ ਰੂਹਾਨੀ ਅਨੁਭਵ ਦਾ ਵਿਸ਼ਾ ਹੈ।

ਇਸ ਅਲੌਕਿਕ ਵਾਤਾਵਰਣ ਵਿੱਚ ਨਿਰੰਤਰ ਗੂੰਜਦਾ ਧੁਰ ਕੀ ਬਾਣੀ ਦਾ ਪ੍ਰਵਾਹ ਕੋਈ ਸਾਧਾਰਨ ਗਾਇਨ ਨਹੀਂ, ਸਗੋਂ ਗੁਰਮਤਿ ਰਾਗਾਂ ਦੀ ਉਹ ਇਲਾਹੀ ਧੁਨ ਹੈ ਜੋ ਰੂਹ ਨੂੰ ਨਿਹਾਲ ਕਰਦੀ ਹੈ। ਜਦੋਂ ਇਹ ਬੋਲ ਕੰਨਾਂ ਰਾਹੀਂ ਹਿਰਦੇ ਵਿੱਚ ਉੱਤਰਦੇ ਹਨ, ਤਾਂ ਮਨੁੱਖ ਨੂੰ ਕਿਸੇ ਬਣਾਵਟੀ ਸਾਧਨਾ ਜਾਂ ਬਾਹਰੀ ਧਿਆਨ (ਮੈਡੀਟੇਸ਼ਨ) ਦੀ ਲੋੜ ਨਹੀਂ ਪੈਂਦੀ; ਉਹ ਸੁਭਾਵਿਕ ਹੀ ਅੰਤਰਧਿਆਨ ਹੋ ਜਾਂਦਾ ਹੈ। ਸੰਗੀਤ ਦੀ ਇਹ ਪਵਿੱਤਰ ਧੁਨ ਮਨ ਦੇ ਅੰਦਰ ਚੱਲ ਰਹੇ ਸੰਸਾਰੀ ਝੱਖੜਾਂ ਨੂੰ ਪੂਰੀ ਤਰ੍ਹਾਂ ਸ਼ਾਂਤ ਕਰ ਦਿੰਦੀ ਹੈ।

ਇਸੇ ਇਲਾਹੀ ਛੋਹ ਨੇ ਸ਼ਾਇਦ ਸਾਰਾ ਅਲੀ ਖ਼ਾਨ ਦੇ ਅੰਦਰਲੇ ਹਰ ਬੰਨ੍ਹ ਨੂੰ ਤੋੜ ਦਿੱਤਾ। ਬਾਣੀ ਦਾ ਇਹ ਪ੍ਰਵਾਹ ਜਦੋਂ ਹਿਰਦੇ ਵਿੱਚ ਉੱਤਰਦਾ ਹੈ, ਤਾਂ ਦੁਨਿਆਵੀ ਬੁੱਧੀ ਤੇ ਸਟਾਰਡਮ ਦਾ ਭਾਰ ਹਾਰ ਜਾਂਦਾ ਹੈ ਅਤੇ ਅੰਦਰਲੀ ਰੂਹ ਜਾਗ ਪੈਂਦੀ ਹੈ—ਉਹ ਹੰਝੂ ਦਰਅਸਲ ਦੁਨਿਆਵੀ ਭਟਕਣਾ ਤੋਂ ਛੁੱਟ ਕੇ ਰੂਹ ਦੇ ਆਪਣੇ ਅਸਲੇ ਨਾਲ ਇੱਕਮਿੱਕ ਹੋਣ ਦੀ ਗਵਾਹੀ ਸਨ।

ਹਰਜਿੰਦਰ ਸੋਢੀ

# ਸਮਾਂ ਬਦਲਣ ਨਾਲ ਬਦਲੇ ਤਿਉਹਾਰਾਂ ਦੇ ਵੀ ਰੰਗ

ਤਿਉਹਾਰ ਸਾਡੀ ਜ਼ਿੰਦਗੀ 'ਚ ਸਿਰਫ਼ ਕੈਲੰਡਰ ਦੀਆਂ ਤਾਰੀਖ਼ਾਂ ਨਹੀਂ ਹੁੰਦੇ। ਇਹ ਮਿਲਣ-ਜੁਲਣ, ਖ਼ੁਸ਼ੀਆਂ ਵੰਡਣ, ਰਿਸ਼ਤਿਆਂ ਨੂੰ ਤਾਜ਼ਾ ਕਰਨ ਅਤੇ ਸਮਾਜ ਨਾਲ ਜੁੜਨ ਦਾ ਮੌਕੇ ਹੁੰਦੇ ਹਨ। ਭਾਰਤ ਵਰਗੇ ਵਿਭਿੰਨਤਾਵਾਂ ਭਰੇ ਦੇਸ਼ 'ਚ ਤਿਉਹਾਰਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਵੱਖ-ਵੱਖ ਧਰਮਾਂ, ਭਾਈਚਾਰਿਆਂ ਤੇ ਖੇਤਰਾਂ ਦੇ ਲੋਕ ਆਪੋ-ਆਪਣੀਆਂ ਰਵਾਇਤਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ ਪਰ ਇਨ੍ਹਾਂ ਸਾਰਿਆਂ ਦੀ ਸਾਂਝੀ ਭਾਵਨਾ ਖ਼ੁਸ਼ੀ, ਸਾਂਝ ਤੇ ਸਦਭਾਵਨਾ ਹੀ ਹੈ। ਨਰਾਤਿਆਂ ਤੋਂ ਲੈ ਕੇ ਦੁਸਹਿਰੇ, ਕਰਵਾ ਚੌਥ, ਦਿਵਾਲੀ, ਬੰਦੀ ਛੋੜ ਦਿਵਸ ਤੇ ਗੁਰਪੁਰਬ ਤੱਕ ਤਿਉਹਾਰਾਂ ਦੀ ਲੜੀ ਜੀਵਨ ਨੂੰ ਰੰਗਾਂ ਨਾਲ ਭਰ ਦਿੰਦੀ ਹੈ। ਪੰਜਾਬ 'ਚ ਤਾਂ ਇਨ੍ਹਾਂ ਮੌਕਿਆਂ ਦੀ ਰੌਣਕ ਘਰਾਂ ਤੋਂ ਲੈ ਕੇ ਬਾਜ਼ਾਰਾਂ ਅਤੇ ਧਾਰਮਿਕ ਅਸਥਾਨਾਂ ਤੱਕ ਸਾਫ਼ ਦਿਖਾਈ ਦਿੰਦੀ ਹੈ। ਸਮਾਂ ਬਦਲਣ ਨਾਲ ਤਿਉਹਾਰਾਂ ਦੇ ਰੰਗ ਵੀ ਬਦਲ ਰਹੇ ਹਨ। ਕਦੇ ਤਿਉਹਾਰਾਂ ਦੀ ਖ਼ਰੀਦਦਾਰੀ ਲਈ ਬਾਜ਼ਾਰਾਂ 'ਚ ਰੌਣਕ ਲੱਗਦੀ ਸੀ, ਹੁਣ ਮੋਬਾਈਲ ਦੀ ਸਕਰੀਨ 'ਤੇ ਉਂਗਲ ਫੇਰਦਿਆਂ ਹੀ ਸਾਮਾਨ ਘਰ ਆ ਜਾਂਦਾ ਹੈ। ਕਦੇ ਵਧਾਈ ਦੇਣ ਲਈ ਘਰ-ਘਰ ਜਾਣਾ ਪੈਂਦਾ ਸੀ, ਹੁਣ ਇੱਕੋ ਮੈਸੇਜ ਕਈ ਰਿਸ਼ਤਿਆਂ ਤੱਕ ਪਹੁੰਚ ਜਾਂਦਾ ਹੈ ਪਰ ਸਵਾਲ ਇਹ ਹੈ ਕਿ ਇਸ ਬਦਲਾਅ 'ਚ ਤਿਉਹਾਰਾਂ ਦੀ ਅਸਲ ਰੂਹ ਕਿੰਨੀ ਕੁ ਬਚੀ ਹੈ?

ਤਿਉਹਾਰ ਆਉਂਦਿਆਂ ਹੀ ਬਾਜ਼ਾਰ ਸਜ ਜਾਂਦੇ ਹਨ। ਕੱਪੜੇ, ਮਠਿਆਈਆਂ, ਤੋਹਫ਼ੇ, ਸਜਾਵਟੀ ਸਾਮਾਨ ਤੇ ਘਰੇਲੂ ਵਸਤਾਂ ਦੀ ਖ਼ਰੀਦਦਾਰੀ ਸ਼ੁਰੂ ਹੋ ਜਾਂਦੀ ਹੈ ਪਰ ਹੁਣ ਬਾਜ਼ਾਰ ਮੋਬਾਈਲ ਦੀ ਸਕਰੀਨ 'ਚ ਵੀ ਵੱਸਦਾ ਹੈ। ਮੋਬਾਈਲ ਨੇ ਖ਼ਰੀਦਦਾਰੀ ਦੇ ਇਸ ਪੂਰੇ ਤਜਰਬੇ ਨੂੰ ਬਦਲ ਦਿੱਤਾ ਹੈ। ਹੁਣ ਗਾਹਕ ਘਰ ਬੈਠਿਆਂ ਵੱਖ-ਵੱਖ ਦੁਕਾਨਾਂ ਦੀਆਂ ਕੀਮਤਾਂ ਦੀ ਤੁਲਨਾ ਕਰ ਸਕਦੇ ਹਨ ਅਤੇ ਕੁਝ ਹੀ ਪਲਾਂ 'ਚ ਹੀ ਆਪਣੀ ਪਸੰਦ ਦਾ ਸਾਮਾਨ ਮੰਗਵਾ ਸਕਦੇ ਹਨ। ਆਨਲਾਈਨ ਖ਼ਰੀਦਦਾਰੀ ਨੇ ਲੋਕਾਂ ਦੀਆਂ ਆਦਤਾਂ ਬਦਲ ਦਿੱਤੀਆਂ ਹਨ। ਘਰ ਬੈਠੇ ਚੀਜ਼ ਦੇਖੋ, ਕੀਮਤਾਂ ਮਿਲਾਓ, ਛੋਟ ਲੱਭੋ ਅਤੇ ਆਰਡਰ ਕਰ ਦਿਓ। ਇਸ ਲਈ ਨਾ ਬਾਜ਼ਾਰ ਜਾਣ ਦੀ ਲੋੜ ਤੇ ਨਾ ਹੀ ਭੀੜ 'ਚ ਫਸਣ ਦੀ ਚਿੰਤਾ। ਸਮੇਂ ਦੀ ਘਾਟ ਵਾਲੇ ਲੋਕਾਂ ਲਈ ਇਹ ਸਹੂਲਤ ਵੱਡੀ ਹੈ ਪਰ ਇਸ ਚਮਕਦਾਰ ਸਹੂਲਤ ਪਿੱਛੇ ਇਕ ਹੋਰ ਬਾਜ਼ਾਰ ਵੀ ਹੈ, ਜੋ ਸਾਡੇ ਆਪਣੇ ਸ਼ਹਿਰ ਤੇ ਕਸਬੇ 'ਚ ਸਾਹ ਲੈ ਰਿਹਾ ਹੈ। ਉਹ ਹੈ ਸਥਾਨਕ ਦੁਕਾਨਦਾਰ ਦਾ ਬਾਜ਼ਾਰ। ਉਸ ਦੀ ਦੁਕਾਨ ਦੀ ਵਿਕਰੀ ਨਾਲ ਸਿਰਫ਼ ਉਸ ਦਾ ਘਰ ਨਹੀਂ ਚੱਲਦਾ ਸਗੋਂ ਉਸ ਨਾਲ ਜੁੜੇ ਕਈ ਹੋਰ ਲੋਕਾਂ ਦੀ ਰੋਜ਼ੀ ਵੀ ਚੱਲਦੀ ਹੈ। ਕੱਪੜਿਆਂ ਵਾਲਾ, ਹਲਵਾਈ, ਫੁੱਲਾਂ ਵਾਲਾ, ਸਜਾਵਟੀ ਸਾਮਾਨ ਵੇਚਣ ਵਾਲਾ, ਮਿੱਟੀ ਦੇ ਦੀਵੇ ਬਣਾਉਣ ਵਾਲਾ ਜਾਂ ਕੋਈ ਛੋਟਾ ਕਾਰੀਗਰ ਆਦਿ ਇਹ ਸਾਰੇ ਸਥਾਨਕ ਅਰਥਚਾਰੇ ਦੀਆਂ ਕੜੀਆਂ ਹਨ। ਸਥਾਨਕ ਬਾਜ਼ਾਰ ਦੀ ਆਪਣੀ ਗਰਮਾਹਟ ਵੀ ਹੁੰਦੀ ਹੈ। ਦੁਕਾਨਦਾਰ ਆਪਣੇ ਗਾਹਕ ਨੂੰ ਸਿਰਫ਼ ਗਾਹਕ ਨਹੀਂ ਸਮਝਦਾ। ਕਈ ਵਾਰ ਸਾਲਾਂ ਤੋਂ ਬਣਿਆ ਰਿਸ਼ਤਾ ਖ਼ਰੀਦਦਾਰੀ ਤੋਂ ਵੱਧ ਕੀਮਤੀ ਹੁੰਦਾ ਹੈ। ਤਿਉਹਾਰਾਂ ਦੀ ਰੌਣਕ ਇਸੇ ਮਨੁੱਖੀ ਮਿਲਾਪ ਨਾਲ ਵੀ ਬਣਦੀ ਹੈ।

ਆਨਲਾਈਨ ਖ਼ਰੀਦਦਾਰੀ ਮਾੜੀ ਨਹੀਂ। ਇਹ ਸਮੇਂ ਦੀ ਲੋੜ ਹੈ ਤੇ ਇਸ ਨੇ ਖ਼ਰੀਦਦਾਰੀ ਨੂੰ ਆਸਾਨ ਬਣਾਇਆ ਹੈ ਪਰ ਹਰ ਚੀਜ਼ ਆਨਲਾਈਨ ਖ਼ਰੀਦਣ ਦੀ ਆਦਤ ਸਾਡੇ ਸਥਾਨਕ ਬਾਜ਼ਾਰ ਨੂੰ ਕਮਜ਼ੋਰ ਕਰ ਸਕਦੀ ਹੈ। ਖ਼ਾਸ ਕਰਕੇ ਰਵਾਇਤੀ ਕਾਰੀਗਰੀ ਨਾਲ ਜੁੜੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰਦਿਆਂ ਸਥਾਨਕ ਕਾਰੀਗਰ ਨੂੰ ਤਰਜੀਹ ਦੇਣਾ ਸਾਡੀ ਵਿਰਾਸਤ ਨੂੰ ਵੀ ਸਹਾਰਾ ਦੇਣਾ ਹੈ। ਤਿਉਹਾਰਾਂ ਦੀ ਖ਼ਰੀਦਦਾਰੀ 'ਚ ਇਕ ਹੋਰ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਤਿਉਹਾਰ ਦਿਖਾਵੇ ਦਾ ਮੌਕਾ ਨਹੀਂ। ਹਰ ਸਾਲ ਨਵੇਂ ਕੱਪੜੇ, ਨਵੀਂ ਸਜਾਵਟ ਤੇ ਬੇਲੋੜੀਆਂ ਚੀਜ਼ਾਂ ਖ਼ਰੀਦਣਾ ਹੀ ਖ਼ੁਸ਼ੀ ਨਹੀਂ। ਲੋੜ ਅਨੁਸਾਰ ਖ਼ਰੀਦਦਾਰੀ, ਚੰਗੀ ਗੁਣਵੱਤਾ ਤੇ ਸਥਾਨਕ ਮਿਹਨਤ ਦੀ ਕਦਰ ਤਿਉਹਾਰ ਨੂੰ ਹੋਰ ਅਰਥਪੂਰਨ ਬਣਾ ਸਕਦੀ ਹੈ।

ਇੱਕ ਸਮਾਂ ਸੀ, ਜਦੋਂ ਤਿਉਹਾਰਾਂ 'ਤੇ ਘਰਾਂ ਵਿੱਚ ਰੌਣਕ, ਰਿਸ਼ਤੇਦਾਰਾਂ ਦੀ ਆਮਦ ਤੇ ਗੁਆਂਢੀਆਂ ਨਾਲ ਮਿਲਾਪ ਹੁੰਦਾ ਸੀ। ਹੁਣ ਪਰਿਵਾਰਾਂ ਦੇ ਮੈਂਬਰ ਰੁਜ਼ਗਾਰ ਤੇ ਪੜ੍ਹਾਈ ਕਾਰਨ ਵੱਖ-ਵੱਖ ਸ਼ਹਿਰਾਂ ਤੇ ਦੇਸ਼ਾਂ 'ਚ ਰਹਿੰਦੇ ਹਨ। ਅਜਿਹੇ 'ਚ ਮੋਬਾਈਲ ਤੇ ਇੰਟਰਨੈੱਟ ਨੇ ਦੂਰੀ ਘਟਾਉਣ ਦਾ ਕੰਮ ਕੀਤਾ ਹੈ। ਵੀਡੀਓ ਕਾਲ ਰਾਹੀਂ ਦੂਰ ਬੈਠੇ ਮਾਪੇ ਬੱਚਿਆਂ ਨੂੰ ਤਿਉਹਾਰ ਦੀ ਖ਼ੁਸ਼ੀ 'ਚ ਦੇਖ ਸਕਦੇ ਹਨ। ਰਿਸ਼ਤੇਦਾਰ ਇੱਕ-ਦੂਜੇ ਨੂੰ ਦੇਖ ਕੇ ਵਧਾਈ ਦੇ ਸਕਦੇ ਹਨ। ਧਾਰਮਿਕ ਸਮਾਗਮਾਂ, ਕੀਰਤਨ ਤੇ ਪਾਠ ਨਾਲ ਵੀ ਡਿਜੀਟਲ ਮਾਧਿਅਮਾਂ ਰਾਹੀਂ ਜੁੜਿਆ ਜਾ ਸਕਦਾ ਹੈ। ਇਹ ਤਕਨਾਲੋਜੀ ਦਾ ਚੰਗਾ ਪੱਖ ਹੈ ਪਰ ਸਕਰੀਨ ਦੀ ਸਾਂਝ ਅਸਲ ਸਾਂਝ ਦਾ ਪੂਰਾ ਬਦਲ ਨਹੀਂ ਬਣ ਸਕਦੀ। ਇਕ ਮੈਸੇਜ ਭੇਜਣਾ ਤੇ ਕਿਸੇ ਕੋਲ ਬੈਠ ਕੇ ਉਸ ਦੀ ਗੱਲ ਸੁਣਨਾ ਦੋ ਵੱਖਰੀਆਂ ਗੱਲਾਂ ਹਨ। ਤਿਉਹਾਰਾਂ ਦੀ ਖ਼ੁਸ਼ੀ ਉਦੋਂ ਹੀ ਪੂਰੀ ਹੁੰਦੀ ਹੈ, ਜਦੋਂ ਘਰ ਦੇ ਮੈਂਬਰ ਕੁਝ ਸਮਾਂ ਇਕੱਠੇ ਬੈਠਣ, ਬੱਚੇ ਵੱਡਿਆਂ ਨਾਲ ਗੱਲਬਾਤ ਕਰਨ ਤੇ ਪਰਿਵਾਰ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰੇ।

ਸੋਸ਼ਲ ਮੀਡੀਆ ਨੇ ਤਿਉਹਾਰਾਂ ਨੂੰ ਦਿਖਾਵੇ ਦਾ ਮੰਚ ਬਣਾ ਦਿੱਤਾ ਹੈ। ਤਿਉਹਾਰਾਂ ਦਾ ਮਕਸਦ ਖ਼ੁਸ਼ੀਆਂ ਸਾਂਝੀਆਂ ਕਰਨਾ ਤੇ ਜੀਵਨ 'ਚ ਸਕਾਰਾਤਮਕਤਾ ਲਿਆਉਣਾ ਹੈ ਪਰ ਬਦਲਦੇ ਸਮਾਜਿਕ ਮਾਹੌਲ 'ਚ ਕਈ ਵਾਰ ਤਿਉਹਾਰਾਂ ਦੀ ਖ਼ੁਸ਼ੀ ਦਿਖਾਵੇ ਦੀ ਦੌੜ ਵਿੱਚ ਬਦਲਦੀ ਨਜ਼ਰ ਆਉਂਦੀ ਹੈ। ਨਵੇਂ ਕੱਪੜੇ, ਮਹਿੰਗੀ ਸਜਾਵਟ, ਵੱਡੇ ਤੋਹਫ਼ੇ ਤੇ ਤਿਉਹਾਰ ਦੀਆਂ ਤਸਵੀਰਾਂ ਆਦਿ ਹਰ ਚੀਜ਼ ਦੂਜਿਆਂ ਨੂੰ ਦਿਖਾਉਣ ਦੀ ਦੌੜ ਵਿਚ ਸ਼ਾਮਿਲ ਹੋ ਜਾਂਦੀ ਹੈ। ਇਸ ਦੌੜ 'ਚ ਕਈ ਵਾਰ ਤਿਉਹਾਰ ਦੀ ਸਾਦੀ ਖ਼ੁਸ਼ੀ ਪਿੱਛੇ ਰਹਿ ਜਾਂਦੀ ਹੈ। ਤਕਨਾਲੋਜੀ ਦੀ ਵਰਤੋਂ ਜ਼ਰੂਰ ਹੋਵੇ ਪਰ ਇਹ ਰਿਸ਼ਤਿਆਂ ਦੀ ਥਾਂ ਨਾ ਲਵੇ। ਦੂਰ ਬੈਠਿਆਂ ਨੂੰ ਜੋੜਨ ਲਈ ਮੋਬਾਈਲ ਵਰਤੀਏ ਪਰ ਕੋਲ ਬੈਠੇ ਆਪਣੇ ਲੋਕਾਂ ਤੋਂ ਦੂਰ ਹੋਣ ਲਈ ਨਹੀਂ।

**ਤਿਉਹਾਰਾਂ ਦਾ ਅਸਲੀ ਮਨੋਰਥ**

ਤਿਉਹਾਰਾਂ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ 'ਚ ਆਪਣੀ ਖ਼ੁਸ਼ੀ ਦੂਜਿਆਂ ਨਾਲ ਵੰਡਣ ਦੀ ਭਾਵਨਾ ਜੁੜੀ ਹੋਈ ਹੈ। ਘਰ ਵਿੱਚ ਪਕਵਾਨ ਬਣਾਉਣ ਤੋਂ ਲੈ ਕੇ ਲੋੜਵੰਦ ਦੀ ਮਦਦ ਕਰਨ ਤੱਕ ਸਾਡੀ ਪਰੰਪਰਾ ਤਿਉਹਾਰ ਨੂੰ ਸਾਂਝ ਨਾਲ ਜੋੜਦੀ ਹੈ। ਅੱਜ ਤਿਉਹਾਰਾਂ 'ਤੇ ਹਜ਼ਾਰਾਂ ਰੁਪਏ ਸਜਾਵਟ ਤੇ ਤੋਹਫ਼ਿਆਂ 'ਤੇ ਖ਼ਰਚ ਹੋ ਜਾਂਦੇ ਹਨ। ਇਸ ਵਿੱਚੋਂ ਕੁਝ ਹਿੱਸਾ ਕਿਸੇ ਲੋੜਵੰਦ ਪਰਿਵਾਰ ਲਈ ਰੱਖਿਆ ਜਾ ਸਕਦਾ ਹੈ। ਕਿਸੇ ਬਜ਼ੁਰਗ ਦੀ ਖ਼ਬਰ ਲੈਣਾ, ਇਕੱਲੇ ਰਹਿੰਦੇ ਵਿਅਕਤੀ ਕੋਲ ਕੁਝ ਸਮਾਂ ਬੈਠਣਾ, ਕਿਸੇ ਬੱਚੇ ਦੀ ਪੜ੍ਹਾਈ 'ਚ ਮਦਦ ਕਰਨਾ ਜਾਂ ਕਿਸੇ ਮਰੀਜ਼ ਦੀ ਸਹਾਇਤਾ ਕਰਨਾ ਵੀ ਸੇਵਾ ਹੈ। ਵੰਡ ਛਕਣਾ ਸਿਰਫ਼ ਰੋਟੀ ਵੰਡਣਾ ਨਹੀਂ। ਆਪਣਾ ਸਮਾਂ, ਮਿਹਨਤ, ਗਿਆਨ ਤੇ ਸਮਰੱਥਾ ਦੂਜਿਆਂ ਦੇ ਕੰਮ ਆਉਣਾ ਵੀ ਵੰਡ ਛਕਣਾ ਹੈ। ਸਮਾਜ ਦੀ ਅਸਲ ਖ਼ੁਸ਼ਹਾਲੀ ਦਾ ਪਤਾ ਇਸ ਗੱਲ ਤੋਂ ਨਹੀਂ ਲੱਗਦਾ ਕਿ ਕਿੰਨੇ ਘਰਾਂ 'ਚ ਮਹਿੰਗੀਆਂ ਲਾਈਟਾਂ ਲੱਗੀਆਂ ਹਨ ਸਗੋਂ ਇਸ ਤੋਂ ਲੱਗਦਾ ਹੈ ਕਿ ਕਿੰਨੇ ਲੋਕ ਇਕ-ਦੂਜੇ ਦੀ ਮੁਸ਼ਕਲ ਵੇਲੇ ਮਦਦ ਲਈ ਅੱਗੇ ਆਉਂਦੇ ਹਨ। ਜੇ ਤਿਉਹਾਰਾਂ ਮੌਕੇ ਮਨੁੱਖ ਅੰਦਰ ਦਇਆ, ਸੇਵਾ ਤੇ ਸਾਂਝ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ ਤਾਂ ਇਹ ਤਿਉਹਾਰਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਸੋ ਤਿਉਹਾਰਾਂ ਦੀ ਖ਼ੁਸ਼ੀ ਜਿੰਨੀ ਵੰਡੀ ਜਾਂਦੀ ਹੈ, ਓਨੀ ਹੀ ਵਧਦੀ ਹੈ।

ਤਿਉਹਾਰਾਂ ਦੀ ਤਿਆਰੀ ਦਾ ਵੱਡਾ ਬੋਝ ਅਕਸਰ ਘਰਾਂ ਦੀਆਂ ਔਰਤਾਂ 'ਤੇ ਪੈ ਜਾਂਦਾ ਹੈ। ਸਫ਼ਾਈ, ਸਜਾਵਟ, ਖ਼ਰੀਦਦਾਰੀ, ਪਕਵਾਨ ਅਤੇ ਮਹਿਮਾਨਾਂ ਦੀ ਸੇਵਾ ਹਰ ਕੰਮ ਉਨ੍ਹਾਂ ਦੀ ਜ਼ਿੰਮੇਵਾਰੀ ਸਮਝ ਲਿਆ ਜਾਂਦਾ ਹੈ। ਜੇ ਤਿਉਹਾਰ ਪਰਿਵਾਰ ਦੀ ਖ਼ੁਸ਼ੀ ਹੈ ਤਾਂ ਇਸ ਦੀ ਮਿਹਨਤ ਵੀ ਸਾਰੇ ਪਰਿਵਾਰ ਦੀ ਹੋਣੀ ਚਾਹੀਦੀ ਹੈ। ਕੰਮ ਵੰਡਣ ਨਾਲ ਔਰਤਾਂ ਦਾ ਬੋਝ ਘਟੇਗਾ ਤੇ ਤਿਉਹਾਰ ਸੱਚਮੁੱਚ ਸਾਂਝੀ ਖ਼ੁਸ਼ੀ ਬਣੇਗਾ।

ਤਿਉਹਾਰਾਂ ਦੇ ਪਕਵਾਨ ਸਾਡੇ ਸੱਭਿਆਚਾਰ ਦਾ ਹਿੱਸਾ ਹਨ। ਇਨ੍ਹਾਂ ਦਿਨਾਂ ਦੌਰਾਨ ਸੁਆਦ ਦੇ ਨਾਲ ਸਿਹਤ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਬਹੁਤ ਜ਼ਿਆਦਾ ਮਿੱਠੇ ਤੇ ਤਲੇ ਹੋਏ ਪਦਾਰਥਾਂ ਦੀ ਥਾਂ ਘਰ ਵਿਚ ਤਿਆਰ ਕੀਤੇ ਤਾਜ਼ੇ ਪਕਵਾਨ, ਫਲ ਤੇ ਸੁੱਕੇ ਮੇਵੇ ਖ਼ੁਰਾਕ ਦਾ ਹਿੱਸਾ ਬਣਾਏ ਜਾ ਸਕਦੇ ਹਨ।

(ਬਾਕੀ ਸਫ਼ਾ 27 'ਤੇ)

# ਸਿੱਖੀ ਸਿਦਕ ਦੀ ਪਰਖ ਸਾਕਾ ਪੰਜਾ ਸਾਹਿਬ

**ਰਜਿੰਦਰ ਸਿੰਘ ਰੂਬੀ ਅਟਾਰੀ**

ਲਾਹੌਰ ਤੋਂ ਪਿਸ਼ਾਵਰ ਜਾਣ ਵਾਲੀ ਸੜਕ 'ਤੇ ਰੇਲਵੇ ਲਾਈਨ ਰਾਵਲਪਿੰਡੀ ਤੋਂ ਅੱਗੇ 46 ਕਿਲੋਮੀਟਰ, ਰੇਲਵੇ ਸਟੇਸ਼ਨ ਹਸਨ ਅਬਦਾਲ ਤੋਂ ਲਗਪਗ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹੈ। ਪੀਰ ਹਸਨ ਅਬਦਾਲ ਜੋ ਕਿ ਵਲੀ ਕੰਧਾਰੀ ਦੇ ਨਾਂ ਨਾਲ ਪ੍ਰਸਿੱਧ ਹੋਇਆ। ਉਹ ਖੁਰਾਸਾਨ ਦੇ ਇਲਾਕੇ ਦਾ ਰਹਿਣ ਵਾਲਾ ਸੀ। ਇਹ ਪਿੰਡ ਉਸ ਦਾ ਵਸਾਇਆ ਸੀ। ਉਹ ਆਪ ਉੱਪਰ ਇਕ ਪਹਾੜੀ 'ਤੇ ਰਹਿੰਦਾ ਸੀ, ਜਿੱਥੇ ਇੱਕ ਪਾਣੀ ਦਾ ਚਸ਼ਮਾ ਸੀ। ਹੋਰ ਕਿਤੇ ਵੀ ਦੂਰ ਨੇੜੇ ਪਾਣੀ ਨਹੀਂ ਸੀ। ਇਲਾਕਾ ਨਿਵਾਸੀ ਪਾਣੀ ਉਸ ਕੋਲੋਂ ਹੀ ਲੈਂਦੇ ਸਨ। ਪੀਰ ਹੰਕਾਰੀ ਤੇ ਜ਼ਿੱਦੀ ਸੀ। ਉਸ ਨੂੰ ਆਪਣੀ ਅਜ਼ਮਤ 'ਤੇ ਮਾਣ ਸੀ। ਪੱਛਮ ਦੀ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਮੁਕਾਮ 'ਤੇ ਜਾ ਬਿਰਾਜੇ। ਉਸ ਦਾ ਹੰਕਾਰ ਤੋੜਨ ਲਈ ਹੀ ਤਾਂ ਗੁਰੂ ਜੀ ਇੱਥੇ ਆਏ ਸਨ। ਅਚਾਨਕ ਭਾਈ ਮਰਦਾਨਾ ਜੀ ਨੂੰ ਪਿਆਸ ਲੱਗ ਗਈ। ਉਹ ਪਹਾੜੀ ਉੱਪਰ ਪਾਣੀ ਲੈਣ ਦੇ ਵਾਰੀ ਗਏ। ਵਲੀ ਕੰਧਾਰੀ ਨੇ ਉਸ ਨੂੰ ਮੰਦਾ ਚੰਗਾ ਬੋਲਿਆ ਤੇ ਨਾਲ ਹੀ ਕਿਹਾ, 'ਤੂੰ ਉਸ ਨਾਲ ਰਹਿ ਰਿਹਾ ਏਂ, ਕੀ ਉਹ ਤੈਨੂੰ ਪਾਣੀ ਨਹੀਂ ਪਿਲਾ ਸਕਦਾ?'

ਗੁਰੂ ਜੀ ਨੇ ਜ਼ਮੀਨ ਤੋਂ ਇਕ ਪੱਥਰ ਚੁੱਕਿਆ ਤਾਂ ਉੱਥੋਂ ਜਲ ਦੀ ਧਾਰ ਵਹਿ ਤੁਰੀ। ਪਾਣੀ ਪੀ ਮਰਦਾਨਾ ਜੀ ਦੀ ਪਿਆਸ ਤਾਂ ਸ਼ਾਂਤ ਹੋ ਗਈ ਪਰ ਉੱਧਰ ਵਲੀ ਕੰਧਾਰੀ ਨੇ ਜਦ ਆਪਣਾ ਚਸ਼ਮਾ ਸੁੱਕਾ ਦੇਖਿਆ ਤਾਂ ਗੁੱਸੇ ਵਿਚ ਲਾਲ ਪੀਲਾ ਹੋ ਇਕ ਭਾਰੀ ਭਰਕਮ ਪੱਥਰ ਪਹਾੜੀ ਤੋਂ ਗੁਰੂ ਜੀ ਵੱਲ ਰੇੜ੍ਹ ਦਿੱਤਾ। ਪੱਥਰ ਨੂੰ ਗੁਰੂ ਜੀ ਨੇ ਹੱਥ ਨਾਲ ਰੋਕ ਲਿਆ ਜੋ ਅੱਜ ਵੀ ਉਸ ਜਗ੍ਹਾ ਸਰੋਵਰ ਕੰਢੇ ਮੌਜੂਦ ਹੈ। ਸੰਗਤਾਂ ਸ਼ਰਧਾ ਸਤਿਕਾਰ ਸਹਿਤ ਉਸ ਪੰਜਾ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਨਗਰ ਦਾ ਨਾਮ ਹਸਨ ਅਬਦਾਲ ਤੋਂ ਪੰਜਾ ਸਾਹਿਬ ਹੋਇਆ। ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾਈ ਤੇ ਨਾਮ ਜ਼ਮੀਨ ਲਗਵਾਈ। ਜਥੇਦਾਰ ਕਰਤਾਰ ਸਿੰਘ ਝੱਬਰ ਨੇ 18 ਨਵੰਬਰ 1920 ਨੂੰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਧੀਨ ਲਿਆਂਦਾ। ਗੁਰਦੁਆਰਾ ਸੁਧਾਰ ਲਹਿਰ ਦਾ ਮਕਸਦ ਆਚਰਨਹੀਨ ਹੋ ਚੁੱਕੇ ਮਹੰਤਾਂ ਤੋਂ (ਜੋ ਕਿ ਗੁਰੂ ਘਰ ਨੂੰ ਤੇ ਜ਼ਮੀਨ-ਜਾਇਦਾਦ ਨੂੰ ਆਪਣਾ ਵਿਰਾਸਤੀ ਹੱਕ ਸਮਝਦੇ ਸਨ) ਗੁਰਦੁਆਰਾ ਸਾਹਿਬਾਨ ਨੂੰ ਮੁਕਤ ਕਰਵਾਉਣਾ ਸੀ। ਗੁਰੂ ਕੇ ਬਾਗ਼ ਦਾ ਮੋਰਚਾ 8 ਅਗਸਤ 1922 ਨੂੰ ਸ਼ੁਰੂ ਹੋਇਆ ਜਦੋਂ ਗੁਰੂ ਕੇ ਲੰਗਰ ਲਈ ਗੁਰੂ ਕੇ ਬਾਗ਼ ਵਿੱਚੋਂ ਕਿੱਕਰਾਂ ਛਾਂਗ ਪੰਜ ਅਕਾਲੀਆਂ ਨੇ ਬਾਲਣ ਵੱਢ ਲਿਆ ਤਾਂ ਮਹੰਤ ਗੁੱਸੇ ਵਿੱਚ ਲਾਲ ਪੀਲਾ ਹੋ ਗਿਆ। ਉਸ ਦੀ ਸ਼ਿਕਾਇਤ 'ਤੇ ਸਿੰਘਾਂ ਉੱਪਰ ਚੋਰੀ ਦਾ ਇਲਜ਼ਾਮ ਲਗਾ ਕੇ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਨੂੰ ਛੇ-ਛੇ ਮਹੀਨੇ ਦੀ ਕੈਦ ਤੇ 50-50 ਰੁਪਏ ਜ਼ੁਰਮਾਨਾ ਕੀਤਾ ਗਿਆ।

22 ਅਗਸਤ 1922 ਤੋਂ ਨਿਰੰਤਰ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਪੁਲਿਸ ਤੇ ਫ਼ੌਜ ਦਾ ਪਹਿਰਾ ਲਗਾ ਦਿੱਤਾ ਗਿਆ। ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ, ਜਨਰਲ ਸਕੱਤਰ ਤੇ ਸਕੱਤਰ ਤੇ ਹੋਰ ਮੁਖੀ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਗ੍ਰਿਫ਼ਤਾਰੀਆਂ ਦਿੱਤੀਆਂ। ਹੁਣ ਹਰ ਰੋਜ਼ 100-100 ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਤੋਂ ਅਰਦਾਸਾ ਸੋਧ ਗੁਰੂ ਕੇ ਬਾਗ਼ ਲਈ ਰਵਾਨਾ ਹੁੰਦਾ ਰਿਹਾ। ਇਨ੍ਹਾਂ ਸ਼ਾਂਤਮਈ ਸਿੰਘਾਂ 'ਤੇ ਜ਼ਾਲਮ ਬੀਟੀ ਅੰਗਰੇਜ਼ ਅਫ਼ਸਰ ਦੇ ਹੁਕਮ 'ਤੇ ਬਲੋਚ ਪੁਲਿਸ ਵੱਲੋਂ ਡਾਗਾਂ ਦਾ ਮੀਂਹ ਵਰਾਇਆ ਜਾਂਦਾ। ਬੇਹੋਸ਼ ਹੋਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦੂਰ-ਦੁਰੇਡੇ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਜਾਂਦਾ। 29 ਅਕਤੂਬਰ 1922 ਨੂੰ ਗੁਰੂ ਕੇ ਬਾਗ਼ ਦੇ ਕੈਦੀ ਸਿੰਘਾਂ ਨੂੰ ਸਪੈਸ਼ਲ ਰੇਲ ਗੱਡੀ ਰਾਹੀਂ ਅਟਕ ਲਿਜਾਇਆ ਜਾ ਰਿਹਾ ਸੀ ਤਾਂ ਪੰਜਾ ਸਾਹਿਬ ਦੀ ਸੰਗਤ ਨੂੰ ਇਸ ਦੀ ਭਿਣਕ ਪੈ ਗਈ। ਗੁਰਦੁਆਰਾ ਪੰਜਾ ਸਾਹਿਬ ਦੀ ਕਮੇਟੀ ਤੇ ਸੰਗਤਾਂ ਨੇ ਨਿਸ਼ਚਾ ਕਰ ਲਿਆ ਕਿ ਗੁਰੂ ਕੇ ਬਾਗ਼ ਦੇ ਕੈਦੀ ਸਿੰਘਾਂ ਨੂੰ ਲਿਜਾ ਰਹੀ ਗੱਡੀ ਨੂੰ ਹਰ ਹਾਲਤ ਵਿਚ ਰੋਕ ਕੇ ਆਪਣੇ ਵੀਰਾਂ ਨੂੰ ਪ੍ਰਸ਼ਾਦਾ ਛਕਾਉਣਾ ਹੈ ਭਾਵੇਂ ਸ਼ਹੀਦੀਆਂ ਹੀ ਕਿਉਂ ਨਾ ਪਾਉਣੀਆਂ ਪੈਣ! ਮੋਹਰਲੀ ਕਤਾਰ ਵਿੱਚ ਭਾਈ ਕਰਮ ਸਿੰਘ ਜੀ ਤੇ ਭਾਈ ਪ੍ਰਤਾਪ ਸਿੰਘ ਜੀ ਸਨ।



29 ਅਕਤੂਬਰ ਨੂੰ ਇਕ ਸਪੈਸ਼ਲ ਟਰੇਨ ਅੰਮ੍ਰਿਤਸਰ ਤੋਂ ਕੈਦੀ ਸਿੰਘਾਂ ਦੀ ਅਟਕ ਕਿਲ੍ਹੇ ਨੂੰ ਤੋਰੀ ਗਈ। ਪੰਜਾ ਸਾਹਿਬ ਤੇ ਨਜ਼ਦੀਕ ਪਿੰਡਾਂ ਦੀਆਂ ਸੰਗਤਾਂ ਰਾਤ ਹੀ ਭਾਰੀ ਉਤਸ਼ਾਹ ਨਾਲ ਗੁਰਦੁਆਰਾ ਸਾਹਿਬ ਵਿੱਚ ਪਹੁੰਚ ਗਈਆਂ। ਭਾਈ ਕਰਮ ਸਿੰਘ ਜੀ ਤੇ ਭਾਈ ਪਰਤਾਪ ਸਿੰਘ ਜੀ ਕਿਸੇ ਇਲਾਹੀ ਰੰਗਨ ਵਿੱਚ ਰੰਗੇ ਸੰਗਤਾਂ ਦੀ ਸੇਵਾ ਕਰ ਰਹੇ ਸਨ। ਅਗਲੀ ਸਵੇਰ ਸੰਗਤਾਂ ਗੁਰਦੁਆਰਾ ਸਾਹਿਬ ਦਰਸ਼ਨ ਇਸ਼ਨਾਨ ਕੀਤੇ। ਗੁਰਾਂ ਦੀ ਹਜ਼ੂਰੀ ਵਿੱਚ ਕਾਰਜ ਦੀ ਪੂਰਤੀ ਲਈ ਅਰਦਾਸਾ ਸੋਧ ਸੰਗਤਾਂ 'ਸਤਿਨਾਮ ਵਾਹਿਗੁਰੂ' ਦੇ ਜਾਪ ਕਰਦੀਆਂ ਹਸਨ ਅਬਦਾਲ ਦੇ ਸਟੇਸ਼ਨ 'ਤੇ ਆ ਗਈਆਂ। ਪਟੜੀ 'ਤੇ ਲੰਗਰ ਪ੍ਰਸ਼ਾਦਾ ਰੱਖ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣ ਲਈ ਕਿਹਾ, ਉਸ ਆਪਣੀ ਮਜਬੂਰੀ ਦੱਸਦੇ ਹੋਏ ਕਿਹਾ ਕਿ ਇਹ ਫ਼ੈਸਲਾ ਜੇਲ੍ਹ ਅਧਿਕਾਰੀਆਂ ਤੇ ਰੇਲਵੇ ਦੇ ਉੱਚ ਅਧਿਕਾਰੀਆਂ ਦਾ ਗੱਡੀ ਰਸਤੇ ਵਿਚ ਕਿਧਰੇ ਵੀ ਨਾ ਰੋਕਣ ਦਾ ਹੈ ਤਾਂ ਭਾਈ ਕਰਮ ਸਿੰਘ ਜੀ ਨੇ ਪੂਰੇ ਜਲੌਅ ਵਿੱਚ ਆ ਕੇ ਕਿਹਾ, 'ਤੈਨੂੰ ਤੇਰੇ ਮਾਲਕ ਦਾ ਹੁਕਮ ਗੱਡੀ ਨਾ ਰੋਕਣ ਦਾ ਹੈ ਤਾਂ ਮੈਨੂੰ ਮੇਰੇ ਮਾਲਕ ਦਾ ਹੁਕਮ ਗੱਡੀ ਖੜ੍ਹੀ ਕਰਨ ਦਾ ਹੈ'।

ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਖ਼ਾਲਸਾ ਜੀ ਗੱਡੀ ਰੋਕਣ ਲਈ ਸ਼ਹੀਦੀਆਂ ਲਈ ਤਿਆਰ ਹੋ ਜਾਵੋ। ਸਮਾਂ ਆ ਗਿਆ ਹੈ ਅੱਜ ਫੇਰ ਪੁਰਖਿਆਂ ਦਾ ਇਤਿਹਾਸ ਦੁਹਰਾਉਣ ਦਾ। ਓਧਰ 10 ਵਜੇ ਗੱਡੀ ਦੇ ਆਉਣ ਦਾ ਸਮਾਂ ਹੋ ਗਿਆ ਸੀ। ਬੱਚੇ, ਇਸਤਰੀਆਂ, ਕਈਆਂ ਨੇ ਤਾਂ ਆਪਣੇ ਬੱਚੇ ਵੀ ਗੋਦੀ ਵਿੱਚ ਲਏ ਹੋਏ ਸਨ ਅਤੇ ਮਰਦ ਸਭ ਰੇਲਵੇ ਲਾਈਨ 'ਤੇ ਬੈਠ ਕੇ 'ਸਤਿਨਾਮੁ ਵਾਹਿਗੁਰੂ' ਤੇ ਇਲਾਹੀ ਬਾਣੀ ਦਾ ਜਾਪ ਕਰ ਰਹੇ ਸਨ। ਸਭ ਤੋਂ ਅੱਗੇ ਭਾਈ ਕਰਮ ਸਿੰਘ ਹੀ ਤੇ ਭਾਈ ਪ੍ਰਤਾਪ ਸਿੰਘ ਜੀ ਜਿਨ੍ਹਾਂ ਦਾ ਸਕੇ ਵੀਰਾਂ ਤੋਂ ਵੀ ਵੱਧ ਇੱਕ ਦੂਜੇ ਨਾਲ ਮੋਹ ਪਿਆਰ ਸੀ ਬੈਠੇ ਸਨ। ਉਹ ਅੱਗੇ-ਅੱਗੇ ਬਾਣੀ ਦਾ ਜਾਪ ਕਰ ਰਹੇ ਸਨ ਤੇ ਸੰਗਤਾਂ ਉਨ੍ਹਾਂ ਦੇ ਮਗਰ ਉਚਾਰਨ ਕਰ ਰਹੀਆਂ ਸਨ। ਓਧਰ ਅੰਗਰੇਜ਼ਾਂ ਦੀ ਆਪਣੀ ਜਾਈ ਧੂੰਆਂ ਕੱਢੇ ਤੇ ਚੀਕਾਂ ਮਾਰਦੀ ਗੱਡੀ ਆ ਰਹੀ ਸੀ। ਡਰਾਇਵਰ ਆਪ ਬੇਵੱਸ ਹੋ ਗਿਆ। ਸਭ ਹੀਲੇ ਬੇਕਾਰ। ਗੱਡੀ ਸਿੰਘਾਂ 'ਤੇ ਆਣ ਚੜ੍ਹੀ।

**ਸ਼ਹੀਦ ਸਿੰਘਾਂ ਦੀ ਸੂਚੀ**

ਭਾਈ ਕਰਮ ਸਿੰਘ ਜੀ ਤੇ ਭਾਈ ਪ੍ਰਤਾਪ ਸਿੰਘ ਜੀ ਗੰਭੀਰ ਜ਼ਖ਼ਮੀ ਹੋ ਗਏ। ਛੇ ਹੋਰ ਸਿੰਘ ਗੰਗਾ ਸਿੰਘ ਜੀ ਪਿੰਡ ਮਜਾਹ, ਜ਼ਿਲ੍ਹਾ ਅਟਕ, ਚਰਨ ਸਿੰਘ ਜੀ ਪਿੰਡ ਮਜਾਹ, ਜ਼ਿਲ੍ਹਾ ਅਟਕ, ਨਿਹਾਲ ਸਿੰਘ ਜੀ ਪਿੰਡ ਲਾਲਪੁਰਾ, ਚੋਟੀਆਂ ਜ਼ਿਲ੍ਹਾ ਤਰਨ ਤਾਰਨ, ਭਗਵਾਨ ਸਿੰਘ ਜੀ ਹਲਵਾਈ, ਗੁ. ਪੰਜਾ ਸਾਹਿਬ (ਪਿੰਡ ਪੜਿਆਲ ਜ਼ਿਲ੍ਹਾ ਕੈਮਲਪੁਰ), ਫ਼ਕੀਰ ਸਿੰਘ ਪੰਜਾ ਸਾਹਿਬ (ਹਸਨ ਅਬਦਾਲ), ਕਲਿਆਨ ਸਿੰਘ ਜੀ ਪਿੰਡ ਮਹਿਤਾਈ, ਜ਼ਿਲ੍ਹਾ ਮੁਜ਼ਫਰਾਬਾਦ ਕਸ਼ਮੀਰ ਵੀ ਗੰਭੀਰ ਜ਼ਖ਼ਮੀ ਹੋਏ। ਭਾਈ ਕਰਮ ਸਿੰਘ ਜੀ ਤੇ ਭਾਈ ਪ੍ਰਤਾਪ ਸਿੰਘ ਜੀ ਨੂੰ ਗੱਡੀ ਥੱਲਿਓਂ ਕੱਢਿਆ ਗਿਆ ਤਾਂ ਉਨ੍ਹਾਂ ਕਿਹਾ, 'ਤੁਸੀਂ ਸਾਡੀ ਪਰਵਾਹ ਨਾ ਕਰੋ, ਜਾਵੋ! ਆਪਣੇ ਕੈਦੀ ਵੀਰਾਂ ਦੀ ਲੰਗਰ ਪਾਣੀ ਦੀ ਸੇਵਾ ਕਰੋ।' ਸੋ ਸੰਗਤਾਂ ਨੇ ਲੰਗਰ ਛਕਾਏ ਤੋਂ ਬਿਨਾਂ ਗੱਡੀ ਅੱਗੇ ਨਾ ਜਾਣ ਦਿੱਤੀ। ਜ਼ਖ਼ਮੀਆਂ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਲਿਜਾਇਆ ਗਿਆ। ਭਾਈ ਕਰਮ ਸਿੰਘ ਜੀ ਤਾਂ ਕੁਝ ਘੰਟਿਆਂ ਬਾਅਦ ਹੀ ਸ਼ਹੀਦ ਹੋ ਗਏ।

ਭਾਈ ਪ੍ਰਤਾਪ ਸਿੰਘ ਜੀ ਵੀ ਉਨ੍ਹਾਂ ਦੇ ਮਗਰੇ ਅਗਲੇ ਦਿਨ 31 ਅਕਤੂਬਰ 1922 ਨੂੰ ਸ਼ਹੀਦਾਂ ਦੀ ਕਤਾਰ ਵਿੱਚ ਜਾ ਸ਼ਾਮਲ ਹੋਏ। ਇਨ੍ਹਾਂ ਅਣਖੀਲੇ ਤੇ ਪੰਥਕ ਸੇਵਾ ਦੇ ਪੁੰਜ ਸੂਰਬੀਰ ਸਿੰਘਾਂ ਨੇ ਗੁਰਦੁਆਰਾ ਪੰਜਾ ਸਾਹਿਬ ਵਿੱਚ ਨਿਸ਼ਕਾਮ ਸੇਵਾ ਨਿਭਾਈ ਤੇ ਇੱਥੇ ਹੀ ਗੁਰੂ ਦੇ ਚਰਨਾਂ ਵਿੱਚ ਹੀ ਧਰਮ ਦੇ ਕਾਰਜ ਲਈ ਇਕੱਠਿਆਂ ਸਾਥ ਨਿਭਾਉਂਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ਼ਹੀਦਾਂ ਦਾ ਸਸਕਾਰ 1 ਨਵੰਬਰ 1922 ਨੂੰ ਰਾਵਲਪਿੰਡੀ ਦੇ ਲਈ ਨਦੀ ਕਿਨਾਰੇ ਕੀਤਾ ਗਿਆ।

ਗੁਰਦੁਆਰਾ ਪੰਜਾ ਸਾਹਿਬ ਦੀ ਕਮੇਟੀ ਤੇ ਸੰਗਤਾਂ ਨੇ ਨਿਸ਼ਚਾ ਕਰ ਲਿਆ ਕਿ ਗੁਰੂ ਕੇ ਬਾਗ਼ ਦੇ ਕੈਦੀ ਸਿੰਘਾਂ ਨੂੰ ਲਿਜਾ ਰਹੀ ਗੱਡੀ ਨੂੰ ਹਰ ਹਾਲਤ ਵਿਚ ਰੋਕ ਕੇ ਆਪਣੇ ਵੀਰਾਂ ਨੂੰ ਪ੍ਰਸ਼ਾਦਾ ਛਕਾਉਣਾ ਹੈ ਭਾਵੇਂ ਸ਼ਹੀਦੀਆਂ ਹੀ ਕਿਉਂ ਨਾ ਪਾਉਣੀਆਂ ਪੈਣ!

**ਪੰਜਾ ਸਾਹਿਬ ਰੇਲਵੇ ਸਟੇਸ਼ਨ ਨੂੰ ਦਿੱਤੀ ਨਵੀਂ ਦਿੱਖ**

ਸਾਕਾ ਪੰਜਾ ਸਾਹਿਬ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪਾਕਿਸਤਾਨ ਸਰਕਾਰ ਨੇ ਪੰਜਾ ਸਾਹਿਬ ਰੇਲਵੇ ਸਟੇਸ਼ਨ ਜੋ ਕੇ ਵਿਕਾਸ ਪੱਖੋਂ ਬਹੁਤ ਪੱਛੜਿਆ ਹੋਇਆ ਸੀ ਸਾਕਾ ਪੰਜਾ ਸਾਹਿਬ 200 ਸਾਲਾ ਸ਼ਤਾਬਦੀ ਸਬੰਧੀ ਇਸ ਰੇਲਵੇ ਸਟੇਸ਼ਨ 'ਤੇ ਕਰੋੜਾਂ ਰੁਪਏ ਲਗਾ ਕੇ ਸਿੱਖ ਧਰਮ ਅਨੁਸਾਰ ਇਸ ਰੇਲਵੇ ਸਟੇਸ਼ਨ ਨੂੰ ਬਹੁਤ ਵਧੀਆ ਦਿੱਖ ਦੇ ਕੇ ਨਵੀਂ ਉਸਾਰੀ ਕਰ ਕੇ ਬਣਾਇਆ ਗਿਆ ਸੀ ਜਿਸ ਦਾ ਉਦਘਾਟਨ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਪਿਛਲੇ ਸਾਲ ਕੀਤਾ ਗਿਆ ਸੀ।

---



**ਤਲਵਿੰਦਰ ਸਿੰਘ**

# ਜੰਗਾਂ-ਯੁੱਧਾਂ ਵਿੱਚ ਵੀ ਅਡੋਲ ਰਿਹਾ ਖ਼ਾਲਸੇ ਦਾ ਉੱਚਾ-ਸੁੱਚਾ ਆਚਰਣ

ਜਦੋਂ 9 ਸਾਲ ਦੀ ਉਮਰ ਵਿੱਚ ਬਾਲ (ਗੁਰੂ) ਗੋਬਿੰਦ ਰਾਏ ਜੀ ਨੇ ਸੰਸਾਰਕ ਵਿੱਦਿਆ ਸੰਪੂਰਨ ਕਰ ਲਈ, ਤਾਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਕੋਲ ਸੱਦ ਕੇ ਜ਼ਿੰਦਗੀ ਭਰ ਇੱਕ ਪ੍ਰਣ ਨਿਭਾਉਣ ਲਈ ਕਿਹਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਿੱਤਰ ਦੀ ਵਚਿੱਤਰ ਉਸਾਰੀ ਤੇ ਨੈਤਿਕਤਾ ਦੀ ਸੁੱਚਮਤਾ ਵਾਲੇ ਇਸ ਪ੍ਰਣ ਦਾ ਵਰਨਣ ਦਸਮ ਗ੍ਰੰਥ ਦੇ 'ਚਰਿਤ੍ਰੋਪਾਖਿਆਨ' ਵਿੱਚ ਇਉਂ ਕੀਤਾ ਹੈ:

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥

ਦਸਮ ਪਾਤਸ਼ਾਹ ਨੇ ਤਾ-ਉਮਰ ਇਸ ਪ੍ਰਣ ਨੂੰ ਕਿਸ ਗੰਭੀਰਤਾ ਨਾਲ ਨਿਭਾਇਆ, ਉਸ ਦੀ ਇੱਕ ਸੁੰਦਰ ਝਾਕੀ ਇਤਿਹਾਸ ਵਿੱਚ ਮਿਲਦੀ ਹੈ। ਉਸ ਸਮੇਂ ਦੀ ਸਭ ਤੋਂ ਸੁੰਦਰ ਇਸਤਰੀ, ਚੰਬਾ ਰਿਆਸਤ ਦੀ ਰਾਣੀ ਪਦਮਨੀ ਆਪ ਜੀ ਦੇ ਦਰਬਾਰ ਵਿੱਚ ਆਈ। ਆਪ ਜੀ ਦਾ ਇਹ ਸੁਭਾਅ ਸੀ ਕਿ ਜੋ ਵੀ ਦਰਬਾਰ ਵਿੱਚ ਆ ਕੇ ਸਿਰ ਝੁਕਾਉਂਦਾ, ਉਸ ਨੂੰ ਹਜ਼ੂਰ ਆਪਣੇ ਤੀਰ ਨਾਲ ਹੀ ਅਸ਼ੀਰਵਾਦ ਦਿੰਦੇ ਸਨ। ਜੇਕਰ ਵਧੇਰੇ ਪ੍ਰਸੰਨ ਹੁੰਦੇ ਤਾਂ ਬਖ਼ਸ਼ਿਸ਼ ਵਜੋਂ ਉਹ ਤੀਰ ਹੀ ਉਸ ਵਿਅਕਤੀ ਨੂੰ ਬਖ਼ਸ਼ ਦਿੰਦੇ ਸਨ। ਰਾਣੀ ਪਦਮਨੀ ਨੇ ਜਦੋਂ ਸੀਸ ਝੁਕਾਇਆ ਤਾਂ ਆਪ ਜੀ ਨੇ ਤੀਰ ਨਾਲ ਅਸ਼ੀਰਵਾਦ ਦਿੱਤਾ। ਮਹਾਰਾਣੀ ਨੇ ਬੇਨਤੀ ਕਰਦਿਆਂ ਕਿਹਾ, 'ਮਹਾਰਾਜ, ਮੈਂ ਤੁਹਾਡੀ ਸੇਵਿਕਾ ਹਾਂ, ਆਪਣੇ ਕਰ-ਕਮਲਾਂ (ਹੱਥਾਂ) ਨਾਲ ਅਸ਼ੀਰਵਾਦ ਦਿਓ।' ਤਾਂ ਇਖ਼ਲਾਕ ਦੇ ਮੁਜੱਸਮੇ ਨੇ ਉੱਤਰ ਵਜੋਂ ਫ਼ੁਰਮਾਇਆ, 'ਪਦਮਨੀ! ਇਨ੍ਹਾਂ ਹੱਥਾਂ ਨੇ ਅੱਜ ਤੱਕ ਸਿਰਫ਼ ਆਪਣੀ ਪਤਨੀ ਨੂੰ ਹੀ ਛੋਹਿਆ ਹੈ, ਹੋਰ ਕਿਸੇ ਨੂੰ ਨਹੀਂ।'



ਸ੍ਰੀ ਅਨੰਦਪੁਰ ਸਾਹਿਬ ਵਿੱਚ ਇੱਕ ਵਾਰ ਮੁਗ਼ਲਾਂ 'ਤੇ ਕੀਤੇ ਹਮਲੇ ਦੌਰਾਨ ਮਾਲ-ਅਸਬਾਬ ਦੇ ਨਾਲ ਹੀ ਸਿੱਖ ਫ਼ੌਜ ਰੰਘੜਾਂ ਦੀ ਇੱਕ ਲੜਕੀ ਵੀ ਚੁੱਕ ਲਿਆਈ। ਦਸਮ ਪਾਤਸ਼ਾਹ ਨੇ ਜਦੋਂ ਉਸ ਲੜਕੀ ਨੂੰ ਵੇਖਿਆ ਤਾਂ ਨਾਰਾਜ਼ਗੀ ਜ਼ਾਹਰ ਕਰਦਿਆਂ ਉਸ ਬੱਚੀ ਨੂੰ ਪੂਰੇ ਮਾਣ-ਸਨਮਾਨ ਤੇ ਇੱਜ਼ਤ ਨਾਲ ਵਾਪਸ ਉਸ ਦੇ ਘਰ ਪਹੁੰਚਾਉਣ ਦਾ ਹੁਕਮ ਦਿੱਤਾ। ਸਿੰਘਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੁਗ਼ਲ ਬੇਖ਼ੌਫ਼ ਹੋ ਕੇ ਹਿੰਦੂਆਂ ਦੀਆਂ ਧੀਆਂ-ਭੈਣਾਂ ਦੀ ਬੇਪਤੀ ਕਰ ਰਹੇ ਹਨ, ਸਾਨੂੰ ਵੀ ਬਦਲਾ ਲੈਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ; ਬਦਲੇ ਤੋਂ ਬਿਨਾਂ ਦੁਸ਼ਮਣ ਸਿੱਧੇ ਨਹੀਂ ਹੋਣਗੇ ਅਤੇ ਜੰਗ-ਨੀਤੀ ਤੇ ਚਾਣਕਿਆ-ਨੀਤੀ ਵੀ ਇਹੋ ਕਹਿੰਦੀ ਹੈ। ਸਿੰਘਾਂ ਦੇ ਵਿਚਾਰ ਸੁਣ ਕੇ ਗੁਰੂ ਜੀ ਨੇ ਕਿਹਾ, 'ਮੈਂ ਤਾਂ ਅਜਿਹੇ ਸਿੱਖ ਤਿਆਰ ਕਰਨੇ ਹਨ ਜੋ ਜੰਗਾਂ-ਯੁੱਧਾਂ ਵਿੱਚ ਵੀ ਆਪਣਾ ਚਰਿੱਤਰ ਬੁਲੰਦ ਰੱਖਣ। ਅਸੀਂ ਬਦਲੇ ਦੀ ਭਾਵਨਾ ਤਹਿਤ ਨੀਵੀਂ ਖੱਡ ਵਿੱਚ ਨਹੀਂ ਡਿੱਗਣਾ।'

ਗੁਰੂ ਜੀ ਨੇ ਸਿੰਘਾਂ ਵਿੱਚ ਇਖ਼ਲਾਕ ਦੇ ਅਜਿਹੇ ਉੱਚੇ ਗੁਣ ਭਰੇ, ਜਿਸ ਦੇ ਸਦਕਾ ਸਿੱਖਾਂ ਨੇ ਜੰਗ ਅਤੇ ਅਮਨ ਦੋਵਾਂ ਹਾਲਾਤਾਂ ਵਿੱਚ ਆਪਣਾ ਚਰਿੱਤਰ ਕਦੇ ਡਿੱਗਣ ਨਹੀਂ ਦਿੱਤਾ। ਇਸ ਦੀ ਗਵਾਹੀ ਸਿਰਫ਼ ਗ਼ੈਰ-ਸਿੱਖ ਇਤਿਹਾਸਕਾਰਾਂ ਨੇ ਹੀ ਨਹੀਂ, ਸਗੋਂ ਦੁਸ਼ਮਣਾਂ ਨੇ ਵੀ ਦਿੱਤੀ ਹੈ।

ਅਹਿਮਦ ਸ਼ਾਹ ਅਬਦਾਲੀ ਦੇ ਹਿੰਦੁਸਤਾਨ 'ਤੇ ਸੱਤਵੇਂ ਹਮਲੇ ਵੇਲੇ ਉਸ ਦਾ ਮੀਰ-ਮੁਨਸ਼ੀ ਕਾਜ਼ੀ ਨੂਰ ਮੁਹੰਮਦ ਉਸ ਦੇ ਨਾਲ ਪੰਜਾਬ ਆਇਆ ਸੀ। ਉਸ ਨੇ ਸਿੰਘਾਂ ਨੂੰ ਮੈਦਾਨ-ਏ-ਜੰਗ ਵਿੱਚ ਲੜਦਿਆਂ ਵੇਖਿਆ ਤਾਂ ਉਹ ਦੁਸ਼ਮਣ ਹੁੰਦਿਆਂ ਹੋਇਆਂ ਵੀ ਸਿੰਘਾਂ ਦੇ ਗੁਣਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਉਹ ਆਪਣੇ 'ਜੰਗਨਾਮੇ' ਵਿੱਚ ਲਿਖਦਾ ਹੈ:

"ਇਨ੍ਹਾਂ ਸਿੰਘਾਂ ਨੂੰ 'ਸੱਗ' (ਕੁੱਤੇ) ਨਾ ਆਖੋ, ਇਹ ਤਾਂ ਸ਼ੇਰ ਹਨ। ਮਰਦਾਨਗੀ ਦੇ ਮੈਦਾਨ ਵਿੱਚ ਸ਼ੇਰਾਂ ਵਾਂਗ ਦਲੇਰ ਹਨ। ਰਣ ਦਾ ਉਹ ਸੂਰਮਾ, ਜੋ ਲੜਾਈ ਵਿੱਚ ਸ਼ੇਰ ਵਾਂਗ ਗਰਜੇ, ਉਹ 'ਸੱਗ' ਕਿਵੇਂ ਹੋ ਸਕਦਾ ਹੈ? …ਇਨ੍ਹਾਂ ਵਿੱਚ ਵਿਭਚਾਰ ਬਿਲਕੁਲ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਦੇ ਸੁਭਾਅ ਵਿੱਚ ਚੋਰੀ ਹੈ। ਇਹ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਕਦੇ ਹੱਥ ਨਹੀਂ ਚੁੱਕਦੇ।"

18ਵੀਂ ਸਦੀ ਵਿੱਚ ਜਦੋਂ ਸਰਦਾਰ ਹਰੀ ਸਿੰਘ ਨਲੂਆ ਨੇ ਦੱਰਾ-ਏ-ਖ਼ੈਬਰ 'ਤੇ ਕੂਚ ਕੀਤਾ ਤਾਂ ਉੱਥੋਂ ਦੇ ਬਹਾਦਰ ਪਠਾਣਾਂ ਦੇ ਪੈਰ ਉਖੜ ਗਏ। ਹਰੀ ਸਿੰਘ ਨਲੂਆ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਇੱਕ ਨੌਜਵਾਨ ਪਠਾਣ ਮੁਟਿਆਰ (ਬਾਨੋ) ਹਰੀ ਸਿੰਘ ਨਲੂਆ ਨੂੰ ਮਿਲਣ ਪਹੁੰਚੀ, ਜਦੋਂ ਉਨ੍ਹਾਂ ਨੇ ਜਮਰੌਦ ਵਿੱਚ ਫ਼ੌਜ ਸਮੇਤ ਪੜਾਅ ਕੀਤਾ ਹੋਇਆ ਸੀ। ਉਹ ਮੁਟਿਆਰ ਨਲੂਆ ਨੂੰ ਕਹਿਣ ਲੱਗੀ, 'ਮੈਂ ਚਾਹੁੰਦੀ ਹਾਂ ਕਿ ਮੇਰੀ ਕੁੱਖੋਂ ਤੁਹਾਡੇ ਵਰਗਾ ਬਹਾਦਰ ਜਰਨੈਲ ਪੁੱਤਰ ਪੈਦਾ ਹੋਵੇ।' ਹਰੀ ਸਿੰਘ ਨਲੂਆ ਨੇ ਕਿਹਾ, 'ਅੱਲ੍ਹਾ ਅੱਗੇ ਦੁਆ ਕਰਿਆ ਕਰ ਕਿ ਉਹ ਤੈਨੂੰ ਨੇਕ ਪੁੱਤਰ ਬਖ਼ਸ਼ੇ।' ਉਸ ਮੁਟਿਆਰ ਦੇ ਵਾਰ-ਵਾਰ ਉਹੀ ਜ਼ਿੱਦ ਦੁਹਰਾਉਣ 'ਤੇ ਸ. ਨਲੂਆ ਨੇ ਗੁੱਸੇ ਵਿੱਚ ਆ ਕੇ ਮਿਆਨੋਂ ਤਲਵਾਰ ਕੱਢੀ ਤੇ ਆਖਿਆ, 'ਪਠਾਣ ਦੀਏ ਧੀਏ! ਤੂੰ ਸਿੱਖ ਦਾ ਕਿਰਦਾਰ ਪਰਖਣ ਆਈ ਏਂ? ਚਲੀ ਜਾ ਇੱਥੋਂ।'

ਉਹ ਮੁਟਿਆਰ ਡਰ ਨਾਲ ਕੰਬਦੀ ਅਤੇ ਰੋਂਦੀ ਹੋਈ ਤੰਬੂ 'ਚੋਂ ਬਾਹਰ ਜਾਣ ਲੱਗੀ ਅਤੇ ਦਰਵਾਜ਼ੇ ਕੋਲ ਰੁਕ ਕੇ ਕਹਿਣ ਲੱਗੀ, 'ਮੈਂ ਸੁਣਿਆ ਸੀ ਕਿ ਗੁਰੂ ਦੇ ਖ਼ਾਲਸੇ ਦੇ ਦਰ ਤੋਂ ਕਦੇ ਕੋਈ ਖ਼ਾਲੀ ਨਹੀਂ ਮੁੜਦਾ, ਪਰ ਅੱਜ ਇਹ ਪਠਾਣ ਧੀ ਇਸ ਦਰ ਤੋਂ ਖ਼ਾਲੀ ਹੱਥ ਜਾ ਰਹੀ ਹੈ…'। ਇਹ ਸੁਣ ਕੇ ਹਰੀ ਸਿੰਘ ਨਲੂਆ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, 'ਨਹੀਂ, ਇਹ ਫ਼ਰਿਆਦਣ ਖ਼ਾਲਸੇ ਦੇ ਦਰ ਤੋਂ ਨਿਰਾਸ਼ ਨਹੀਂ ਮੁੜੇਗੀ। ਬੀਬੀ, ਤੂੰ ਚਾਹੁੰਦੀ ਏਂ ਕਿ ਤੇਰੇ ਘਰ ਮੇਰੇ ਵਰਗਾ ਪੁੱਤਰ ਹੋਵੇ… ਤਾਂ ਸੁਣ, ਅੱਜ ਤੋਂ ਇਹ ਹਰੀ ਸਿੰਘ ਤੇਰਾ ਪੁੱਤਰ ਹੈ ਅਤੇ ਤੂੰ ਹਰੀ ਸਿੰਘ ਦੀ ਧਰਮ ਦੀ ਮਾਂ।' ਇਹ ਆਖਦਿਆਂ ਹਰੀ ਸਿੰਘ ਨੇ ਪਹਿਰੇਦਾਰ ਕੋਲੋਂ ਦੁਸ਼ਾਲਾ ਮੰਗਵਾ ਕੇ ਉਸ ਦੇ ਸਿਰ 'ਤੇ ਢਕਿਆ ਅਤੇ ਉਸ ਦੇ ਪੈਰਾਂ 'ਤੇ ਸੀਸ ਝੁਕਾ ਦਿੱਤਾ। ਉਹ ਮੁਟਿਆਰ ਇਸ ਪਵਿੱਤਰਤਾ ਤੇ ਉੱਚੇ ਕਿਰਦਾਰ ਨੂੰ ਦੇਖ ਕੇ ਭਾਵੁਕ ਹੋ ਗਈ ਅਤੇ ਉਸ ਦੀਆਂ ਅੱਖਾਂ 'ਚੋਂ ਵੈਰਾਗ ਦੇ ਅੱਥਰੂ ਵਹਿ ਤੁਰੇ।

1947 ਤੋਂ ਪਹਿਲਾਂ ਇੱਕ ਅਮਰੀਕੀ ਮੁਟਿਆਰ ਭਾਰਤ ਭ੍ਰਮਣ 'ਤੇ ਆਈ ਸੀ। ਵਾਪਸ ਪਰਤ ਕੇ ਉਸ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਇੱਕ ਪੱਤਰ ਲਿਖਿਆ: (ਬਾਕੀ ਸਫ਼ਾ 27 'ਤੇ)

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਾਕਾ ਪੰਜਾ ਸਾਹਿਬ (1922)

## (28 ਅਕਤੂਬਰ 'ਤੇ ਵਿਸ਼ੇਸ਼)

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਿਆਰ, ਸੇਵਾ, ਸ਼ਰਧਾ ਅਤੇ ਬਰਾਬਰਤਾ ਦਾ ਸੁਨੇਹਾ ਮਨੁੱਖਤਾ ਨੂੰ ਦਿੱਤਾ ਕਿ 'ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥' ਅੰਗ (612) ਭਾਵ: ਹੇ ਮੇਰੇ ਮਿੱਤਰ ਮੇਰੀ ਬੇਨਤੀ ਸੁਣ। ਮੈਂ ਤੇਰੇ ਚਰਨਾ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ। ਹੇ ਭਰਾ! ਮੈਂ ਆਪਣਾ ਇਹ ਮਨ ਤੇਰਾ ਆਗਿਆਕਾਰ ਬਣਾਉਣ ਲਈ ਤਿਆਰ ਹਾਂ। ਰਹਾਉ, ਹੇ ਮਿੱਤਰ! ਸਾਡਾ ਇੱਕੋ ਹੀ ਪ੍ਰਭੂ -ਪਿਤਾ ਹੈ। ਅਸੀਂ ਇੱਕੋ ਪ੍ਰਭੂ-ਪਿਤਾ ਦੇ ਬੱਚੇ ਹਾਂ। ਫਿਰ ਤੂੰ ਮੇਰਾ ਗੁਰ-ਭਾਈ ਭੀ ਹੈਂ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਮਾਜ ਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਕੁਰਬਾਨੀ ਅਤੇ ਸੇਵਾ ਭਾਵਨਾ ਦੀ ਜਾਚ ਸਿਖਾਈ। ਬਰਾਬਰਤਾ ਦਾ ਉਪਦੇਸ਼ ਸੁਣ ਕੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿੱਚ ਸ਼ਾਮਲ ਹੋਣ ਲੱਗੇ। ਸਿੱਖ ਧਰਮ ਦੀ ਹਰਮਨਪਿਆਰਤਾ ਨੂੰ ਵੇਖ ਕੇ ਮੁਗ਼ਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਹੇਠ ਜ਼ੁਲਮ ਢਾਹੇ। ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀਆਂ ਕਸਮਾਂ ਖਾਧੀਆਂ ਜਾਂਦੀਆਂ। ਸਮੇਂ ਦੀ ਇਸ ਕਰੋਪੀ ਤੋਂ ਬਚਣ ਲਈ ਸਿੰਘ ਸੁਰੱਖਿਅਤ ਥਾਂਵਾਂ ਜਿਵੇਂ ਪਹਾੜਾਂ, ਜੰਗਲਾਂ, ਰੇਗਿਸਤਾਨਾਂ, ਬੇਲਿਆਂ ਵੱਲ ਚਲੇ ਗਏ। ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀਆਂ ਅਤੇ ਸਹਿਜਧਾਰੀ ਸਿੱਖਾਂ ਨੇ ਸੰਭਾਲੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਗੁਰਦੁਆਰਿਆਂ ਦੀ ਦਿੱਖ ਸੰਭਾਰੀ ਗਈ ਅਤੇ ਜਾਇਦਾਦਾਂ ਵੀ ਮਿਲੀਆਂ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਤੋਂ ਬਾਅਦ ਡੋਗਰਿਆਂ ਨੇ ਗੁਰਦੁਆਰਾ ਪ੍ਰਬੰਧ ਵਿਗਾੜ ਕੇ ਰੱਖ ਦਿੱਤਾ। ਅੰਗਰੇਜ਼ ਸਰਕਾਰ ਸਿੰਘਾਂ ਦੀ ਤਾਕਤ ਨੂੰ ਢਾਹ ਲਾ ਕੇ ਖਦੇੜਨਾ ਚਾਹੁੰਦੀ ਸੀ ਤਾਂ ਜੋ ਸਿੱਖਾਂ ਦਾ ਅਧਿਆਤਮਕ ਬਲ ਤੋੜਿਆ ਜਾਵੇ। ਉਹਨਾਂ ਨੇ ਇਸਾਈ ਧਰਮ ਨੂੰ ਮਾਨਤਾ ਦੇ ਕੇ ਵੱਡੇ ਪੱਧਰ 'ਤੇ ਇਸਾਈ ਕੇਂਦਰ ਖੋਲ੍ਹੇ ਕਿ ਲੋਕ ਇਸਾਈ ਧਰਮ ਵੱਲ ਖਿੱਚੇ ਆਉਣ ਤਾਂ ਜੋ ਅੰਗਰੇਜ਼ੀ ਹਕੂਮਤ ਵਿਰੁੱਧ ਲੋਕਾਂ ਦਾ ਵਿਦਰੋਹ ਮੁੱਕ ਜਾਵੇ। ਪ੍ਰਚਾਰ ਦੇ ਇਸ ਢੰਗ ਵੱਲ ਕੁਝ ਸਿੱਖ ਨੌਜਵਾਨ ਵੀ ਇਸਾਈ ਧਰਮ ਵਿੱਚ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਰੋਕਿਆ ਗਿਆ।

ਗੁਰਦੁਆਰਿਆਂ ਵਿੱਚ ਕੁਰੀਤੀਆਂ ਦੂਰ ਕਰਨ ਤੇ ਪ੍ਰਬੰਧ ਨੂੰ ਠੀਕ ਕਰਕੇ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਆਰੰਭ ਹੋਈ। ਇਸ ਲਹਿਰ ਦਾ 1920 ਈ. ਤੋਂ 1925 ਈ. ਤੱਕ ਬੜਾ ਜੋਰ ਰਿਹਾ। ਅੰਗਰੇਜ਼ ਸਰਕਾਰ ਨੇ ਮਹੰਤਾ ਨੂੰ ਸ਼ਹਿ ਦੇ ਕੇ ਗੁਰਦੁਆਰਿਆਂ ਤੇ ਉਨ੍ਹਾਂ ਦੇ ਕਬਜ਼ੇ ਕਰਵਾ ਦਿੱਤੇ। ਉਹ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਸਿਗਰਟ,ਤੰਬਾਕੂ, ਹੁੱਕਾ ਅਤੇ ਨਸ਼ਿਆਂ ਦੀ ਵਰਤੋ ਖੁਲਆਮ ਹੋਣ ਲੱਗੀ। ਵੇਸਵਾਵਾਂ ਦਾ ਨਾਚ ਗਾਣਾ ਚੱਲਣ ਲੱਗਿਆ। ਸ਼ਰਾਬ ਦੇ ਦੌਰ ਚੱਲਣ ਲੱਗੇ। ਔਰਤਾਂ ਦੀ ਬੇਪਤੀ ਹੁੰਦੀ ਰਹੀ। ਪ੍ਰਚਲਤ ਝੂਠੇ ਕਰਮਕਾਂਡਾ, ਕੁਰੀਤੀਆਂ ਦਾ ਬੋਲਬਾਲਾ ਹੋ ਗਿਆ। ਮੂਰਤੀਆਂ ਅਸਥਾਪਨ ਹੋਈਆਂ ਤੇ ਮੂਰਤੀ ਪੂਜਾ ਹੋਣ ਲੱਗੀ। ਗੁਰ ਮਰਯਾਦਾ ਭੰਗ ਕਰਕੇ ਠਾਕੁਰਦੁਆਰੇ ਬਣਾ ਲਏ।

ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਵਿੱਚ ਮੁੜ ਜਾਗ੍ਰਿਤੀ ਪੈਦਾ ਕੀਤੀ। ਇਸ ਦੌਰਾਨ ਗੁਰਦੁਆਰਾ ਜਿਵੇਂ ਨਨਕਾਣਾ ਸਾਹਿਬ, ਗੁਰਦੁਆਰਾ ਤਰਨਤਾਰਨ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਗੰਗਸਰ ਸਾਹਿਬ, ਜੈਤੋ ਵਿੱਚ ਸ਼ਹੀਦੀ ਸਾਕੇ, ਗੁਰਦੁਆਰਾ ਗੁਰੂ ਕਾ ਬਾਗ ਜ਼ਿਲ੍ਹਾ ਅੰਮ੍ਰਿਤਸਰ, ਗੁਰਦੁਆਰਾ ਭਾਈ ਫ਼ੇਰੂ, ਸਿਆਲਕੋਟ ਵਿੱਚ ਮੋਰਚੇ ਲੱਗੇ। ਗੁਰਦੁਆਰਾ ਰਕਾਬਜੰਗ ਦਿੱਲੀ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਦਰਬਾਰ ਸਾਹਿਬ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਕੁੰਜੀਆਂ ਦਾ ਮੋਰਚਾ ਆਦਿ।



ਵੀਹਵੀਂ ਸਦੀ ਵਿੱਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਖ਼ਾਲਸੇ ਨੇ ਸਿੱਖੀ ਸਿਦਕ ਨਿਭਾਇਆ ਤੇ ਸ਼ਾਂਤਮਈ ਕੁਰਬਾਨੀਆਂ ਦੀ ਮਿਸਾਲ ਕਾਇਮ ਕੀਤੀ। ਸਿੱਖ ਸੰਗਤਾਂ ਵਿੱਚ ਜੋਸ਼ ਆਇਆ। ਸ਼ਹੀਦੀ ਸਾਕਾ ਪੰਜਾ ਸਾਹਿਬ ਦੇ ਪਿਛੋਕੜ ਵਿੱਚ ਅੰਮ੍ਰਿਤਸਰ ਤੋਂ 13 ਕਿਲੋਮੀਟਰ ਤੇ ਗੁਰੂ ਅਰਜਨ ਦੇਵ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕਾ ਬਾਗ ਘੁੱਕੇਵਾਲੀ ਸਥਾਪਤ ਹੈ। ਇਸ ਦੀ ਜ਼ਮੀਨ ਗੁਰੂ ਕਾ ਬਾਗ ਅਖਵਾਉਂਦੀ ਸੀ। ਕਿੱਕਰਾਂ ਦੇ ਵੱਡੇ ਦਰਖ਼ਤ ਵੀ ਸਨ। ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ। ਅਗਸਤ 8/1922 ਨੂੰ ਸਿੰਘ ਗੁਰੂ ਕੇ ਲੰਗਰਾਂ ਵਾਸਤੇ ਗੁਰੂ ਕਾ ਬਾਗ ਲੱਕੜਾਂ ਲੈਣ ਵਾਸਤੇ ਗਏ। ਮਹੰਤ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਸਿੰਘਾਂ ਨੂੰ ਛੇ ਛੇ ਮਹੀਨੇ ਦੀ ਕੈਦ ਅਤੇ ਜੁਰਮਾਨਾ ਹੋਇਆ। ਅਗਸਤ 15/1922 ਨੂੰ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ। ਇੱਥੋਂ ਹੀ ਸ਼ਾਂਤਮਈ ਮੋਰਚਾ ਸ਼ੁਰੂ ਹੋਇਆ। ਜਿਸ ਵਿੱਚ ਹਜ਼ਾਰਾਂ ਸਿੰਘਾਂ ਨੇ ਸ਼ਾਂਤਮਈ ਰਹਿ ਕੇ ਬੜੀ ਦ੍ਰਿੜ੍ਹਤਾ ਨਾਲ ਅੰਗਰੇਜ਼ ਪੁਲਿਸ ਅਫ਼ਸਰ ਬੀ.ਟੀ. ਅਤੇ ਹੋਰ ਪੁਲਿਸ ਅਫ਼ਸਰਾਂ ਦੀਆਂ ਡਾਂਗਾਂ ਖਾਧੀਆਂ। ਆਪਣੀਆਂ ਹਿੱਕਾਂ 'ਤੇ ਅੰਗਰੇਜ਼ ਸਰਕਾਰ ਦੀ ਘੋੜਾ ਪੁਲਿਸ ਦੇ ਘੋੜਿਆਂ ਦੀਆਂ ਸੁੰਮਾਂ ਨੂੰ ਵੀ ਸਹਿਣ ਕੀਤਾ।

ਅਗਸਤ 26/1922 ਨੂੰ ਕਮੇਟੀ ਦੇ ਆਗੂ ਭਾਈ ਜਸਵੰਤ ਸਿੰਘ ਜਨਰਲ ਸਕੱਤਰ ਭਾਈ ਮਹਿਤਾਬ ਸਿੰਘ ਪ੍ਰਧਾਨ, ਪ੍ਰੋ. ਸਾਹਿਬ ਸਿੰਘ ਮੀਤ ਸਕੱਤਰ, ਭਾਈ ਸੁਰਮੁੱਖ ਸਿੰਘ, ਝਬਾਲ ਪ੍ਰਧਾਨ ਅਕਾਲੀ ਦਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ, ਭਾਈ ਰਵੇਲ ਸਿੰਘ ਆਦਿ ਨੂੰ ਗ੍ਰਿਫ਼ਤਾਰ ਕਰ ਲਿਆ। ਅਗਸਤ 30,1922 ਨੂੰ 60 ਸਿੰਘਾਂ ਦਾ ਜਥਾ ਗੁਰੂ ਕਾ ਬਾਗ ਤੁਰ ਪਿਆ। ਉਹਨਾਂ ਨੂੰ ਰਾਤ ਰਸਤੇ ਵਿੱਚ ਕੱਟਣੀ ਪਈ। ਪੁਲਿਸ ਨੇ ਸੁੱਤੇ ਪਏ ਸਿੰਘਾਂ 'ਤੇ ਡਾਂਗਾਂ ਵਰ੍ਹਾਈਆਂ। ਅਗਸਤ 31/1922 ਨੂੰ ਅਕਾਲ ਤਖ਼ਤ ਸਾਹਿਬ ਤੋਂ ਹਰ ਰੋਜ਼ 100 ਸਿੰਘਾਂ ਦਾ ਸ਼ਾਂਤਮਈ ਜਥਾ ਗ੍ਰਿਫ਼ਤਾਰੀਆਂ ਲਈ ਭੇਜਿਆ ਜਾਣ ਲੱਗਿਆ। ਅੰਗਰੇਜ਼ੀ ਸਰਕਾਰ ਵੱਲੋਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਵਿੱਚ ਰਖਿਆ ਜਾਂਦਾ। ਜਦੋਂ ਕੈਦ ਹੋਏ ਸਿੰਘਾਂ ਦੀ ਗਿਣਤੀ ਵਧਣ ਲੱਗੀ ਤਾਂ ਉਹਨਾਂ ਨੂੰ ਦੂਸਰੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਜਾਂਦਾ ਸੀ। ਅੰਮ੍ਰਿਤਸਰ ਤੋਂ ਸਿੰਘਾਂ ਨੂੰ ਰਾਵਲਪਿੰਡੀ , ਅਟਕ ਅਤੇ ਹੋਰ ਜੇਲ੍ਹਾਂ ਵਿੱਚ ਰੇਲਗੱਡੀ ਰਾਹੀਂ ਭੇਜਣਾ ਸ਼ੁਰੂ ਕਰ ਦਿੱਤਾ।

ਗੁਰੂ ਕਾ ਬਾਗ ਮੋਰਚੇ ਵਿੱਚ ਸਾਬਕਾ ਫ਼ੌਜੀ ਪੈਨਸ਼ਨਰੀਆਂ ਦਾ ਇੱਕ ਜਥਾ ਵੀ ਗ੍ਰਿਫ਼ਤਾਰ ਸੀ। ਜਿਸ ਦੇ ਮੁਖੀ ਸੂਬੇਦਾਰ ਅਮਰ ਸਿੰਘ ਪਿੰਡ ਧਾਲੀਵਾਲ ਰਿਆਸਤ ਕਪੂਰਥਲਾ ਅਤੇ ਮੀਤ ਜਥੇਦਾਰ ਮਾਸਟਰ ਚਤਰ ਸਿੰਘ ਹਵਾਲਦਾਰ ਪਲਟਨ ਨੰਬਰ 19 ਸਨ। ਇਸ ਜਥੇ ਨੂੰ ਨਵਾਬ, ਅਸਲਮ ਹਯਾਤ ਖਾਂ ਮੈਜਿਸਟਰੇਟ ਅੰਮ੍ਰਿਤਸਰ ਵੱਲੋਂ ਢਾਈ ਸਾਲ ਕੈਦ ਸਖ਼ਤ ਤੇ ਇੱਕ ਇੱਕ ਸੋ ਰੁਪਏ ਜੁਰਮਾਨਾ ਦੀ ਸਜਾ ਦਿੱਤੀ ਗਈ ਸੀ। ਅਕਤੂਬਰ 29/1922 ਈ. ਨੂੰ ਅੰਮ੍ਰਿਤਸਰ ਤੋਂ ਰਾਤ ਦੀ ਰੇਲ ਗੱਡੀ ਰਾਹੀਂ ਇਸ ਜਥੇ ਨੂੰ ਅਟਕ ਜੇਲ੍ਹ ਭੇਜਿਆ ਗਿਆ। ਅਕਤੂਬਰ 30/1922 ਨੂੰ ਰੇਲ ਗੱਡੀ ਗੁਜਰਾਂਵਾਲਾ ਪੁੱਜੀ।

30 ਅਕਤੂਬਰ 1922 ਈ. ਨੂੰ ਸਵੇਰੇ 10 ਵਜੇ ਦਾ ਵੇਲਾ ਸੀ। ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੂੰ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਤੋਂ ਜਥੇ ਦੇ ਲੰਘਣ ਦੀ ਇਤਲਾਹ ਮਿਲੀ। ਗੁਜਰਾਂਵਾਲਾ ਸਟੇਸ਼ਨ ਤੇ ਭਾਈ ਅਮਰੀਕ ਸਿੰਘ, ਡਾ. ਮਹਾਂ ਸਿੰਘ, ਸ.ਨਰਾਇਣ ਸਿੰਘ ਵਕੀਲ, ਮਾਸਟਰ ਛਹਿਬਰ ਸਿੰਘ ਤੇ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਜਥੇ ਦਾ ਸਵਾਗਤ ਕੀਤਾ। ਫਲ, ਮਠਿਆਈ ਤੇ ਹੋਰ ਵਸਤਾਂ ਭੇਂਟ ਕੀਤੀਆਂ। ਜਿਸ ਰੇਲ ਗੱਡੀ ਵਿੱਚ ਫ਼ੌਜੀ ਸਿੰਘ ਅਟਕ ਜਾ ਰਹੇ ਸਨ, ਉਹ ਸਪੈਸ਼ਲ ਰੇਲ ਗੱਡੀ ਸੀ। ਦੁਪਹਿਰ ਵੇਲੇ ਰਾਵਲਪਿੰਡੀ ਪੁੱਜ ਗਈ ਸੀ। ਗੁਜਰਾਂਵਾਲਾ ਤੋਂ ਜਦੋਂ ਇਹ ਖ਼ਬਰ ਗੁਰਦੁਆਰਾ ਪੰਜਾ ਸਾਹਿਬ ਪੁੱਜੀ ਤਾਂ ਸੰਗਤ ਨੇ ਰੇਲ ਗੱਡੀ ਵਿੱਚ ਜਾ ਰਹੇ ਸਿੰਘਾਂ ਨੂੰ ਪ੍ਰਸ਼ਾਦ ਛਕਾਉਣ ਦੀ ਵਿਉਂਤ ਬਣਾਈ। ਸੰਗਤਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ। ਜਦ ਕੁਝ ਮੁਖੀਆਂ ਨੇ ਇਸ ਬਾਰੇ ਗੱਲ ਸਟੇਸ਼ਨ ਮਾਸਟਰ ਨਲ ਕੀਤੀ ਤਾਂ ਉਸ ਨੇ ਕਿਹਾ ਕਿ ਰੇਲ ਗੱਡੀ ਇਥੇ ਨਹੀਂ ਰੁਕੇਗੀ। ਸਿੱਧੀ ਅਟਕ ਜਾਵੇਗੀ। ਸੰਗਤ ਦੀ ਨਿਰਾਸਤਾ ਵੇਖ ਕੇ ਭਾਈ ਪ੍ਰਤਾਪ ਸਿੰਘ ਤੇ ਪਾਈ ਕਰਮ ਸਿੰਘ ਜੀ ਨੇ ਸੰਗਤਾਂ ਨੂੰ ਕਿਹਾ ਕਿ ਗੱਡੀ ਜਰੂਰ ਰੁੱਕੇਗੀ। ਅਸੀਂ ਆਪਣੇ ਵੀਰਾਂ ਨੂੰ ਪ੍ਰਸ਼ਾਦ ਛਕਾ ਕੇ ਹੀ ਰੇਲ ਗੱਡੀ ਜਾਣ ਦੇਵਾਂਗੇ। ਉਹ ਸੰਗਤ ਸਮੇਤ ਰੇਲਵੇ ਸਟੇਸ਼ਨ 'ਤੇ ਪੁੱਜ ਗਏ। ਰੇਲ ਗੱਡੀ ਰਾਵਲਪਿੰਡੀ ਤੋਂ ਚਲ ਕੇ ਹਸਨ ਅਬਦਾਲ ਸਟੇਸ਼ਨ ਨੇੜੇ ਪੁੱਜ ਚੁੱਕੀ ਸੀ। ਰੇਲ ਗੱਡੀ ਨੂੰ ਲੰਘਣ ਦਾ ਸੰਕੇਤ ਸਟੇਸ਼ਨ ਮਾਸਟਰ ਨੇ ਦੇ ਦਿੱਤਾ ਸੀ। ਹੁਣ ਰੇਲ ਗੱਡੀ ਦੇ ਰੁਕਣ ਦੀ ਆਸ ਨਹੀਂ ਸੀ। ਇਹ ਵੇਖ ਕੇ ਸੰਗਤ ਰੇਲਵੇ ਲਾਇਨ 'ਤੇ ਬੈਠ ਗਈ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਸਭ ਤੋਂ ਅੱਗੇ ਸਨ। ਰੇਲ ਗੱਡੀ ਦੇ ਡਰਾਇਵਰ ਨੇ ਰੇਲਵੇ ਲਾਈਨ 'ਤੇ ਬੈਠੀਆਂ ਸੰਗਤਾਂ ਨੂੰ ਚਿਤਾਵਨੀ ਦੀਆਂ ਕਈ ਸੀਟੀਆਂ ਮਾਰੀਆਂ ਪਰ ਕਿਸੇ ਨੇ ਵੀ ਕੋਈ ਪ੍ਰਵਾਹ ਨਹੀਂ ਕੀਤੀ, ਉਹ ਤਾਂ ਮੌਤ ਤੋਂ ਨਿਰਭੈ ਹੋ ਚੁੱਕੇ ਸਨ।

ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੇ ਸ਼ਹੀਦੀਆਂ ਪਾਉਣ ਦਾ ਫ਼ੈਸਲਾ ਕਰ ਲਿਆ ਸੀ। ਰੇਲ ਗੱਡੀ ਤੇਜੀ ਨਾਲ ਆ ਰਹੀ ਸੀ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਦੋਵੇਂ ਸਭ ਤੋਂ ਅੱਗੇ ਲੇਟੇ ਹੋਏ ਸਨ। ਇੰਜਣ ਉਹਨਾਂ ਦੀਆਂ ਹੱਡੀਆਂ ਚੀਰਦਾ, ਉਨ੍ਹਾਂ ਦੇ ਉਪਰੋਂ ਲੰਘ ਗਿਆ। ਉਨ੍ਹਾਂ ਦੇ ਸਰੀਰ ਪਿੰਝੇ ਗਏ। ਗੱਡੀ ਰੁਕ ਕਈ। ਹੋਰ ਸਿੰਘ ਵੀ ਜ਼ਖ਼ਮੀ ਹੋਏ। ਜਦ ਉਨ੍ਹਾਂ ਦੋਹਾਂ ਨੂੰ ਗੱਡੀ ਹੇਠੋਂ ਕੱਢਿਆ ਤਾਂ ਸਿਸਕ ਰਹੇ ਸਨ। ਡਿਪਟੀ ਕਮਿਸ਼ਨਰ ਮੌਕੇ 'ਤੇ ਪੁੱਜ ਗਿਆ। ਜਦੋਂ ਸੰਗਤਾਂ ਨੇ ਦਮ ਤੋੜ ਰਹੇ ਦੋਵੇਂ ਸਿੰਘਾਂ ਦੀ ਸੰਭਾਲ ਕਰਨ ਦਾ ਯਤਨ ਕੀਤਾ ਤਾਂ ਉਹਨਾਂ ਕਿਹਾ ਕਿ ਗੱਡੀ ਵਿੱਚ ਬੈਠੇ ਵੀਰਾਂ ਦੀ ਸੇਵਾ ਕਰ ਲਉ। ਫਿਰ ਸਾਡੀ ਸੰਭਾਲ ਕਰਨੀ। ਗੱਡੀ ਵਿੱਚ ਜਾ ਰਹੇ ਸਿੰਘਾਂ ਨੂੰ ਲੰਗਰ ਵਰਤਾ ਦਿੱਤਾ ਗਿਆ। ਦੋਵਾਂ ਸਿੰਘਾਂ ਦੇ ਸਰੀਰ ਵੇਖ ਕੇ ਸਭ ਖਾਣਾ ਪੀਣਾ ਭੁੱਲ ਗਏ। ਕੈਦੀ ਸਿੰਘਾਂ ਦੀ ਗੱਡੀ ਅਟਕ ਵੱਲ ਚਲੀ ਗਈ। ਸੰਗਤਾਂ ਨੇ ਦੋਵਾਂ ਸਿੰਘਾਂ ਨੂੰ ਜ਼ਖ਼ਮੀ ਹਾਲਤ ਵਿੱਚ ਗੁਰਦੁਆਰਾ ਪੰਜਾ ਸਾਹਿਬ ਲਿਆਂਦਾ। ਜਿਥੇ ਦੋਵੇਂ ਸਿੰਘ ਸਰੀਰ ਤਿਆਗ ਕੇ ਗੁਰ ਚਰਨਾ ਵਿੱਚ ਜਾ ਬਿਰਾਜੇ। ਸੂਰਮੇ ਸਿੰਘ, ਸਿੱਖੀ, ਸਿਦਕ ਅਤੇ ਕੁਰਬਾਨੀ ਦੀ ਮਿਸਾਲ ਬਣ ਗਏ। ਇਸ ਦਰਦਨਾਕ ਘਟਣਾ ਨੂੰ ਸਿੱਖ ਇਤਿਹਾਸ ਵਿੱਚ "ਸਾਕਾ ਪੰਜਾ ਸਾਹਿਬ" ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਦੋਵੇਂ ਸਿੰਘਾਂ ਦਾ ਸਸਕਾਰ ਸੰਗਤਾਂ ਦੇ ਭਾਰੀ ਇਕੱਠ ਵਿੱਚ ਹੋਇਆ।

ਫੱਟੜ ਹੋਏ ਸਿੰਘਾਂ ਵਿੱਚ ਭਾਈ ਗੰਗਾ ਸਿੰਘ ਪਿੰਡ ਮਜਾਹ ਜ਼ਿਲ੍ਹਾ ਅਟਕ, ਭਾਈ ਚਰਨ ਸਿੰਘ ਪਿੰਡ ਮਜਾਹ ਜ਼ਿਲ੍ਹਾ ਅਟਕ, ਭਾਈ ਨਿਹਾਲ ਸਿੰਘ ਪਿੰਡ ਲਾਲਪੁਰ (ਢੋਟੀਆਂ) ਜ਼ਿਲ੍ਹਾ ਅੰਮ੍ਰਿਤਸਰ, ਸੇਵਾਦਾਰ ਗੁਰਦੁਆਰਾ ਪੰਜਾ ਸਾਹਿਬ, ਭਾਈ ਭਾਗ ਸਿੰਘ, ਪਿੰਡ ਘੜਿਆਲਾ ਜ਼ਿਲ੍ਹਾ ਕੈਮਲਪੁਰ-ਹਲਵਾਈ ਗੁਰਦੁਆਰਾ ਪੰਜਾ ਸਾਹਿਬ, ਭਾਈ ਫ਼ਕੀਰ ਸਿੰਘ, ਨਿਵਾਸੀ ਪੰਜਾ ਸਾਹਿਬ, ਭਾਈ ਕਲਿਆਣ ਸਿੰਘ , ਪਿੰਡ ਮਤਿਹਾਰੀ ਜ਼ਿਲ੍ਹਾ ਮੁਜ਼ਫ਼ਰਾਬਾਦ (ਕਸ਼ਮੀਰ) ਸ਼ਾਮਲ ਸਨ।

ਰੇਲ ਗੱਡੀ ਦਾ ਡਰਾਇਵਰ ਜ਼ਿਲ੍ਹਾ ਗੁਜਰਾਤ ਦਾ ਇੱਕ ਅਰਾਂਈ ਮੁਸਲਮਾਨ ਸੀ। ਸਰਕਾਰ ਨੇ ਹਾਈਕੋਰਟ ਦੇ ਜੱਜ ਤੋਂ ਪੜਤਾਲ ਕਰਵਾਈ ਕਿ ਉਸ ਨੇ ਰੇਲ ਗੱਡੀ ਕਿਉਂ ਖੜੀ ਕੀਤੀ। ਉਸ ਨੇ ਬਿਆਨ ਦਿੱਤਾ ਕਿ ਮੈਨੂੰ ਰੇਲ ਗੱਡੀ ਖੜੀ ਨਾ ਕਰਨ ਦਾ ਹੁਕਮ ਮਿਲਿਆ ਸੀ। ਮੈਂ ਉਸ ਹੁਕਮ ਅਨੁਸਾਰ ਰੇਲ ਗੱਡੀ ਖੜੀ ਨਹੀਂ ਕੀਤੀ। ਮੈਂ ਪੂਰੀ ਰਫ਼ਤਾਰ ਤੇ ਚਲਾ ਰਿਹਾ ਸੀ ਜਿਉਂ ਹੀ ਗੱਡੀ ਸਿੰਘਾਂ ਵਿੱਚ ਵੱਜੀ ਤਾਂ ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਗੱਡੀ ਕਿਸੇ ਵੱਡੇ ਪਹਾੜ ਨਾਲ ਜਾ ਟਕਰਾਈ ਹੈ ਤੇ ਗੱਡੀ ਅੱਗੇ ਨਾ ਵਧੀ ਅਤੇ ਖੜੀ ਹੋ ਗਈ। ਇੰਜਣ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਇਹ ਨੂੰ ਬਰੇਕ ਨਹੀਂ ਲੱਗੀ। ਫਿਰ ਵੀ ਸਰਕਾਰ ਨੇ ਸ਼ਿੱਦਤ ਵਿੱਚ ਆ ਕੇ ਡਰਾਇਵਰ ਨੂੰ ਨੌਕਰੀ ਤੋਂ ਹਟਾ ਦਿੱਤਾ। ਗੁਰਦੁਆਰਾ ਪੰਜਾ ਸਾਹਿਬ ਵਿਖੇ ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ 15 ਕੱਤਕ ਵਾਲੇ ਦਿਨ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਂਦੀ ਹੈ। ਜੋ ਦੋਵਾਂ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਸਿੱਖ ਕੌਮ ਨੂੰ ਹਮੇਸ਼ਾ ਆਪਣੇ ਸ਼ਹੀਦਾਂ 'ਤੇ ਮਾਣ ਰਿਹਾ ਹੈ, ਜਿਨ੍ਹਾਂ ਨੇ ਗੁਰੂਆਂ ਦੀ ਸਿੱਖਿਆ ਵਿੱਚ ਬਾਣੀ ਅਤੇ ਬਾਣੇ ਦੇ ਸਤਿਕਾਰ ਵਿੱਚ ਅਤੇ ਲੋਕ ਭਲਾਈ ਹਿੱਤ ਕੁਰਬਾਨੀਆਂ ਦਿੱਤੀਆਂ ਹਨ।

ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਦਾ ਸੰਖੇਪ ਜੀਵਨ :

ਭਾਈ ਪ੍ਰਤਾਪ ਸਿੰਘ : ਭਾਈ ਪ੍ਰਤਾਪ ਸਿੰਘ ਜੀ ਦਾ ਜਨਮ 26 ਮਾਰਚ 1899 ਨੂੰ ਪਿੰਡ ਅਕਾਲ ਗੜ੍ਹ ਜ਼ਿਲ੍ਹਾ ਗੁਜ਼ਰਾਂ ਵਾਲੇ ਵਿੱਚ ਸ੍ਰ. ਸਰੂਪ ਸਿੰਘ ਅਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ ਹੋਇਆ। ਉਹਨਾਂ ਦੇ ਪਿਤਾ ਸਰਾਫ਼ੀ ਦਾ ਕੰਮ ਕਰਦੇ ਸਨ। ਆਪ ਬਚਪਨ ਤੋਂ ਹੀ ਨਾਮ ਜਪਣ, ਸੇਵਾ ਭਾਵ ਅਤੇ ਰੱਬ ਦੀ ਰਜਾ ਵਿੱਚ ਰਹਿਣ ਵਾਲੇ ਸਨ। ਆਪ ਜੀ ਦੇ ਮਾਤਾ ਪਿਤਾ ਵੀ ਚੰਗੇ ਧਾਰਮਿਕ ਭਾਵ ਵਾਲੇ ਸਨ। ਆਪ ਜੀ ਨੇ ਨੌਵੀਂ ਜਮਾਤ ਤੱਕ ਵਿਦਿਆ ਅਕਾਲ ਗੜ੍ਹ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ ਸੀ। ਸੰਨ 1916 ਵਿੱਚ ਪਿੰਡ ਲਹੀਆਂ ਵਾਲਾ ਜ਼ਿਲ੍ਹਾ ਗੁਜਰਾਂਵਾਲਾ ਦੀ ਬੀਬੀ ਹਰਨਾਮ ਕੌਰ ਨਾਲ ਵਿਆਹ ਹੋ ਗਿਆ। ਕੁਝ ਸਮੇਂ ਬਾਅਦ ਆਪ ਜੀ ਨੇ ਮੰਡੀ ਭਲਵਾਨ ਜ਼ਿਲ੍ਹਾ ਸਰਗੋਧਾ ਦੇ ਇਕ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਕਰ ਲਈ। ਫਿਰ ਸਕੂਲ ਦੀ ਨੌਕਰੀ ਛੱਡ ਕੇ ਕਰਾਚੀ ਵਿੱਚ ਆੜ੍ਹਤ ਦੀ ਦੁਕਾਨ ਤੇ ਲੱਗ ਗਏ। ਕਰਾਚੀ ਵਿੱਚ ਸਿੰਘ ਸਭਾ ਦਾ ਬੜਾ ਪ੍ਰਭਾਵ ਸੀ। ਤਦ ਆਪ ਜੀ ਨੇ ਅੰਮ੍ਰਿਤ ਛੱਕ ਲਿਆ। ਕਰਾਚੀ ਦੀ ਨੌਕਰੀ ਛੱਡ ਕੇ ਮੁਲਤਾਨ ਛਾਉਣੀ ਵਿੱਚ ਫ਼ੌਜੀ ਕਲਰਕ ਲੱਗ ਗਏ। ਬਾਅਦ ਵਿੱਚ ਆਪ ਜੀ ਦੀ ਤਬਦੀਲੀ ਰਾਵਲਪਿੰਡੀ ਛਾਉਣੀ ਵਿੱਚ ਹੋ ਗਈ। ਫ਼ਰਵਰੀ 1921 ਵਿੱਚ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਫ਼ੌਜ ਦੀ ਨੌਕਰੀ ਛੱਡ ਦਿੱਤੀ। ਆਪ ਪੱਕੇ ਅਕਾਲੀ ਬਣ ਗਏ। ਉਹਨਾਂ ਖੱਦਰ ਦਾ ਬਾਣਾ ਧਾਰਨ ਕਰ ਲਿਆ। ਉਹਨਾਂ ਗੁਰਦੁਆਰਾ ਪੰਜਾ ਸਾਹਿਬ ਵਿਖੇ ਖ਼ਜ਼ਾਨਚੀ ਦੀ ਸੇਵਾ ਨਿਭਾਈ। ਸਿੰਘਾਂ ਨੂੰ ਲੰਗਰ ਛਕਾਉਣ ਲਈ ਰੇਲ ਗੱਡੀ ਰੋਕਣ ਵਾਸਤੇ, ਸਾਕਾ ਪੰਜਾ ਸਾਹਿਬ ਧਰਨੇ ਦੀ ਅਗਵਾਈ ਕਰਦਿਆਂ ਲਗਭਗ 24 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਕਰਮ ਸਿੰਘ: ਭਾਈ ਕਰਮ ਸਿੰਘ ਜੀ ਦੇ ਪਿਤਾ ਸ੍ਰ. ਭਗਵਾਨ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਸਨ। ਭਾਈ ਭਗਵਾਨ ਸਿੰਘ ਜੀ ਅਤੇ ਮਾਤਾ ਰੂਪ ਕੌਰ ਜੀ ਦੇ ਗ੍ਰਹਿ 14 ਨਵੰਬਰ 1845 ਨੂੰ ਆਪ ਜੀ ਦਾ ਜਨਮ ਹੋਇਆ। ਨਾਮ ਸੰਤ ਸਿੰਘ ਜੀ। ਬਚਪਣ ਤੋਂ ਹੀ ਆਪ ਜੀ ਨੂੰ ਸ਼ਬਦ ਗਾਇਨ ਕਰਨ ਦਾ ਸ਼ੌਕ ਸੀ। ਉਹਨਾਂ ਨੇ ਬਕਾਇਦਾ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਦੀ ਆਵਾਜ਼ ਸੁਰੀਲੀ ਸੀ। ਆਪ ਨਾਮਵਰ ਕੀਰਤਨੀਏ ਬਣ ਗਏ।

ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਥਾਪੇ ਗਏ। ਆਪ ਨੇ ਪੂਰਨ ਗੁਰਮਤਿ ਅਨੁਸਾਰ ਸੇਵਾ ਨਿਭਾਈ। ਆਪ ਨੇ ਸਮਾਜਿਕ ਕੁਰੀਤੀਆਂ ਦੀ ਨਿਖੇਧੀ ਕੀਤੀ। ਕੁਝ ਸਮਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੇਵਾ ਕਰਨ ਉਪਰੰਤ ਗੁਰ ਅਸਥਾਨਾਂ ਦੇ ਦਰਸ਼ਨ ਕਰਦਿਆਂ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ। ਇੱਥੋਂ ਹੀ ਆਪ ਨੇ ਅੰਮ੍ਰਿਤ ਛਕਿਆ। ਆਪ ਦਾ ਨਾਮ ਕਰਮ ਸਿੰਘ ਹੋ ਗਿਆ। ਉਪਰੰਤ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਏ। ਉਦੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜ਼ੋਰਾਂ 'ਤੇ ਸੀ। ਗੁਰੂ ਕਾ ਬਾਗ ਮੋਰਚਾ ਲੱਗਿਆ ਹੋਇਆ ਸੀ। ਤਦ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਛੱਡ ਕੇ ਅੰਮ੍ਰਿਤਸਰ ਆ ਗਏ। ਗੁਰੂ ਕਾ ਬਾਗ ਮੋਰਚੇ ਵਿੱਚ ਸੇਵਾ ਬੜੀ ਲਗਨ ਨਾਲ ਕੀਤੀ। ਆਪ ਜੀ ਦੀ ਪਤਨੀ ਵੀ ਸੇਵਾ ਵਿੱਚ ਨਾਲ ਸੀ। ਇਥੇ ਆਪ ਨੇ ਕਥਾ ਅਤੇ ਕੀਰਤਨ ਦੀ ਸੇਵਾ ਨਿਭਾਈ। ਸਾਕਾ ਪੰਜਾ ਸਾਹਿਬ ਦੇ ਸਾਕੇ ਵਿੱਚ ਭਾਈ ਪ੍ਰਤਾਪ ਸਿੰਘ ਜੀ ਅਤੇ ਭਾਈ ਕਰਮ ਸਿੰਘ ਜੀ ਨੇ ਰੇਲ ਗੱਡੀ ਦੀ ਪਟੜੀ 'ਤੇ ਬੈਠ ਕੇ ਧਰਨਾ ਮਾਰਿਆ। ਇਹਨਾਂ ਦੀ ਅਗਵਾਈ ਹੇਠ ਸੰਗਤਾਂ ਵੀ ਧਰਨੇ 'ਤੇ ਬੈਠੀਆਂ। ਆਪ ਲਗਭਗ 27 ਸਾਲ ਦੀ ਉਮਰ ਵਿੱਚ ਪੰਜਾ ਸਾਹਿਬ ਧਰਨੇ ਦੀ ਅਗਵਾਈ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ।




# ਔਰਤ ਸ਼ਕਤੀਕਰਨ ਦੇ ਦਾਅਵੇ ਅਤੇ ਹਕੀਕਤ

**ਕੰਵਲਜੀਤ ਕੌਰ ਗਿੱਲ**

ਜਦੋਂ ਅਸੀਂ ਸੰਸਾਰ ਪੱਧਰ 'ਤੇ ਮਰਦ ਔਰਤ ਨਾ-ਬਰਾਬਰੀ ਦੀ ਗੱਲ ਕਰਦੇ ਹਾਂ ਤਾਂ ਇਸ ਨੂੰ ਮਰਦ-ਔਰਤ ਨਾ-ਬਰਾਬਰੀ ਸੂਚਕ ਅੰਕ ਨਾਲ ਸਮਝਿਆ ਜਾਂਦਾ ਹੈ, ਜਿਸ ਵਿੱਚ ਮੁੱਖ ਤੌਰ 'ਤੇ ਚਾਰ ਪਹਿਲੂ ਵਿਚਾਰ ਅਧੀਨ ਰੱਖੇ ਜਾਂਦੇ ਹਨ: ਆਰਥਿਕ ਸ਼ਮੂਲੀਅਤ ਤੇ ਰੁਜ਼ਗਾਰ ਦੇ ਮੌਕੇ, ਸਿੱਖਿਆ ਪ੍ਰਾਪਤੀ, ਸਿਹਤ ਤੇ ਜਿਊਂਦੇ ਰਹਿਣ ਦੀ ਸਮਰੱਥਾ ਅਤੇ ਸਿਆਸੀ ਸ਼ਕਤੀਕਰਨ। ਕੇਂਦਰ ਅਤੇ ਰਾਜ ਸਰਕਾਰਾਂ ਔਰਤ ਸ਼ਕਤੀਕਰਨ ਬਾਰੇ ਨਿਤ ਨਵੇਂ ਪ੍ਰੋਗਰਾਮ ਤੇ ਨੀਤੀਆਂ ਬਣਾਉਂਦੀਆਂ ਹਨ। ਮੌਜੂਦਾ ਸਰਕਾਰ ਦਾ ਦਾਅਵਾ ਹੈ ਕਿ ਦੇਸ਼ ਦੀ ਇਸ ਅੱਧੀ ਆਬਾਦੀ ਵੱਲ ਵਿਸ਼ੇਸ਼ ਤਵੱਜੋ ਦੇ ਕੇ 'ਸਭ ਕਾ ਸਾਥ' ਲੈਂਦੇ ਹੋਏ 'ਸਭ ਕਾ ਵਿਕਾਸ' ਕੀਤਾ ਜਾ ਰਿਹਾ ਹੈ ਅਤੇ ਇਹ ਵਿਕਾਸ ਔਰਤ ਪੱਖੀ ਹੈ। ਪਿਛਲੇ 10 ਸਾਲਾਂ ਵਿੱਚ ਔਰਤਾਂ ਦੇ ਰੋਜ਼ਾਨਾ ਜ਼ਿੰਦਗੀ ਨਾਲ ਸਬੰਧਿਤ ਜ਼ਰੂਰਤਾਂ ਤੇ ਮੁਸ਼ਕਿਲਾਂ ਨੂੰ ਸੰਬੋਧਿਤ ਰਸੋਈ ਗੈਸ, ਪਿੰਡਾਂ ਵਿੱਚ ਘਰ ਘਰ ਬਾਥਰੂਮ ਤੇ ਸੌਚਾਲਿਆ ਦੀ ਵਿਵਸਥਾ, ਬੇਟੀ ਬਚਾਓ ਬੇਟੀ ਪੜ੍ਹਾਓ, ਮਹਿਲਾ ਸ਼ਕਤੀ ਕੇਂਦਰ, ਰਾਸ਼ਟਰੀ ਮਹਿਲਾ ਕੋਸ਼, ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਆਦਿ ਸਕੀਮਾਂ ਤਹਿਤ ਔਰਤਾਂ ਦੀ ਰੁਜ਼ਗਾਰ ਤੇ ਸਿੱਖਿਆ ਦਾ ਪ੍ਰਬੰਧ ਕਰਦੇ ਹੋਏ ਉਨ੍ਹਾਂ ਦੇ ਆਪਣੇ ਨਾਮ 'ਤੇ ਬੈਂਕ ਖਾਤੇ ਆਦਿ ਖੋਲ੍ਹਣ ਵਿੱਚ ਸਹਾਇਤਾ ਕੀਤੀ ਜਾ ਰਹੀ ਹੈ। ਸਿਆਸੀ ਖੇਤਰ ਵਿੱਚ ਔਰਤਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਵਾਸਤੇ ਨਾਰੀ ਸ਼ਕਤੀ ਵੰਦਨਾ ਅਧਿਨਿਯਮ ਅਰਥਾਤ ਵਿਮੈੱਨ ਰਿਜ਼ਰਵੇਸ਼ਨ ਬਿੱਲ ਦੋਹਾਂ ਸਦਨਾਂ ਵਿੱਚੋਂ ਪਾਸ ਕਰਵਾ ਲਿਆ ਹੈ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨਾਲ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਿਛਲੇ ਦਹਾਕੇ ਦੌਰਾਨ ਨਾਰੀ ਸ਼ਕਤੀਕਰਨ ਹੋਇਆ ਹੈ; ਦੂਜੇ ਪਾਸੇ, ਮਰਦ ਔਰਤ ਨਾ-ਬਰਾਬਰੀ ਦੇ ਵੱਧ ਰਹੇ ਪਾੜੇ ਬਾਰੇ ਸੰਸਾਰ ਪੱਧਰੀ ਰਿਪੋਰਟਾਂ ਜਾਰੀ ਹੋ ਰਹੀਆਂ ਹਨ।

2006 ਤੋਂ 2023 ਤੱਕ ਵਰਲਡ ਇਕਨੌਮਿਕ ਫੋਰਮ ਦੁਆਰਾ ਗਲੋਬਲ ਜੈਂਡਰ ਗੈਪ ਸਬੰਧੀ ਜਿੰਨੀਆਂ ਵੀ ਰਿਪੋਰਟਾਂ ਜਾਰੀ ਕੀਤੀਆਂ ਗਈਆਂ ਹਨ, ਉਨ੍ਹਾਂ ਅਨੁਸਾਰ ਮਰਦ ਔਰਤ ਦੇ ਹਾਸਲਾਂ ਵਿਚਕਾਰ ਅੰਤਰ ਸੰਸਾਰ ਪੱਧਰ 'ਤੇ ਘਟਣ ਦੀ ਥਾਂ ਹੋਰ ਵੀ ਵਧਿਆ ਹੈ। ਮਸਨੂਈ ਬੁੱਧੀ (ਆਰਟੀਫੀਸ਼ਅਲ ਇੰਟੈਲੀਜੈਂਸ) ਦੇ ਅਤਿ ਆਧੁਨਿਕ ਤਕਨੀਕੀ ਯੁੱਗ ਵਿੱਚ ਵਧ ਰਹੇ ਸਾਈਬਰ ਅਪਰਾਧਾਂ ਤਹਿਤ ਇਸ ਸਥਿਤੀ ਵਿੱਚ ਕਈ ਹੋਰ ਖ਼ਤਰਨਾਕ ਪਹਿਲੂ ਜੁੜ ਰਹੇ ਹਨ ਜਿਹੜੇ ਔਰਤ ਦੇ ਵਿਕਾਸ ਦੀ ਥਾਂ ਉਸ ਲਈ ਹੋਰ ਘਾਤਕ ਸਿੱਧ ਹੋ ਰਹੇ ਹਨ। ਔਰਤ ਨਾਲ ਸਬੰਧਿਤ ਮੁੱਦਿਆਂ ਤੇ ਮੁਸ਼ਕਿਲਾਂ ਜਾਨਣ ਅਤੇ ਉਨ੍ਹਾਂ ਦੀ ਆਵਾਜ਼ ਸੁਨਣ, ਉਨ੍ਹਾਂ ਉੱਪਰ ਵਿਚਾਰ ਵਟਾਂਦਰਾ ਕਰਨ ਅਤੇ ਕੀਤੇ ਫੈਸਲੇ ਜਾਂ ਕਾਨੂੰਨ ਦ੍ਰਿੜਤਾ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ।

ਗਲੋਬਲ ਜੈਂਡਰ ਗੈਪ ਰਿਪੋਰਟ-2023 ਅਨੁਸਾਰ, ਭਾਰਤ 146 ਦੇਸ਼ਾਂ ਵਿੱਚੋਂ 127ਵੇਂ ਸਥਾਨ 'ਤੇ ਹੈ। ਔਰਤਾਂ ਦੀ ਸਥਿਤੀ ਬਾਰੇ ਸੰਸਾਰ ਪੱਧਰੀ ਦਰਜਾ ਬੰਦੀ ਦੇ ਲਿਹਾਜ਼ ਨਾਲ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾਉਣ ਵਾਲੇ 20 ਦੇਸ਼ਾਂ ਵਿੱਚ ਭਾਰਤ ਦਾ ਨਾਮ ਵੀ ਆਉਂਦਾਹੈ। ਗੁਆਂਢੀ ਦੇਸ਼ਾਂ ਨਾਲ ਤੁਲਨਾ ਕਰੀਏ ਤਾਂ ਪਾਕਿਸਤਾਨ 142ਵੇਂ ਸਥਾਨ 'ਤੇ ਹੋਣ ਨਾਲ ਸਾਥੋਂ ਪਿੱਛੇ ਹੈ। ਬੰਗਲਾਦੇਸ਼ 2014 ਵਿੱਚ 68ਵੇਂ ਰੈਂਕ ਨਾਲ ਗੁਆਂਢੀ ਦੇਸ਼ਾਂ ਦੀ ਲਿਸਟ ਵਿੱਚ ਪਹਿਲੇ ਸਥਾਨ 'ਤੇ ਸੀ; 2023 ਵਿੱਚ ਵੀ ਇਹ 59ਵੇਂ ਰੈਂਕ ਨਾਲ ਪਹਿਲੇ ਸਥਾਨ 'ਤੇ ਹੈ। ਭੂਟਾਨ 103ਵੇਂ, ਚੀਨ 107, ਸ੍ਰੀਲੰਕਾ 115, ਨੇਪਾਲ 116ਵੇਂ ਸਥਾਨ 'ਤੇ ਹਨ। ਗਲੋਬਲ ਪੱਧਰ 'ਤੇ 146 ਦੇਸ਼ਾਂ ਵਿੱਚੋਂ ਭਾਰਤ ਗੁਆਂਢੀ ਦੇਸ਼ਾਂ ਦੀ ਲਿਸਟ ਵਿੱਚ 2014 ਵਿੱਚ 114ਵੇਂ ਦਰਜੇ ਨਾਲ ਪੰਜਵੇਂ ਸਥਾਨ ਤੋਂ ਖਿਸਕ ਕੇ 2023 ਵਿੱਚ ਛੇਵੇਂ ਸਥਾਨ 'ਤੇ ਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇ ਵਿਕਾਸ ਦਾ ਸਰੂਪ ਇਹੀ ਰਹਿੰਦਾ ਹੈ ਤਾਂ ਮਰਦ ਔਰਤ ਵਿਚਾਲੇ ਜੋ ਵਖਰੇਵੇਂ, ਪੱਖਪਾਤ ਤੇ ਪਾੜੇ ਹਨ, ਇਹ ਖੱਪੇ ਜਾਂ ਪਾੜਾ ਭਰਨ ਵਾਸਤੇ 162 ਸਾਲ ਲੱਗ ਸਕਦੇ ਹਨ।

ਵਿਸ਼ਵ ਗੁਰੂ ਬਣਨ ਦੇ ਸੁਫ਼ਨੇ ਲੈਣ ਵਾਲੇ ਮੁਲਕ ਦੇ ਵਿਸ਼ਵ ਮੁਕਾਬਲੇ ਵਿੱਚ ਮਰਦ ਔਰਤ ਬਰਾਬਰੀ ਦੀ ਸਥਿਤੀ ਚਿੰਤਾਜਨਕ ਹੈ। ਆਰਥਿਕ ਪੱਖ ਤੋਂ ਰੁਜ਼ਗਾਰ ਵਿੱਚ ਔਰਤਾਂ ਦੀ ਸ਼ਮੂਲੀਅਤ 39% ਤੋਂ ਵੀ ਘੱਟ ਹੈ। ਰੁਜ਼ਗਾਰ ਦੇ ਖੇਤਰ ਵਿੱਚ ਕਾਰਪੋਰੇਟ ਸੈਕਟਰ, ਪ੍ਰਾਈਵੇਟ ਤੇ ਵੱਡੀਆਂ ਕੰਪਨੀਆਂ ਤੇ ਸਮੁੱਚੇ ਨਿੱਜੀਕਰਨ ਵੱਲ ਜਾਣ ਦੇ ਵਰਤਾਰੇ ਕਾਰਨ ਰੁਜ਼ਗਾਰ ਦੇ ਮੌਕੇ ਪਹਿਲਾਂ ਨਾਲੋਂ ਘਟੇ ਹਨ। ਨਿੱਜੀਕਰਨ ਸਿੱਧੇ ਰੂਪ ਵਿੱਚ ਔਰਤਾਂ ਦੀ ਰੁਜ਼ਗਾਰ ਵਿੱਚ ਸ਼ਮੂਲੀਅਤ ਅਤੇ ਉਨ੍ਹਾਂ ਦੀ ਨੁਮਾਇੰਦਗੀ ਦੇ ਖਿਲਾਫ ਜਾਂਦਾ ਹੈ। ਕੌਮਾਂਤਰੀ ਮਜ਼ਦੂਰ ਸੰਗਠਨ ਦੁਆਰਾ ਸੁਝਾਏ ਕਰਮਚਾਰੀਆਂ ਲਈ ਮਾਣ ਮਰਿਆਦਾ ਵਾਲੇ ਹਾਲਾਤ ਅਤੇ ਮਜ਼ਦੂਰਾਂ ਤੇ ਹੋਰ ਮੁਲਾਜ਼ਮਾਂ ਲਈ ਕਾਨੂੰਨ, ਇਨ੍ਹਾਂ ਪ੍ਰਾਈਵੇਟ ਤੇ ਕਾਰਪੋਰੇਟ ਕੰਪਨੀਆਂ ਜਾਂ ਘਰਾਣਿਆਂ ਲਈ ਕੋਈ ਅਹਿਮੀਅਤ ਨਹੀਂ ਰੱਖਦੇ। ਦੂਜੇ ਪਾਸੇ ਤਕਨੀਕੀ ਸਾਇੰਸ, ਇੰਜਨੀਅਰਿੰਗ, ਹਿਸਾਬ ਆਦਿ ਦੇ ਵਿਸ਼ਿਆਂ ਵਿੱਚ ਭਾਵੇਂ 35% ਦੇ ਲਗਭਗ ਲੜਕੀਆਂ ਕਿੱਤਾ ਪੁਰਖੀ ਤੇ ਵੱਖ ਵੱਖ ਹੁਨਰਾਂ ਦੀ ਸਿਖਲਾਈ ਪ੍ਰਾਪਤ ਕਰ ਰਹੀਆਂ ਹਨ ਪਰ ਕੁਲ ਕੰਮ ਕਾਜੀ ਔਰਤਾਂ ਵਿੱਚੋਂ 29 ਪ੍ਰਤੀਸ਼ਤ ਤੋਂ ਵੀ ਘੱਟ ਔਰਤਾਂ ਤਕਨੀਕੀ ਖੇਤਰ ਦੇ ਰੁਜ਼ਗਾਰ ਵਿੱਚ ਹਨ।

ਕਾਨੂੰਨ ਵਿਵਸਥਾ ਨਾਲ ਸਬੰਧਿਤ ਖੇਤਰ ਵਿੱਚ ਸਿਰਫ 15% ਔਰਤਾਂ ਨੌਕਰੀ ਵਿੱਚ ਹਨ। ਸਿਆਸੀ ਭਾਗੀਦਾਰੀ ਵਿੱਚ ਕਿਹਾ ਜਾਂਦਾ ਹੈ ਕਿ ਲੋਕਲ ਬਾਡੀਜ਼ ਵਿੱਚ ਔਰਤਾਂ ਦੀ 40% ਭਾਗੀਦਾਰੀ ਹੈ। ਮੌਜੂਦਾ ਸਰਕਾਰ ਨੇ ਔਰਤ ਰਾਖਵਾਂਕਰਨ ਬਿਲ ਦੋਹਾਂ ਸਦਨਾਂ ਵਿੱਚੋਂ ਪਾਸ ਕਰਵਾ ਲਿਆ ਹੈ ਪਰ ਨਾਲ ਹੀ ਕਹਿ ਦਿੱਤਾ ਕਿ ਇਹ ਬਿੱਲ ਮਰਦਮਸ਼ੁਮਾਰੀ ਹੋਣ ਪਿੱਛੋਂ ਅਤੇ ਮੁੜ ਹਲਕਾਬੰਦੀ ਤੋਂ ਬਾਅਦ ਹੀ ਲਾਗੂ ਕਰਵਾਉਣਾ ਸੰਭਵ ਹੋਵੇਗਾ, ਭਾਵ, 2029 ਤੋਂ ਪਹਿਲਾਂ ਇਸ ਬਿੱਲ ਦਾ ਕੋਈ ਅਰਥ ਨਹੀਂ।



ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ-2023 ਅਨੁਸਾਰ, ਔਰਤਾਂ ਵਿਰੁੱਧ ਹਿੰਸਕ ਘਟਨਾਵਾਂ ਵਿੱਚ 4% ਦਾ ਵਾਧਾ ਰਿਕਾਰਡ ਕੀਤਾ ਗਿਆ ਹੈ। 2020 ਵਿੱਚ 3,71,503 ਕੇਸ ਦਰਜ ਕੀਤੇ ਗਏ। 2021 ਵਿੱਚ ਇਹ 4,28,278 ਤੋਂ ਵਧ ਕੇ 2022 ਵਿੱਚ ਇਨ੍ਹਾਂ ਦੀ ਗਿਣਤੀ 4,45,256 ਹੋ ਗਈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਘਰੇਲੂ ਹਿੰਸਾ, ਅਗਵਾ ਕਰਨਾ ਜਾਂ ਉਧਾਲਣਾ, ਰਾਹ ਜਾਂਦੀਆਂ ਔਰਤਾਂ ਉੱਪਰ ਕਾਤਲਾਨਾ ਹਮਲੇ, ਜਬਰ-ਜਨਾਹ ਜਿਹੇ ਘਿਨਾਉਣੇ ਅਪਰਾਧ ਸ਼ਾਮਿਲ ਹਨ। ਇਹ ਅੰਕੜੇ ਸਰਕਾਰ, ਕਾਨੂੰਨ ਬਣਾਉਣ ਤੇ ਲਾਗੂ ਕਰਨ ਵਾਲਿਆਂ ਦੀ ਮਾੜੀ ਕਾਰਗੁਜ਼ਾਰੀ ਵੱਲ ਇਸ਼ਾਰਾ ਕਰਦੇ ਹਨ। ਇਸ ਹਿੰਸਾ ਦਾ ਸਿ ?ਕਾਰ ਮਾਸੂਮ ਬੱਚੀਆਂ ਤੇ ਬਜ਼ੁਰਗ ਔਰਤਾਂ ਤੋਂ ਇਲਾਵਾ ਪਛੜੇ ਵਰਗਾਂ/ਜਾਤੀਆਂ, ਕਬੀਲਿਆਂ ਅਤੇ ਘੱਟ ਗਿਣਤੀ ਫਿਰਕਿਆਂ ਦੀਆਂ ਔਰਤਾਂ ਵਧੇਰੇ ਹੁੰਦੀਆਂ ਹਨ। ਇਨ੍ਹਾਂ ਕੇਸਾਂ ਵਿੱਚ ਸਿਆਸੀ ਦਖ਼ਲ ਨੰਗੇ ਚਿੱਟੇ ਰੂਪ ਵਿਚ ਹੈ। ਧਾਰਮਿਕ ਕੱਟੜਤਾ, ਖੇਤਰਵਾਦ, ਭਾਈ-ਭਤੀਜਾਵਾਦ ਦਾ ਬੋਲਬਾਲਾ ਹੈ।

ਮੀਡੀਆ ਜਿਹੜਾ ਜਮਹੂਰੀਅਤ ਦਾ ਚੌਥਾ ਥੰਮ੍ਹ ਹੈ, ਆਮ ਤੌਰ 'ਤੇ ਔਰਤਾਂ ਖ਼ਿਲਾਫ਼ ਅਪਰਾਧਾਂ ਦੀ ਸਹੀ ਰਿਪੋਰਟਿੰਗ ਨਹੀਂ ਕਰਦਾ। ਦੂਜੇ ਪਾਸੇ, ਔਰਤਾਂ ਦੇ ਸੱਚ ਦੀ ਰਿਪੋਰਟਿੰਗ ਕਰਨ ਵੇਲੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਆਵਾਜ਼ ਉਠਾਉਣ ਵਾਲਿਆਂ ਨੂੰ ਅਸਤੀਫੇ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਦਾਅਵੇ ਨੂੰ ਲਗਾਤਾਰ ਘਟ ਰਹੇ ਬਾਲ ਲਿੰਗ ਅਨੁਪਾਤ ਨੇ ਜੱਗ-ਜ਼ਾਹਿਰ ਕਰ ਦਿੱਤਾ ਹੈ ਕਿ ਲਿੰਗ ਆਧਾਰਿਤ ਭਰੂਣ ਟੈਸਟ ਬਾਰੇ ਦੇਸ਼ ਦੀ ਸਰਕਾਰ ਅਤੇ ਡਾਕਟਰ ਕਿੰਨੇ ਸੁਹਿਰਦ ਹਨ। ਹਰਿਆਣਾ ਦੇ ਅੰਕੜਿਆਂ (2022-23) ਅਨੁਸਾਰ ਹਰਿਆਣਾ ਦੇ 22 ਜ਼ਿਲ੍ਹਿਆਂ ਵਿੱਚੋਂ ਉੱਤਰੀ ਤੇ ਮਧ ਹਰਿਆਣਾ ਦੇ 11 ਜ਼ਿਲ੍ਹਿਆਂ ਵਿੱਚ ਬਾਲ ਲਿੰਗ ਅਨੁਪਾਤ ਕੌਮੀ ਲਿੰਗ ਅਨੁਪਾਤ ਤੋਂ ਕਿਤੇ ਘੱਟ ਹੈ। ਰੋਹਤਕ ਇਨ੍ਹਾਂ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਵਾਲਾ ਜਿ ?ਲਾ ਹੈ ਜਿਸ ਦੇ 54 ਪਿੰਡਾਂ ਵਿੱਚ ਇਹ ਅਨੁਪਾਤ 800 ਤੋਂ ਵੀ ਘੱਟ ਹੈ; ਭਾਵ, 1000 ਲੜਕਿਆਂ ਦੇ ਮੁਕਾਬਲੇ 800 ਤੋਂ ਵੀ ਘੱਟ ਲੜਕੀਆਂ। **(ਬਾਕੀ ਸਫ਼ਾ 27 'ਤੇ)**

# ਅਜੇ ਵੀ ਉਸਾਰੂ ਨਹੀਂ ਹੋਈ ਹੈ ਔਰਤਾਂ ਪ੍ਰਤੀ ਸੋਚ

**ਰੁਪਿੰਦਰ ਕੌਰ**

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਲਿੰਗ ਦੇ ਆਧਾਰ 'ਤੇ ਸਮਾਨਤਾ ਦਾ ਸਿਧਾਂਤ ਦਿੱਤਾ ਗਿਆ ਹੈ। ਮੌਲਿਕ ਅਧਿਕਾਰ, ਮੌਲਿਕ ਕਰਤੱਵ ਅਤੇ ਦਿਸ਼ਾ-ਨਿਰਦੇਸ਼ਕ ਸਿਧਾਂਤਾਂ ਅਨੁਸਾਰ ਸੰਵਿਧਾਨ ਔਰਤਾਂ ਨੂੰ ਬਰਾਬਰੀ ਦਾ ਦਰਜਾ ਪ੍ਰਦਾਨ ਕਰਦਾ ਹੈ। ਅੱਜ ਭਾਵੇਂ ਔਰਤ-ਮਰਦ ਦੀ ਬਰਾਬਰੀ ਦੀ ਗੱਲ ਬੜੀ ਉੱਚੀ ਸੁਰ ਵਿੱਚ ਕੀਤੀ ਜਾਂਦੀ ਹੈ ਪਰ ਵਿਡੰਬਨਾ ਇਹ ਹੈ ਕਿ ਮਰਦ ਔਰਤ ਨੂੰ ਕੋਈ ਹੱਕ ਦੇਣ ਨੂੰ ਤਿਆਰ ਨਹੀਂ। ਵਿਕਸਤ ਦੇਸ਼ਾਂ ਵਿੱਚ ਭਾਵੇਂ ਔਰਤ ਦੀ ਸਥਿਤੀ ਠੀਕ ਹੈ ਪਰ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁਗਿਣਤੀ ਔਰਤਾਂ ਅੱਜ ਵੀ ਸ਼ੋਸ਼ਣ ਦਾ ਸ਼ਿਕਾਰ ਹਨ। ਭਾਵੇਂ ਕੁਝ ਔਰਤਾਂ ਜਿਵੇਂ ਕਿ ਸਰੋਜਨੀ ਨਾਇਡੂ, ਇੰਦਰਾ ਗਾਂਧੀ, ਕਲਪਨਾ ਚਾਵਲਾ, ਕਿਰਨ ਬੇਦੀ, ਪੀਟੀ ਊਸ਼ਾ, ਪ੍ਰਤਿਭਾ ਪਾਟਿਲ ਆਦਿ ਨੇ ਕਾਮਯਾਬੀ ਦੀਆਂ ਬੁਲੰਦੀਆਂ ਛੂਹੀਆਂ ਪਰ ਅੱਜ ਵੀ ਆਮ ਔਰਤ ਉੱਥੇ ਦੀ ਉੱਥੇ ਖੜ੍ਹੀ ਹੈ। ਔਰਤ ਚਿੰਤਨ ਇੱਕ ਸੰਵੇਦਨਸ਼ੀਲ ਵਿਸ਼ਾ ਹੈ ਜਿਸ 'ਤੇ ਵਿਚਾਰ ਕਰਨਾ ਜ਼ਰੂਰੀ ਹੈ।

ਸਮਾਜ ਭਾਵੇਂ ਆਧੁਨਿਕਤਾ ਵੱਲ ਵਧ ਰਿਹਾ ਹੈ ਪਰ ਔਰਤ ਪ੍ਰਤੀ ਸੋਚ ਅਜੇ ਵੀ ਉਸਾਰੂ ਨਹੀਂ ਹੋਈ ਹੈ। ਭਰੂਣ ਹੱਤਿਆ, ਜਬਰ-ਜਨਾਹ, ਛੇੜਛਾੜ, ਉਧਾਲੇ ਵਰਗੀਆਂ ਵੱਡੇ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਨੇ ਸੁੱਘੜ-ਸਿਆਣੇ ਲੋਕਾਂ ਨੂੰ ਸ਼ਰਮਸਾਰ ਕੀਤਾ ਹੋਇਆ ਹੈ।

ਅਜੋਕੇ ਇਲੈਕਟ੍ਰਾਨਿਕ ਗਲੋਬਲ ਪਿੰਡ ਵਿੱਚ ਮੀਡੀਆ ਨੇ ਉਪਭੋਗੀ ਸੱਭਿਆਚਾਰ ਨੂੰ ਵਧਾਇਆ ਹੈ। ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਨੇ ਔਰਤ ਨੂੰ ਵਿਖਾਵੇ ਦੀ ਵਸਤੂ ਬਣਾ ਕੇ ਪੇਸ਼ ਕੀਤਾ ਹੈ। ਸੁੰਦਰਤਾ ਮੁਕਾਬਲਿਆਂ ਅਤੇ ਇਸ਼ਤਿਹਾਰਬਾਜ਼ੀ ਨੇ ਔਰਤ ਨੂੰ ਨੁਮਾਇਸ਼ ਦੀ ਵਸਤੂ ਵਜੋਂ ਪੇਸ਼ ਕਰ ਕੇ ਮੁਨਾਫ਼ਾ ਕਮਾਉਣ 'ਤੇ ਜ਼ੋਰ ਦਿੱਤਾ ਹੋਇਆ ਹੈ। ਜੇ ਕਿਸੇ ਦੇਸ਼ ਨੇ ਤਰੱਕੀ ਕਰਨੀ ਹੈ ਤਾਂ ਔਰਤਾਂ ਦਾ ਸਨਮਾਨ ਕਰਨਾ ਜ਼ਰੂਰੀ ਹੈ। ਔਰਤ ਦੀ ਲੜਾਈ ਮਰਦ ਵਿਰੁੱਧ ਨਾ ਹੋ ਕੇ ਮੌਜੂਦਾ ਪੱਖਪਾਤੀ ਸਮਾਜ ਤੇ ਨਿਜ਼ਾਮ ਵਿਰੁੱਧ ਹੈ। ਉਸ ਨੂੰ ਆਪਣਾ ਸਨਮਾਨਯੋਗ ਰੁਤਬਾ ਹਾਸਲ ਕਰਨ ਲਈ ਆਪਣੇ ਅਧਿਕਾਰਾਂ, ਕਾਨੂੰਨਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋਣ ਦੀ ਲੋੜ ਹੈ।

ਅਸਲ ਵਿੱਚ ਉਨ੍ਹਾਂ ਮੁੱਦਿਆਂ ਨੂੰ ਹੀ ਉਭਾਰਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਮਹਿਲਾਵਾਂ ਸੰਕਟ ਦੇ ਦੌਰ 'ਚੋਂ ਗੁਜ਼ਰ ਰਹੀਆਂ ਹਨ। ਸਿਰਫ਼ ਮਹਿਲਾ ਦਿਵਸ ਮਨਾਉਣ ਨਾਲ ਹੀ ਔਰਤ ਦੀ ਦਸ਼ਾ ਵਿਚ ਸੁਧਾਰ ਨਹੀਂ ਹੋਵੇਗਾ।

ਮਹਿਲਾਵਾਂ ਦੀ ਬਿਹਤਰੀ ਲਈ ਸਰਕਾਰਾਂ ਤੇ ਸਮਾਜ ਨੂੰ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਭਾਵੇਂ ਸਾਡੇ ਦੇਸ਼ ਵਿੱਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਯੋਜਨਾਵਾਂ ਆਰੰਭ ਹੋ ਚੁੱਕੀਆਂ ਹਨ ਪਰ ਮਹਿਲਾਵਾਂ ਦਾ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ, ਸੰਗਠਿਤ ਹੋਣਾ, ਹੱਕ ਹਾਸਲ ਕਰਨ ਦੇ ਸਮਾਜਿਕ ਤਰੀਕੇ ਅਪਣਾਉਣਾ ਸਮੇਂ ਦੀ ਲੋੜ ਹੈ। ਭਾਵੇਂ ਔਰਤਾਂ ਨੂੰ ਪੜ੍ਹਨ, ਨੌਕਰੀ ਕਰਨ, ਵੋਟ ਦੇਣ, ਪੰਚਾਇਤਾਂ ਤੋਂ ਲੈ ਕੇ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਚੋਣ ਲੜਨ ਦੇ ਮੌਕੇ ਮਿਲੇ ਹਨ ਪਰ ਸਿਰਫ਼ ਕੁਝ ਕੁ ਫ਼ੀਸਦੀ ਔਰਤਾਂ ਇਨ੍ਹਾਂ ਮੌਕਿਆਂ ਦਾ ਲਾਭ ਲੈ ਰਹੀਆਂ ਹਨ। ਜਿਸ ਸਮਾਜ, ਜਿਸ ਦੇਸ਼ ਵਿੱਚ 80 ਸਾਲਾਂ ਦੀ ਬਜ਼ੁਰਗ ਅਤੇ 2 ਸਾਲਾਂ ਦੀ ਬਾਲੜੀ ਜਬਰ-ਜਨਾਹ ਦਾ ਸ਼ਿਕਾਰ ਹੋ ਰਹੀ ਹੋਵੇ, ਜਿਸ ਦੇਸ਼ ਵਿੱਚ ਆਈ.ਏ.ਐੱਸ. ਔਰਤ ਤੋਂ ਲੈ ਕੇ ਝੁੱਗੀ ਝੌਂਪੜੀ ਵਿੱਚ ਰਹਿਣ ਵਾਲੀ ਗ਼ਰੀਬ ਔਰਤ ਦਾ ਸ਼ੋਸ਼ਣ ਹੁੰਦਾ ਹੋਵੇ, ਉਸ ਦੇਸ਼ ਵਿੱਚ ਤਕਰੀਰਾਂ, ਵਾਅਦੇ ਅਤੇ ਇਹੋ ਜਿਹੇ ਦਿਵਸ ਮਨਾਉਣੇ ਬੇਮਾਅਨਾ ਹਨ। ਜ਼ਰੂਰੀ ਹੈ ਕਿ ਲੜਕੀ ਨੂੰ ਬਚਪਨ ਤੋਂ ਹੀ ਲੜਕੇ ਦੇ ਬਰਾਬਰ ਹੱਕ ਮਿਲਣ ਅਤੇ ਦੋਨੋਂ ਇੱਕੋ ਜਿਹੀ ਬਰਾਬਰੀ ਨਾਲ ਵੱਡੇ ਹੋਣ ਅਤੇ ਦੋਵਾਂ ਦੇ ਇੱਕੋ ਜਿਹੇ ਉਜਵਲ ਭਵਿੱਖ ਦੀ ਉਮੀਦ ਰੱਖੀ ਜਾਵੇ। ਜਦ ਮਾਪੇ ਲੜਕੀ ਨੂੰ ਲੜਕੇ ਵਾਂਗ ਹੀ ਵੱਡਾ ਕਰਦੇ ਹਨ ਤਾਂ ਉਸ ਦਾ ਆਤਮ-ਵਿਸ਼ਵਾਸ ਆਪਣੇ-ਆਪ ਵਧ ਜਾਂਦਾ ਹੈ। ਰਵਾਇਤਾਂ ਅਤੇ ਰੂੜ੍ਹੀਆਂ ਮਹਿਲਾਵਾਂ 'ਤੇ ਥੋਪੀਆਂ ਗਈਆਂ ਹਨ। ਇਨ੍ਹਾਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ ਜੇਕਰ ਸਮਾਜ ਦਾ ਮਹਿਲਾਵਾਂ ਪ੍ਰਤੀ ਦ੍ਰਿਸ਼ਟੀਕੋਣ ਬਦਲੇ।



ਅਜੋਕੀ ਔਰਤ ਨੂੰ ਚਾਹੀਦਾ ਹੈ ਕਿ ਉਹ ਆਉਣ ਵਾਲੀ ਮਹਿਲਾ ਪੀੜ੍ਹੀ ਪ੍ਰਤੀ ਅਜਿਹਾ ਧਰਾਤਲ ਤਿਆਰ ਕਰੇ ਜਿੱਥੇ ਉਹ ਆਦਮੀ ਦੇ ਕਦਮ ਨਾਲ ਕਦਮ ਮਿਲਾ ਕੇ ਚੱਲ ਸਕੇ ਅਤੇ ਖੁੱਲ੍ਹੀ ਫ਼ਿਜ਼ਾ 'ਚ ਬੇਖ਼ੌਫ਼ ਹੋ ਕੇ ਸਾਹ ਲੈ ਸਕੇ। ਅਜਿਹਾ ਤਾਂ ਹੀ ਸੰਭਵ ਹੈ ਜਦ ਬਿਮਾਰ ਮਾਨਸਿਕਤਾ ਵਾਲੀ ਪੀੜ੍ਹੀ ਜੀਨੀਅਸ ਜਨਰੇਸ਼ਨ ਵਿੱਚ ਤਬਦੀਲ ਹੋਵੇ। ਇਸ ਲਈ ਬੇਹੱਦ ਜ਼ਰੂਰੀ ਹੈ ਕਿ ਲੋਕ ਤੰਗ ਸੋਚ ਅਤੇ ਬਿਮਾਰ ਮਾਨਸਿਕਤਾ ਨੂੰ ਤਿਆਗ ਕੇ ਸਭ ਮਹਿਲਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਣ।

ਅਨੇਕਾਂ ਸਮਾਜਿਕ ਬੁਰਾਈਆਂ ਅੱਜ ਵੀ ਹਨ ਜੋ ਔਰਤਾਂ ਦੀ ਦੁਰਦਸ਼ਾ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ। ਨੂੰਹ ਤੇ ਧੀ 'ਚ ਕੋਈ ਫ਼ਰਕ ਨਾ ਕੀਤਾ ਜਾਵੇ, ਦਾਜ ਰੂਪੀ ਬੁਰਾਈ ਨੂੰ ਛੱਡਿਆ ਜਾਵੇ, ਸਾਦੇ ਵਿਆਹ ਕੀਤੇ ਜਾਣ। ਜੇ ਇੰਜ ਹੋ ਜਾਵੇ ਤਾਂ ਕਾਫੀ ਹੱਦ ਤਕ ਲੜਕੀਆਂ ਦੀ ਜੂਨ ਸੁਧਰ ਜਾਵੇਗੀ। ਜਦ ਤੱਕ ਆਮ ਔਰਤ ਦੀ ਸੋਚ ਨਹੀਂ ਬਦਲ ਜਾਂਦੀ, ਜਦ ਤੱਕ ਔਰਤ ਹੋਣ 'ਤੇ ਉਸ ਨੂੰ ਮਾਣ ਨਹੀਂ ਹੁੰਦਾ, ਜਦ ਤਕ ਉਹ ਆਪਣੇ ਲਈ ਸੁਰੱਖਿਅਤ ਸਮਾਜ ਅਤੇ ਸੱਭਿਆਚਾਰ ਨਹੀਂ ਸਿਰਜ ਲੈਂਦੀ ਉਦੋਂ ਤੱਕ ਨਾਰੀ ਦਿਵਸ ਮਨਾਉਣ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਇਸ ਮੌਕੇ ਦਿੱਤੀਆਂ ਤਕਰੀਰਾਂ ਅਤੇ ਪ੍ਰਚਾਰ ਉਸ ਦਾ ਭਵਿੱਖ ਨਹੀਂ ਸੰਵਾਰ ਸਕਦੇ।




# ‘ਜਿਊਂਦੀਆਂ ਲਾਸ਼ਾਂ’

ਮੋਹਨ ਸ਼ਰਮਾ

ਉਹ ਨਸ਼ਾ ਛੁਡਾਊ ਕੇਂਦਰ ਵਿੱਚ ਸਾਜਰੇ ਹੀ ਪਹੁੰਚ ਗਿਆ ਸੀ। ਦਸ ਕੁ ਕਿਲੋਮੀਟਰ ਦਾ ਸਫ਼ਰ ਉਸ ਨੇ ਆਪਣੇ ਵਰਗੇ ਮਾੜਚੂ ਜਿਹੇ ਸਾਈਕਲ ’ਤੇ ਤੈਅ ਕੀਤਾ ਸੀ। ਬੈਂਚ ’ਤੇ ਬਹਿੰਦਿਆਂ ਉਸ ਨੇ ਆਲੇ-ਦੁਆਲੇ ਨਜ਼ਰ ਮਾਰੀ। ਇੱਕਾ-ਦੁੱਕਾ ਕਰਮਚਾਰੀ ਪਹੁੰਚ ਗਏ ਸਨ। ਨਸ਼ੱਈ ਮਰੀਜ਼ ਵੀ ਹੱਥਾਂ ’ਚ ਪਰਚੀਆਂ ਫੜੀਂ ਪਹੁੰਚ ਰਹੇ ਸਨ। ਉਸ ਵਾਲੇ ਬੈਂਚ ’ਤੇ ਉਸ ਦੀ ਉਮਰ ਦਾ ਹੀ ਵਿਅਕਤੀ ਕੁਝ ਪਲ ਸੋਚਣ ਤੋਂ ਬਾਅਦ ਉਸ ਦੇ ਲਾਗੇ ਹੋ ਕੇ ਬਹਿ ਗਿਆ। ਦੋਵਾਂ ਦਰਮਿਆਨ ਕੁਝ ਪਲ ਖ਼ਾਮੋਸ਼ੀ ਛਾਈ ਰਹੀ। ਫਿਰ ਪਿੱਛੋਂ ਆਏ ਵਿਅਕਤੀ ਨੇ ਪਹਿਲਾਂ ਬੈਠੇ ਵਿਅਕਤੀ ਨੂੰ ਪੁੱਛਿਆ, ‘ਕਿਹੜਾ ਪਿੰਡ ਐ ਤੁਹਾਡਾ’? ‘ਘੜੌਲੀ ਪਿੰਡ ਤੋਂ ਆਇਆ ਹਾਂ’, ਉਸ ਨੇ ਉਦਾਸ ਲਹਿਜ਼ੇ ’ਚ ਜਵਾਬ ਦਿੱਤਾ। ਫਿਰ ਦੂਜੇ ਵਿਅਕਤੀ ਨੇ ਜਦੋਂ ਇਹੀ ਪ੍ਰਸ਼ਨ ਉਸ ਕੋਲੋਂ ਪੁੱਛਿਆ ਤਾਂ ਉਸ ਦਾ ਜਵਾਬ ਸੀ, ‘ਮੈਂ ਵੀ ਨਨਹੇੜੇ ਪਿੰਡ ਤੋਂ ਆਇਆ, ਡਾਕਟਰ ਸਾਹਿਬ ਨੂੰ ਮਿਲਣੈ।’

ਕੁਝ ਪਲ ਦੋਵਾਂ ਦਰਮਿਆਨ ਖ਼ਾਮੋਸ਼ੀ ਛਾਈ ਰਹੀ ਪਰ ਦੋਵਾਂ ਦੀ ਹਾਲਤ ਖੰਡਰ ਹੋਈ ਇਮਾਰਤ ਵਰਗੀ ਸੀ। ਵੀਰਾਨ ਅੱਖਾਂ, ਚਿਹਰੇ ’ਤੇ ਛਾਈ ਘੋਰ ਉਦਾਸੀ। ਵਢੂੰ-ਵਢੂੰ ਖਾਂਦੀਆਂ ਸੋਚਾਂ ਦੋਵਾਂ ਦਾ ਹੀ ਨਸੀਬ ਬਣੀਆਂ ਲੱਗਦੀਆਂ ਸਨ। ਫਿਰ ਪਿੱਛੋਂ ਆਏ ਵਿਅਕਤੀ ਨੇ ਪਹਿਲਾਂ ਬੈਠੇ ਵਿਅਕਤੀ ਤੋਂ ਹਮਦਰਦੀ ਨਾਲ ਪੁੱਛਿਆ, ‘ਡਾਕਟਰ ਸਾਹਿਬ ਨੂੰ ਕਿਵੇਂ ਮਿਲਣੈ? ਘਰ ਸੁਖ ਐ’? ਇਹ ਸੁਣਦਿਆਂ ਹੀ ਪਹਿਲੇ ਦਾ ਮਨ ਛਲਕ ਉਠਿਆ, ‘ਕੀ ਪੁੱਛਦੈਂ ਭਰਾਵਾ, ਪੋਟਾ-ਪੋਟਾ ਦੁਖੀ ਹਾਂ ਮੈਂ। ਘਰ-ਬਾਰ ਸਭ ਉੱਜੜ ਗਿਆ’, ਇਹ ਕਹਿੰਦਿਆ ਉਹਦੇ ਨੈਣਾਂ ਦੇ ਕੋਇਆਂ ’ਚੋਂ ਮਤਲਬ ਪਰਲ ਪਰਲ ਹੰਝੂ ਵਹਿਣ ਲੱਗੇ। ਆਪਣੇ ਪੋਟਿਆਂ ਨਾਲ ਅੱਥਰੂ ਪੂੰਝਦਿਆਂ ਉਸ ਨੇ ਦਰਦ ਭਰੀ ਆਵਾਜ਼ ਵਿਚ ਦੱਸਿਆ, ‘ਚਾਰ ਸਤੀਰਾਂ ਵਰਗੇ ਪੁੱਤਾਂ ਦਾ ਬਾਪ ਸੀ ਮੈਂ। ਪਹਿਲਾਂ ਦੋ ਮੁੰਡੇ ਚਿੱਟੇ ’ਤੇ ਲੱਗ ਗਏ। ਬਥੇਰੀ ਭੱਜ-ਦੌੜ ਕੀਤੀ, ਉਨ੍ਹਾਂ ਨੂੰ ਬਚਾਉਣ ਦੀ। ਪਿੰਡ ਵਿੱਚ ਹਰਲ-ਹਰਲ ਕਰਦੇ ਨਸ਼ੇੜੀ ਤੇ ਰਿਉੜੀਆਂ ਵਾਂਗ ਵੇਚਣ ਵਾਲੇ ਚਿੱਟੇ ਦੇ ਸੁਦਾਗਰਾਂ ਸਾਹਮਣੇ ਮੇਰੀ ਕੋਈ ਪੇਸ਼ ਨਾ ਗਈ। ਜੇ ਨਸ਼ਾ ਵੇਚਣ ਵਾਲਿਆਂ ਨੂੰ ਪਿੰਡ ਦੇ ਮੁਹਤਬਰਾਂ ਨੂੰ ਨਾਲ ਲੈ ਕੇ ਨਸ਼ਾ ਵੇਚਣ ਤੋਂ ਰੋਕਣ ਲਈ ਕਹਿੰਦੇ ਤਾਂ ਉਹ ਉਲਟਾ ਸਾਡੇ ਗਲ ਪੈਂਦਿਆਂ ਜਵਾਬ ਦਿੰਦੇ, ‘ਅਸੀਂ ਥੋਡੇ ਮੁੰਡਿਆਂ ਨੂੰ ਨਿਉਂਦਾ ਦੇ ਕੇ ਬੁਲਾਉਣੇ ਆਂ? ਉਨ੍ਹਾਂ ਨੂੰ ਰੋਕੋ। ਉਹ ਨਾ ਆਉਣ ਸਾਡੇ ਕੋਲ ਨਸ਼ਾ ਪੱਤਾ ਲੈਣ।’ ਏਧਰ ਜੇ ਮੁੰਡਿਆਂ ਨੂੰ ਟੋਕਦੇ ਤਾਂ ਉਹ ਗਲ ਨੂੰ ਹੱਥ ਪਾਉਣ ਆਉਂਦੇ। ਮੁੰਡਿਆਂ ਦੀ ਮਾਂ ਵੀ ਬਥੇਰਾ ਕਲਪਦੀ ਪਰ ਉਨ੍ਹਾਂ ਨੂੰ ਕਿਸੇ ਦੀ ਵੀ ਲਹੀ ਤਹੀ ਦੀ ਨਹੀਂ ਸੀ।’ ਕੁਝ ਪਲ ਰੁਕਣ ਤੋਂ ਬਾਅਦ ਉਸ ਨੇ ਗੱਲ ਦੀ ਲੜੀ ਨੂੰ ਅਗਾਂਹ ਤੋਰਿਆ, ‘ਘਰੋਂ ਜਿਹੜਾ ਕੁਝ ਵੀ ਹੱਥ ਲੱਗਦਾ, ਉਹ ਲੈ ਜਾਂਦੇ। ਇੱਕ ਦਿਨ ਮੈਂ ਤਾਂ ਕੰਮ ’ਤੇ ਗਿਆ ਹੋਇਆ ਸੀ। ਮੁੰਡਿਆਂ ਦੀ ਮਾਂ ਗੁਆਂਢੀਆਂ ਦੇ ਆਟਾ ਉਧਾਰ ਲੈਣ ਗਈ ਹੋਈ ਸੀ। ਪਿੱਛਿਓਂ ਉਨ੍ਹਾਂ ਨੇ ਕੁਝ ਸਮਾਂ ਪਹਿਲਾ ਲਿਆਂਦਾ ਫਰਿੱਜ ਤਸਕਰ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ। ਫਰਿੱਜ ਦੇ ਮਿਲੇ ਪੈਸਿਆਂ ਦੀ ਵੰਡ ਵੰਡਾਈ ਵੇਲੇ ਦੋਨੋਂ ਭਰਾਵਾਂ ਦੀ ਲੜਾਈ ਹੋ ਗਈ। ਵੱਡੇ ਨੇ ਰਸੋਈ ਵਿੱਚੋਂ ਘੋਟਨਾ ਲੈ ਕੇ ਛੋਟੇ ਦੇ ਸਿਰ ’ਤੇ ਅਜਿਹੀ ਸੱਟ ਮਾਰੀ ਕਿ ਉਹ ਮੁੜ ਕੇ ਉੱਠ ਨਹੀਂ ਸਕਿਆ। ਉਹ ਥਾਈਂ ਦਮ ਤੋੜ ਗਿਆ। ਵੱਡਾ ਮੁੰਡਾ ਹੁਣ ਜੇਲ੍ਹ ਵਿੱਚ ਹੈ।’ ਇਹ ਕਹਿੰਦਿਆਂ ਉਹਦੀ ਭੁੱਬ ਨਿਕਲ ਗਈ। ਦੂਜਾ ਵਿਅਕਤੀ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਉਸ ਨੂੰ ਪਾਣੀ ਦਾ ਗਿਲਾਸ ਪਿਲਾਇਆ। ਥੋੜਾ ਜਿਹਾ ਥਹੁ-ਸਿਰ ਹੋਣ ’ਤੇ ਉਸ ਨੇ ਆਪਣੀ ਦਰਦ ਵਿੱਥਿਆ ਫਿਰ ਸੁਣਾਉਣੀ ਸ਼ੁਰੂ ਕਰ ਦਿੱਤੀ। ਦੂਹਰੇ ਮਾਰੂ ਗ਼ਮ ਨੇ ਮੈਨੂੰ ਤਾਂ ਮਾੜਾ ਮੋਟਾ ਸੂਤ ਹੀ ਰੱਖਿਆ ਪਰ ਘਰ ਵਾਲੀ ਵੱਡੇ ਪੁੱਤ ਦਾ ਜੇਲ੍ਹ ਜਾਣਾ ਅਤੇ ਛੋਟੇ ਪੁੱਤ ਦੀ ਮੌਤ ਦੇ ਵਿਗੋਚੇ ਨੂੰ ਝੱਲ ਨਹੀਂ ਸਕੀ। ਬਸ ਇੱਕ ਰਾਤ ਨੂੰ ਸੁੱਤੀ ਪਈ ਰਹਿ ਗਈ। ਜਵਾਨ ਪੁੱਤ ਦੀ ਅਰਥੀ ਨੂੰ ਮੋਢਾ, ਪਤਨੀ ਦਾ ਹਮੇਸ਼ਾ ਲਈ ਸਾਥ ਛੱਡ ਜਾਣਾ ਅਤੇ ਵੱਡੇ ਮੁੰਡੇ ਦਾ ਜੇਲ੍ਹ ਵਿੱਚ ਭੱਠ ਝੋਕਣਾ, ਇਹ ਸਦਮਿਆਂ ਨੇ ਮੈਨੂੰ ਅੱਧ ਮਰਿਆ ਜਿਹਾ ਕਰ ਦਿੱਤੈ।’ ਨਾਲ ਵਾਲੇ ਦੇ ਹਮਦਰਦੀ ਦੇ ਬੋਲ ਵੀ ਊਣੇ ਪੈ ਗਏ ਸਨ। ਪਰਲ-ਪਰਲ ਵਗਦੇ ਅੱਥਰੂਆਂ ਕਾਰਨ ਉਸ ਦੀ ਦਾੜੀ ਵੀ ਭਿੱਜ ਗਈ ਸੀ। ਉਸ ਨੇ ਗੱਲ ਪੂਰੀ ਕਰਦਿਆਂ ਕਿਹਾ, ‘ਹੁਣ ਦੋਨੋਂ ਛੋਟੇ ਮੁੰਡੇ ਵੀ ਵੱਡੇ ਮੁੰਡਿਆਂ ਵਾਲੇ ਲੱਛਣਾਂ ’ਤੇ ਆ ਗਏ ਨੇ। ਹਰ ਰੋਜ਼ ਮੇਰੇ ਗਲ ਅੰਗੂਠਾ ਦਿੰਦੇ ਨੇ ਬਈ ਜ਼ਮੀਨ ਗਹਿਣੇ ਰੱਖ ਕੇ ਸਾਨੂੰ ਚਿੱਟੇ ਲਈ ਪੈਸੇ ਦੇ। ਅੱਜ ਡਾਕਟਰ ਕੋਲ ਇਸੇ ਕਰਕੇ ਆਇਆਂ ਬਈ ਇਹਨਾਂ ਦਾ ਕੋਈ ਬੰਨ੍ਹ ਸੁਬ੍ਹ ਹੋ ਜੇ। ਜੇ ਡਾਕਟਰ ਰਹਿਮ ਕਰ ਕੇ ਇਨ੍ਹਾਂ ਨੂੰ ਦਾਖ਼ਲ ਕਰ ਲੈਣ। ਦੇਖਦਾ ਉਨ੍ਹਾਂ ਨੂੰ ਅਰਜ਼ ਕਰ ਕੇ...।’ ਫਿਰ ਉਸ ਨੇ ਨਾਲ ਵਾਲੇ ਨੂੰ ਪੁੱਛਿਆ, ‘ਇੱਥੇ ਤੇਰਾ ਕਿਵੇਂ ਆਉਣਾ ਹੋਇਆ’?

ਉਸ ਨੇ ਗੱਚ ਭਰ ਕੇ ਆਪਣਾ ਦੁੱਖ ਦੱਸਣਾ ਸ਼ੁਰੂ ਕੀਤਾ, ‘ਕੀ ਪੁੱਛਦੈਂ, ਚਿੱਟੇ ਨੇ ਸਾਡਾ ਘਰ ਵੀ ਉਜਾੜ ਦਿੱਤੈ। ਮੇਰਾ ਜਵਾਨ ਪੁੱਤ, ਕਬੱਡੀ ਦਾ ਕਹਿੰਦਾ ਕਹਾਉਂਦਾ ਖਿਡਾਰੀ ਸੀ ਉਹ। ਇਲਾਕੇ ਵਿੱਚ ਨਾਮ ਸੀ ਉਹਦਾ। ਉਹਦੀਆਂ ਜਿੱਤੀਆਂ ਸ਼ੀਲਡਾਂ ਨਾਲ ਕਮਰਾ ਭਰਿਆ ਪਿਐ ਪਰ ਉਹ ਹਾਣੀਆਂ ਨਾਲ ਰਲ ਕੇ ਚਿੱਟਾ ਲਾਉਣ ਲੱਗ ਪਿਆ। ਹਾਲਾਂ ਪੰਜ ਦਿਨ ਪਹਿਲਾਂ ਹੀ ਉਸ ਦਾ ਭੋਗ ਪਿਐ। ਵਿਆਹਿਆ ਵਰ੍ਹਿਆ ਸੀ। ਨੂੰਹ ਕੋਲ ਛੇ ਮਹੀਨਿਆਂ ਦਾ ਪੁੱਤ ਐ...।’ ਕੁਝ ਦੇਰ ਲਈ ਉਦਾਸ ਖ਼ਾਮੋਸ਼ੀ ਉਨ੍ਹਾਂ ਦੇ ਦਰਮਿਆਨ ਛਾਈ ਰਹੀ। ਫਿਰ ਉਸ ਨੇ ਖ਼ਾਮੋਸ਼ੀ ਤੋੜਦਿਆ ਗੱਲ ਨੂੰ ਅਗਾਂਹ ਤੋਰਿਆ, ‘ਭੋਗ ’ਤੇ ਹੀ ਮੈਨੂੰ ਪਤਾ ਲੱਗਿਆ ਬਈ ਛੋਟਾ ਵੀ ਚਿੱਟੇ ਦੀ ਲਪੇਟ ਵਿੱਚ ਆਇਆ ਹੋਇਐ। ਸਾਡੇ ਪਿੰਡ ਵੀ ਚਿੱਟਾ ਸ਼ਰੇਆਮ ਵਿਕਦਾ। 16 ਕੁ ਵਰ੍ਹਿਆਂ ਦਾ ਮੁੰਡਾ ਹੈ ਮੇਰਾ। ਜਦੋਂ ਉਹਨੂੰ ਰਿਸ਼ਤੇਦਾਰਾਂ ਵਿੱਚ ਬਿਠਾ ਕੇ ਪੁੱਛਿਆ ਤਾਂ ਉਹ ਮੰਨ ਗਿਆ ਕਿ ਮੈਨੂੰ ਚਿੱਟੇ ਦਾ ਕੋਹੜ ਚਿੰਬੜ ਗਿਆ। ਉਹਦੇ ਇਲਾਜ ਲਈ ਮੈਂ ਵੀ ਡਾਕਟਰ ਸਾਹਿਬ ਤੋਂ ਪੁੱਛਣ ਆਇਆਂ।’ ਦੋਵਾਂ ਨੇ ਇੱਕ-ਦੂਜੇ ਦੇ ਹੱਥ ਘੁੱਟ ਕੇ ਫੜੇ ਹੋਏ ਸਨ। ਉਨ੍ਹਾਂ ਦੇ ਨੈਣਾਂ ’ਚੋਂ ਵਹਿੰਦੇ ਖ਼ੂਨ ਦੇ ਅੱਥਰੂ ਇੱਕ-ਦੂਜੇ ਦੀਆਂ ਤਲੀਆਂ ਨੂੰ ਭਿਉਂ ਰਹੇ ਸਨ। ਡਾਕਟਰ ਸਾਹਿਬ ਹਾਲੇ ਆਏ ਨਹੀਂ ਸਨ। ਪੀੜਤ ਲੋਕ ਅਤੇ ਨਸ਼ਈ ਮਰੀਜ਼ਾਂ ਨਾਲ ਨਸ਼ਾ ਛੁਡਾਊ ਕੇਂਦਰ ਦਾ ਵਿਹੜਾ ਭਰ ਗਿਆ ਸੀ।

# ਮਿੰਨੀ ਕਹਾਣੀਆਂ

## ਸਫ਼ਰ ਤੇ ਸਿੱਖਿਆ

ਦਰਸ਼ਨ ਸਿੰਘ

ਸਵੇਰ ਦਾ ਵੇਲਾ ਸੀ। ਸੰਗਰੂਰ ਰੇਲਵੇ ਚੌਂਕ ਕੋਲ ਮੈਂ ਸਕੂਟਰ ’ਤੇ ਘਰ ਵੱਲ ਜਾ ਰਿਹਾ ਸੀ। ਰੇਲਵੇ ਚੌਂਕ ਕੋਲ ਇੱਕ ਬਿਰਧ ਵਿਅਕਤੀ ਨੇ ਲਿਫ਼ਟ ਲੈਣ ਲਈ ਮੈਨੂੰ ਸਕੂਟਰ ਰੋਕਣ ਦਾ ਇਸ਼ਾਰਾ ਕੀਤਾ।

ਮੈਂ ਸਕੂਟਰ ਰੋਕ ਕੇ ਉਸ ਨੂੰ ਪੁੱਛਿਆ, “ਕਿੱਥੇ ਜਾਣਾ ਏ ਬਾਬਾ ਜੀ।” ਉਸ ਬਜ਼ੁਰਗ ਨੇ ਧੀਮੀ ਆਵਾਜ਼ ਵਿੱਚ ਪੁੱਛਿਆ, “ਹਸਪਤਾਲ ਵਾਲੇ ਰਾਹ ਜਾਂਦਾ ਏਂ ਪੁੱਤਰਾ? ਮੈਨੂੰ ਵੀ ਉਥੇ ਲਾਹ ਦਵੀਂ।” ਇਹ ਆਖ ਕੇ ਬਜ਼ੁਰਗ ਮੇਰੇ ਸਕੂਟਰ ਦੇ ਪਿੱਛੇ ਬੈਠ ਗਿਆ। ਕੁਝ ਪਲ ਅਸੀਂ ਚੁੱਪ ਚਾਪ ਬੈਠੇ ਰਹੇ। ਫਿਰ ਉਸ ਬਜ਼ੁਰਗ ਨੇ ਪੁੱਛਿਆ, ਕਿਹੜਾ ਪਿੰਡ ਹੈ ਭਾਈ ਤੇਰਾ? ਇਥੋਂ ਹੀ ਹਾਂ ਜੀ...ਸੰਗਰੂਰ ਤੋਂ। ਮੈਂ ਜਵਾਬ ਦਿੱਤਾ। ਪਹਿਲਾਂ ਕੋਈ ਪਿੰਡ ਵੀ ਹੋਵੇਗਾ!

ਮੈਂ ਆਖਿਆ, ਹਾਂ ਜੀ...ਬਾਲੀਆਂ।

ਓਹ ਨਾਨਕਿਆਣਾ ਸਾਹਿਬ ਵਾਲੀਆਂ?

ਹਾਂ ਜੀ। ਮੇਰੀ ਇਹ ਗੱਲ ਸੁਣ ਕੇ ਉਸ ਬਜ਼ੁਰਗ ਦੀ ਆਵਾਜ਼ ਵਿੱਚ ਹੋਰ ਅਪਣੱਤ ਭਰ ਗਈ।

ਮੈਂ ਲਹਿਰੇ ਤੋਂ ਹਾਂ ਭਾਈ...ਰੋੜੇਵਾਲ ਪਿੰਡ ਹੈ ਮੇਰਾ। ਟੇਸ਼ਣ ਤੋਂ ਉੱਤਰ ਕੇ ਆਇਆ ਇੱਥੇ ਚੌਂਕ ਤੱਕ।

ਮੈਂ ਪੁੱਛਿਆ, “ਇਥੇ ਕਿਵੇਂ ਆਉਣਾ ਹੋਇਆ ਬਜ਼ੁਰਗੋ?” ਬਜ਼ੁਰਗ ਨੇ ਮੇਰੇ ਮੋਢੇ ’ਤੇ ਹੱਥ ਰੱਖਦਿਆਂ ਦੱਸਿਆ, ਭਾਈ ਦੀਆਂ ਕੁੜੀਆਂ ਪਾਲੀਆਂ ਨੇ ਮੈਂ। ਉਨ੍ਹਾਂ ਕਰਕੇ ਪਿੰਡੋਂ ਸ਼ਹਿਰ ਆਇਆ ਸੀ। ਵੱਡੀਆਂ ਪੜ੍ਹਾਈਆਂ ਤਾਂ ਸ਼ਹਿਰਾਂ ਵਿੱਚ ਹੀ ਹੁੰਦੀਆਂ ਨੇ ਪੁੱਤਰਾ।” ਫਿਰ ਉਹ ਆਪ ਮੁਹਾਰੇ ਹੀ ਦੱਸਣ ਲੱਗਿਆ, ਮੇਰੇ ਘਰ ਆਪਣਾ ਬੱਚਾ ਨ੍ਹੀਂ ਸੀ ਕੋਈ...ਇਨ੍ਹਾਂ ਬਾਲੜੀਆਂ ਨੂੰ ਜਨਮ ਦੇਣ ਮਗਰੋਂ ਮੇਰੀ ਭਰਜਾਈ ਗੁਜ਼ਰ ਗਈ। ਬੱਸ ਮੈਂ ਤੇ ਮੇਰੀ ਘਰ ਵਾਲੀ ਨੇ ਇਨ੍ਹਾਂ ਬੱਚੀਆਂ ਨੂੰ ਆਪਣੀਆਂ ਮੰਨ ਕੇ ਹੀ ਪਾਲਿਆ ਹੈ।

ਬਜ਼ੁਰਗ ਦੀ ਆਵਾਜ਼ ਵਿੱਚ ਇੱਕ ਤਸੱਲੀ ਦਾ ਅਹਿਸਾਸ ਝਲਕ ਰਿਹਾ ਸੀ। ਉਹ ਆਖਣ ਲੱਗਿਆ, ਹੁਣ ਸਾਨੂੰ ਹੀ ਮਾਂ-ਬਾਪ ਮੰਨਦੀਆਂ ਨੇ... ਕਹਿੰਦੀਆਂ ਨੇ ਸਾਡੀ ਮਾਂ ਭਾਵੇਂ ਮਰ ਗਈ ਪਰ ਰੱਬ ਨੇ ਸਾਨੂੰ ਮੁੜ ਮਾਂ ਦੇ ਦਿੱਤੀ। ਸਾਰਾ ਸਮਾਂ ਪੜ੍ਹਾਈ ਵਿੱਚ ਰੁੱਝੀਆਂ ਰਹਿੰਦੀਆਂ ਨੇ। ਪਿੰਡ ਆਪਣੇ ਪਿਓ ਕੋਲ ਗੇੜਾ ਵੀ ਨ੍ਹੀਂ ਮਾਰਦੀਆਂ, ਅਖੇ ਪੜ੍ਹਾਈ ਦਾ ਨੁਕਸਾਨ ਨ੍ਹੀਂ ਕਰਨਾ। ਦੋਵੇਂ ਮੈਡੀਕਲ ਦੀ ਪੜ੍ਹਾਈ ਪੜ੍ਹ ਰਹੀਆਂ ਨੇ। ਹਸਪਤਾਲ ਵਿੱਚ ਹੀ ਡਿਊਟੀ ਕਰਦੀਆਂ ਨੇ। ਉਨ੍ਹਾਂ ਨੂੰ ਹੀ ਮਿਲਣ ਜਾ ਰਿਹਾਂ।”

ਲੰਬਾ ਸਾਹ ਲੈਂਦਿਆਂ ਉਸ ਨੇ ਤਸੱਲੀ ਭਰੀ ਆਵਾਜ਼ ਵਿੱਚ ਕਿਹਾ, “ਵਧੀਆ ਸਮਾਂ ਲੰਘ ਰਿਹੈ ਭਾਈ...ਸ਼ੁਕਰ ਹੈ ਮਾਲਕ ਦਾ।

ਇੰਨੇ ਨੂੰ ਅਸੀਂ ਹਸਪਤਾਲ ਨੇੜੇ ਪੁੱਜ ਗਏ। ਚੰਗਾ ਭਾਈ, ਆਹ ਗੇਟ ਮੂਹਰੇ ਲਾਹ ਦਵੀਂ। ਮੈਂ ਸਕੂਟਰ ਰੋਕਿਆ। ਬਜ਼ੁਰਗ ਨੇ ਉਤਰਦਿਆਂ ਮੇਰਾ ਮੋਢਾ ਥਾਪੜਦਿਆਂ ਆਖਿਆ, “ਰੱਬ ਤੇਰਾ ਭਲਾ ਕਰੇ... ਜਿਊਂਦਾ ਵੱਸਦਾ ਰਹੁ ਭਾਈ।

ਬਜ਼ੁਰਗ ਹੌਲੀ-ਹੌਲੀ ਹਸਪਤਾਲ ਵੱਲ ਤੁਰ ਗਿਆ। ਮੈਂ ਕੁਝ ਪਲ ਉਸ ਨੂੰ ਜਾਂਦਿਆਂ ਨੂੰ ਵੇਖਦਾ ਰਿਹਾ ਤੇ ਮਗਰੋਂ ਆਪਣੇ ਘਰ ਵੱਲ ਤੁਰ ਪਿਆ। ਪੰਜ ਮਿੰਟਾਂ ਦੇ ਸਫ਼ਰ ਵਿੱਚ ਹੀ ਮੈਨੂੰ ਉਸ ਬਜ਼ੁਰਗ ਪ੍ਰਤੀ ਅਪਣੱਤ ਮਹਿਸੂਸ ਹੋਣ ਲੱਗ ਪਈ ਸੀ। ਇਨ੍ਹਾਂ ਕੁਝ ਪਲਾਂ ਵਿੱਚ ਹੀ ਬਜ਼ੁਰਗ ਨੇ ਆਪਣੇ ਸਾਰੇ ਜੀਵਨ ਦਾ ਸਾਰ ਮੈਨੂੰ ਆਖ ਸੁਣਾਇਆ ਸੀ। ਮੈਂ ਆਸਮਾਨ ਵੱਲ ਤੱਕਦਿਆਂ ਆਖਿਆ, ‘ਸ਼ੁਕਰ ਹੈ ਮਾਲਕ ਦਾ’ ਤੇ ਸਕੂਟਰ ਤੋਰ ਲਿਆ।

***

## ਤਰੱਕੀ

ਗੁਰਤੇਜ ਸਿੰਘ ਖੁਡਾਲ

ਜੰਟੇ ਨੇ ਆਪਣੇ ਭਤੀਜੇ ਸੁਖਮਨ ਵੱਲੋਂ ਵਿਦੇਸ਼ੋਂ ਭੇਜੀਆਂ ਕੁੱਝ ਚੀਜ਼ਾਂ ਸੱਥ ਵਿੱਚ ਬੈਠੇ ਲੋਕਾਂ ਨੂੰ ਦਿਖਾਉਂਦਿਆਂ ਕਿਹਾ, “ਬਾਹਰਲੇ ਦੇਸ਼ਾਂ ਨੇ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ? ਸਾਡੇ ਦੇਸ਼ ਬਾਹਰਲੇ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਦੇ।”

ਭੋਲੇ ਨੇ ਕਿਹਾ ਜੰਟਿਆ ਇਹ ਵੀ ਤੈਨੂੰ ਵਹਿਮ ਹੈ, ਮੁਕਾਬਲਾ ਸਾਡੇ ਦੇਸ਼ ਦਾ ਵੀ ਕੋਈ ਨਹੀਂ ਕਰ ਸਕਦਾ। ਤੂੰ ਕਦੇ ਸੁਣਿਐ ਕਿ ਕੋਈ ਮਰਿਆ ਬੰਦਾ ਮੁੜ ਕੇ ਵਾਪਸ ਆਇਆ ਹੋਵੇ।” ਜੰਟੇ ਨੇ ਕਿਹਾ,“ ਨਹੀਂ ਬਾਈ ਭੋਲੇ ਇਹ ਤਾਂ ਹੋ ਹੀ ਨਹੀਂ ਸਕਦਾ!”

ਭੋਲੇ ਨੇ ਕਿਹਾ, “ਓਏ ਜੰਟਿਆ ਇਹ ਤਰੱਕੀ ਆਪਣੇ ਦੇਸ਼ ਨੇ ਹੀ ਕੀਤੀ ਹੈ! ਓਏ ਭੋਲਿਆ ਕਈ ਕਈ ਸਾਲ ਪਹਿਲਾਂ ਇਸ ਜਹਾਨੋਂ ਤੁਰ ਗਏ ਪਿੰਡ ਦੇ ਬਾਬੇ-ਬੀਬੀਆਂ ਨਰੇਗਾ ਸਕੀਮ ਵਿੱਚ ਕੰਮ ਕਰ ਵੀ ਰਹੇ ਨੇ ਤੇ ਸਰਕਾਰ ਤੋਂ ਬੁਢਾਪਾ ਪੈਨਸ਼ਨ ਵੀ ਲੈ ਰਹੇ ਨੇ। ਗਿਆਨੇ ਕੇ ਪਿੰਡ ਤਾਂ ਪੰਝੀ ਸਾਲ ਪਹਿਲਾਂ ਮੋਇਆ ਗੁਆਂਢੀਆਂ ਦਾ ਬੁੜਾ ਇੱਕ ਕੇਸ ਵਿੱਚ ਗਵਾਹੀ ਵੀ ਦੇ ਆਇਆ। ਹੁਣ ਤੂੰ ਹੀ ਦੱਸ ਕਰ ਲਊ ਕੋਈ ਦੇਸ਼ ਆਪਣੀ ਰੀਸ ਭਲਾਂ?”

ਭੋਲਾ ਆਪਣਾ ਢਹਿੰਦਾ ਜਾਂਦਾ ਪਰਨਾ ਸਿਰੋਂ ਲਾਹ ਕੇ ਮੁੜ ਸਵਾਰ ਕੇ ਬੰਨ੍ਹਦਾ ਹੋਇਆ ਬੋਲਿਆ, “ਹਾਅ ਤਰੱਕੀ ਤਾਂ ਜੱਗੋਂ ਤੇਰ੍ਹਵੀਂ ਵਾਲੀ ਹੀ ਹੋਈ ਫੇਰ।”

## ਕਾਲਾ ਟਿੱਕਾ

ਪਰਮਿੰਦਰ ਕੌਰ

ਰੇਸ਼ਮਾ ਰੋਜ਼ ਆਪਣੇ ਪੁੱਤਰ ਕਮਲ ਨੂੰ ਤਿਆਰ ਕਰਦੀ ਤੇ ਉਸ ਨੂੰ ਮਾੜੀ ਨਜ਼ਰ ਤੋਂ ਬਚਾਉਣ ਲਈ ਬਿਨਾਂ ਨਾਗਾ ਉਸ ਦੇ ਕੰਨ ਪਿੱਛੇ, ਵਾਲਾਂ ਵਿੱਚ ਜਾਂ ਗੁੱਟ ਉੱਤੇ ਕਾਲਾ ਟਿੱਕਾ ਵੀ ਜ਼ਰੂਰ ਲਾਉਂਦੀ ਪਰਮਾਤਮਾ ਅੱਗੇ ਅਰਦਾਸ ਕਰਦੀ ਕਿ ਮੇਰੇ ਬੱਚੇ ਨੂੰ ਕਿਸੇ ਦੀ ਵੀ ਬੁਰੀ ਨਜ਼ਰ ਨਾ ਲੱਗੇ। ਰੋਜ਼ ਦੇ ਇਸ ਨੇਮ ਕਾਰਨ ਹੁਣ ਕਮਲ ਨੂੰ ਵੀ ਮਾਂ ਵੱਲੋਂ ਲਾਏ ਇਸ ਕਾਲੇ ਟਿੱਕੇ ਦੀ ਆਦਤ ਪੈ ਗਈ ਸੀ। ਇਸ ਟਿੱਕੇ ਵੱਲੋਂ ਕੀਤੀ ਜਾਣ ਵਾਲੀ ਹਿਫਾਜ਼ਤ ਦਾ ਖ਼ਿਆਲ ਉਸ ਦੇ ਜ਼ਿਹਨ ਵਿੱਚ ਵੀ ਘਰ ਕਰਨ ਲੱਗ ਪਿਆ ਸੀ।

ਜਦੋਂ ਕਮਲ ਰਤਾ ਵੱਡਾ ਹੋਇਆ ਤਾਂ ਸ਼ਾਮ ਮੁਹੱਲੇ ਵਿੱਚ ਦੋਸਤਾਂ ਨਾਲ ਖੇਡਣ ਜਾਣ ਲੱਗਿਆਂ ਵੀ ਰੇਸ਼ਮਾ ਦਾ ਇਹ ਕਾਲਾ ਟਿੱਕਾ ਉਸ ਦੇ ਅੰਗ-ਸੰਗ ਰਹਿੰਦਾ। ਇੱਕ ਵਾਰ ਰੇਸ਼ਮਾ ਨੂੰ ਕਿਸੇ ਜ਼ਰੂਰੀ ਕੰਮ ਕਰਕੇ ਸੁਵਖ਼ਤੇ ਹੀ ਰਿਸ਼ਤੇਵਾਰੀ ਵਿੱਚ ਜਾਣਾ ਪੈ ਗਿਆ। ਉਹ ਕਮਲ ਨੂੰ ਸੁੱਤਾ ਪਿਆ ਛੱਡ ਕੇ ਚਲੀ ਗਈ। ਹਾਲਾਂਕਿ ਘਰ ਵਿੱਚ ਹੋਰ ਸਾਰੇ ਹੀ ਜੀਅ ਮੌਜੂਦ ਸਨ, ਪਰ ਜਦੋਂ ਕਮਲ ਦੀ ਨੀਂਦ ਖੁੱਲ੍ਹੀ ਤਾਂ ਉਸ ਸੁਭਾਵਿਕ ਤੌਰ ’ਤੇ ਆਪਣੀ ਮਾਂ ਦੀ ਭਾਲ ਕੀਤੀ।

ਕਮਲ ਦੇ ਪਿਤਾ ਨੇ ਉਸ ਨੂੰ ਨੁਹਾ ਕੇ ਤਿਆਰ ਕੀਤਾ ਤੇ ਨਾਸ਼ਤਾ ਕਰਵਾਇਆ, ਪਰ ਰੇਸ਼ਮਾ ਦਾ ਸੁਰੱਖਿਆ ਬਿੰਬ ‘ਕਾਲਾ ਟਿੱਕਾ’ ਪਿਤਾ ਨੇ ਕਮਲ ਨੂੰ ਨਾ ਲਾਇਆ। ਕਮਲ ਦੇ ਦੋਸਤ ਉਸ ਨੂੰ ਖੇਡਣ ਲਈ ਬੁਲਾਉਣ ਆਏ ਤਾਂ ਉਹ ਖੇਡਣ ਵੀ ਨਾ ਗਿਆ ਤੇ ਨਾ ਹੀ ਉਹ ਆਪਣੇ ਦਾਦਾ ਜੀ ਨਾਲ ਪਾਰਕ ਵਿੱਚ ਘੁੰਮਣ ਗਿਆ। ਸ਼ਾਮ ਵੇਲੇ ਜਦੋਂ ਰੇਸ਼ਮਾ ਘਰ ਆਈ ਤਾਂ ਕਮਲ ਨੇ ਉਸ ਦੀ ਬੁੱਕਲ ਵਿੱਚ ਜਾਂਦਿਆਂ ਆਖਿਆ, “ਮਾਂ ਅੱਜ ਤੂੰ ਮੇਰੇ ਕਾਲਾ ਟਿੱਕਾ ਨ੍ਹੀਂ ਸੀ ਲਾ ਕੇ ਗਈ। ਤੂੰ ਆਖਦੀ ਏਂ ਨਾ ਕਿ ਇਹ ਟਿੱਕਾ ਮੈਨੂੰ ਬੁਰੀ ਨਜ਼ਰ ਤੋਂ ਬਚਾਉਂਦਾ ਏ। ਇਸ ਲਈ ਮੈਂ ਅੱਜ ਰਤਾ ਵੀ ਘਰੋਂ ਬਾਹਰ ਨ੍ਹੀਂ ਗਿਆ।” ਕਮਲ ਦੀਆਂ ਇਹ ਮਾਸੂਮ ਗੱਲਾਂ ਸੁਣ ਰੇਸ਼ਮਾ ਕੁੱਝ ਚਿੰਤਤ ਹੋ ਗਈ। ਉਸ ਨੂੰ ਲੱਗਦਾ ਸੀ ਕਿ ਉਹ ਆਪਣੇ ਮਨ ਦੀ ਤਸੱਲੀ ਲਈ ਆਪਣੇ ਪੁੱਤਰ ਨੂੰ ਦੁਨੀਆ ਦੀ ਮਾੜੀ ਨਜ਼ਰ ਤੋਂ ਬਚਾਉਣ ਦਾ ਹੀਲਾ ਕਰ ਰਹੀ ਸੀ, ਪਰ ਅੱਜ ਉਸ ਨੂੰ ਅਹਿਸਾਸ ਹੋਇਆ ਕਿ ਇਹ ਹੀਲਾ ਅਸਲ ਵਿੱਚ ਕਮਲ ਦੇ ਮਾਸੂਮ ਮਨ ’ਤੇ ਡੂੰਘੀ ਛਾਪ ਛੱਡ ਰਿਹਾ ਸੀ। ਅੱਜ ਕਮਲ ਇਸ ਟਿੱਕੇ ਦੀ ਗ਼ੈਰ-ਮੌਜੂਦਗੀ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ।

ਰੇਸ਼ਮਾ ਨੂੰ ਜਾਪਿਆ, ਜਿਵੇਂ ਉਸ ਦਾ ਇਹ ਸੁਰੱਖਿਆ ਚੱਕਰ ਖ਼ੁਦ ਉਸ ਦੇ ਪੁੱਤਰ ਦੀ ਸ਼ਖ਼ਸੀਅਤ ਨੂੰ ਕਮਜ਼ੋਰ ਕਰ ਰਿਹਾ ਸੀ। ਇਸ ਮਗਰੋਂ ਰੇਸ਼ਮਾ ਨੇ ਨਿਸ਼ਚਾ ਕਰ ਲਿਆ ਕਿ ਉਹ ਹੁਣ ਕਦੇ ਵੀ ਅਜਿਹਾ ਕੋਈ ਕੰਮ ਨਹੀਂ ਕਰੇਗੀ, ਜਿਸ ਦਾ ਮਾੜਾ ਅਸਰ ਉਸ ਦੇ ਬੱਚੇ ਦੀ ਸ਼ਖ਼ਸੀਅਤ ’ਤੇ ਪੈ ਸਕਦਾ ਹੋਵੇ। ਉਸ ਪਿਆਰ ਨਾਲ ਆਪਣੇ ਪੁੱਤਰ ਦਾ ਮੱਥਾ ਚੁੰਮਦਿਆਂ ਆਖਿਆ, “ਪੁੱਤਰ ਤੈਨੂੰ ਇਸ ਕਾਲੇ ਟਿੱਕੇ ਦੀ ਰਤਾ ਵੀ ਲੋੜ ਨ੍ਹੀਂ। ਤੇਰੀ ਮਾਂ ਦੀਆਂ ਦੁਆਵਾਂ ਸਦਾ ਹਰ ਥਾਂ ਤੇਰੇ ਨਾਲ ਹਨ। ਤੂੰ ਅੱਜ ਤੋਂ ਬਾਅਦ ਕਦੇ ਕਿਸੇ ਟਿੱਕੇ ਦੀ ਟੇਕ ਨ੍ਹੀਂ ਲੈਣੀ ਪੁੱਤਰ।”

ਕਮਲ ਨੇ ਆਪਣੀ ਮਾਂ ਨੂੰ ਜੱਫੀ ਪਾਉਂਦਿਆਂ ਆਖਿਆ, “ਠੀਕ ਏ ਮਾਂ, ਤੂੰ ਮੈਨੂੰ ਰੋਜ਼ ਮੱਥੇ ’ਤੇ ਚੁੰਮ ਲਿਆ ਕਰੀਂ।”

# ਕਾਵਿ ਸੰਸਾਰ

## ਬਹਾਰਾਂ
ਗੁਰਮੀਤ ਸਿੰਘ ਚੀਮਾ

ਹੋਵਣ ਕਤਲ ਬਹਾਰਾਂ ਇੱਥੇ,
ਸੜਨ ਪਈਆਂ ਗੁਲਜ਼ਾਰਾਂ ਇੱਥੇ।
ਪੈਰ ਪੈਰ 'ਤੇ ਜ਼ਹਿਰਾਂ ਉੱਗਣ,
ਬਣ ਕੇ ਤਿੱਖੀਆਂ ਖ਼ਾਰਾਂ ਇੱਥੇ।
ਅੰਬਰੋਂ ਵਰ੍ਹਦੀ ਰਾਖ ਅਗਨ ਦੀ,
ਧਰਤੀ ਦਾ ਮੂੰਹ ਸ਼ਿਕਵਾ ਸ਼ਿਕਵਾ।
ਮਹਿਲ ਮਾੜੀਆਂ ਉੱਚੀਆਂ ਉੱਠਣ,
ਰੋਵਣ ਛੰਨਾਂ ਢਾਰਾਂ ਇੱਥੇ।
ਖ਼ੂਨ 'ਚ ਲਿੱਬੜੇ ਪੰਜੇ ਤੱਕੇ,
ਤੇ ਬਨਮਾਨਸ ਬੰਦੇ ਤੱਕੇ।
ਤਿਰਸ਼ੂਲਾਂ ਦੀ ਮੰਡੀ ਲਗਦੀ,
ਮੁਫ਼ਤ ਮਿਲਣ ਤਲਵਾਰਾਂ ਇੱਥੇ।

## ਡੌਂਕੀ
ਪਰਮਜੀਤ ਸਿੰਘ ਰਾਜਗੜ੍ਹ

ਜ਼ਿੰਦਗੀ ਜੀਣ ਦਾ ਸਿੱਖ ਤਰੀਕਾ,
ਕੀ ਕਰਨਾ ਏ ਵਿੱਚ ਅਮਰੀਕਾ।
ਸਰ ਕਰਨਾ ਪਊ ਜੰਗਲ ਪਨਾਮਾ,
ਜਿੱਥੇ ਪਹਿਲਾਂ ਹੀ ਵਿਲਕਣ ਜਾਨਾਂ।
ਕਈ ਤਾਂ ਪਿੰਜਰ ਹੋ ਕੇ ਰਹਿ ਗਏ,
ਉੱਥੇ ਪੀ ਲਿਆ ਖ਼ੂਨ ਸ਼ੈਤਾਨਾਂ।
ਲੋਥਾਂ ਵਿੱਚੋਂ ਲੰਘਣਾ ਪੈਂਦਾ,
ਤਲੀ 'ਤੇ ਰੱਖ ਕੇ ਆਪਣੀਆਂ ਜਾਨਾਂ।
ਕਈ ਮੁੱਕਦੇ ਨੇ ਭੁੱਖੇ ਪਿਆਸੇ,
ਉੱਥੇ ਹਰ ਰਾਹ ਹੈ ਅਨਜਾਨਾ।
ਜਦੋਂ ਦਿਲ 'ਤੇ ਪੱਥਰ ਧਰ ਕੇ,
ਛੱਡ ਜਾਂਦੀਆਂ ਸਾਥ ਕਮਾਨਾਂ।
ਕਈ ਤੜਫ਼ ਤੜਫ਼ ਮਰ ਜਾਂਦੇ,
ਰੁਲ਼ ਖੁਲ ਕੇ ਫਿਰ ਨਿਕਲਣ ਜਾਨਾਂ।
ਆਪ ਡੁੱਬੇ ਜੱਗ ਪਰਲੋ ਆਵੇ,
ਸੱਚੀਆਂ ਹੋਣ ਅਖਾਣਾਂ।
ਡੌਂਕਰ ਨਹੀਂ ਦੈਂਤਾਂ ਦਾ ਤਾਂਡਵ,
ਜਿਵੇਂ ਕਰਦੀ ਮੌਤ ਮਸਾਣਾਂ।
'ਪਰਮਜੀਤ' ਡਾਲਰ ਦੇ ਸੁਫ਼ਨੇ,
ਆਪਣਾ ਆਪ ਹਰਾਨਾਂ।
ਥੋੜ੍ਹੀ ਖਾ ਇੱਜ਼ਤ ਦੀ ਖਾ ਲੈ,
ਕਿਉਂ ਜਿੰਦੜੀ ਨੂੰ ਰੁਲਾਉਂਦਾਂ।

## ਸੁਣ ਕੇ ਜਾਈਂ
ਸਿਮਰਜੀਤ ਕੌਰ ਗਰੇਵਾਲ

ਗੱਲ ਜ਼ਰੂਰੀ, ਸੁਣ ਕੇ ਜਾਈਂ,
ਉਹ ਵੀ ਪੂਰੀ, ਸੁਣ ਕੇ ਜਾਈਂ।
ਗੁਰਬਤ ਦੇ ਗਲਿਆਰੇ ਵਿਚਲੀ,
ਸਿਦਕ, ਸਬੂਰੀ, ਸੁਣ ਕੇ ਜਾਈਂ।
ਫੋਕੇ ਬੰਦੇ ਕਰਦੇ ਫਿਰਦੇ,
ਜੋ ਮਸ਼ਹੂਰੀ, ਸੁਣ ਕੇ ਜਾਈਂ।
ਰੋਜ਼ੀ ਖ਼ਾਤਰ ਦੂਰ ਗਏ ਦੀ,
ਕੀ ਮਜਬੂਰੀ, ਸੁਣ ਕੇ ਜਾਈਂ।
ਪੋਹ ਦੀ ਰੁੱਤੇ ਲੈਂਦਾ ਹੈ ਜੋ,
ਪਾਟੀ ਭੂਰੀ, ਸੁਣ ਕੇ ਜਾਈਂ।
ਲੱਗ ਗਈ ਜੋ ਦਿਲ ਦੇ ਪੁੰਜੇ,
ਰੀਝ ਅਧੂਰੀ, ਸੁਣ ਕੇ ਜਾਈਂ।
ਸਹਿਣੀ ਪੈਂਦੀ ਨਿੱਤ ਕਿਸੇ ਨੂੰ,
ਜਿਹੜੀ ਘੂਰੀ, ਸੁਣ ਕੇ ਜਾਈਂ।
ਤਰਸ ਗਿਆ ਪਰ ਖਾ ਨਾ ਸਕਿਆ,
ਜਿਹੜਾ ਚੂਰੀ, ਸੁਣ ਕੇ ਜਾਈਂ।
ਜਿਸ ਦੇ ਲੇਖੀਂ ਆਏ ਨਾਹੀਂ,
ਦਿਨ ਅੰਗੂਰੀ, ਸੁਣ ਕੇ ਜਾਈਂ।
ਤੁਰ ਨਾ ਸਕਦਾ ਇੱਕ ਕਦਮ ਜੋ,
ਬਿਨ ਮਜ਼ਦੂਰੀ, ਸੁਣ ਕੇ ਜਾਈਂ।
'ਸਿਮਰ' ਕਦੇ ਵੀ ਛੱਡ ਸਕੀ ਨਾ,
ਕਿਉਂ ਮਗ਼ਰੂਰੀ, ਸੁਣ ਕੇ ਜਾਈਂ।

## ਗ਼ਜ਼ਲ
ਗੁਰਵਿੰਦਰ ਸਿੰਘ ਗੋਸਲ

ਅਕਸਰ ਵੇਖਾਂ ਇੱਕ ਦੂਜੇ ਦੀ, ਰਹਿਣ ਬੁਰਾਈ ਕਰਦੇ ਲੋਕ,
ਜਦ ਇਨਸਾਨ ਤਰੱਕੀ ਕਰਦਾ, ਬਿਲਕੁਲ ਵੀ ਨਾ ਜਰਦੇ ਲੋਕ।
ਮਾੜੇ ਬੰਦੇ ਉੱਤੇ ਐਵੇਂ, ਹਰ ਬੰਦਾ ਹੀ ਝਾੜੇ ਰੋਬ,
ਪੈਸੇ ਵਾਲੇ ਬੰਦੇ ਦਾ ਹੀ, ਵੇਖੇ ਪਾਣੀ ਭਰਦੇ ਲੋਕ।
ਸਭ ਦੇ ਰੰਗ ਨੇ ਵੱਖੋ-ਵੱਖਰੇ, ਸਭ ਦੇ ਵੱਖੋ-ਵੱਖ ਸੁਭਾਅ,
ਇੱਕ ਦੂਜੇ ਦੇ ਢੱਕਦੇ ਘੱਟ ਨੇ, ਚੱਕਦੇ ਬਹੁਤੇ ਪੜਦੇ ਲੋਕ।
ਵੱਧ ਦਿਹਾੜੀ ਦੇਣ ਦੀ ਗੱਲ ਤਾਂ, ਰਹਿ ਗਈ ਲੱਖਾਂ ਕੋਹਾਂ ਦੂਰ,
ਮਜ਼ਦੂਰਾਂ ਦਾ ਹੱਕ ਖਾ ਜਾਂਦੇ, ਏਥੇ ਸਰਦੇ ਵਰਦੇ ਲੋਕ।
ਰੱਬ ਦੇ ਨਾਂਅ 'ਤੇ ਕਰ ਕੇ 'ਕੱਠਾ, ਭੋਲੇ ਲੋਕਾਂ ਕੋਲੋਂ ਦਾਨ,
ਚੁੱਪ-ਚੁਪੀਤੇ ਛਕ ਜਾਂਦੇ ਹਨ, ਰੱਬ ਤੋਂ ਵੀ ਨ੍ਹੀਂ ਡਰਦੇ ਲੋਕ।
ਦੇਸ਼ ਮੇਰੇ ਦੀ ਧਰਤੀ ਦਾ ਅੱਜ, ਕਿੰਨਾ ਬਦਤਰ ਹੋਇਆ ਹਾਲ,
ਆਪਣੀ ਮੌਤੇ ਘੱਟ ਤੇ ਜ਼ਿਆਦਾ, ਨਸ਼ਿਆਂ ਕਾਰਨ ਮਰਦੇ ਲੋਕ।
'ਗੋਸਲ' ਆਖਰ ਪਛਤਾਵੇ ਬਿਨ, ਕੁਝ ਨਈਂ ਬਚਣਾ ਉਹਨਾਂ ਕੋਲ,
ਜਿਹੜੇ ਅਪਣੇ ਹੱਕਾਂ ਖਾਤਰ, ਮੂੰਹ ਨਾ ਖੋਲ੍ਹਣ ਡਰਦੇ ਲੋਕ।

## ਚਾਹ ਪੀ ਲਈਏ
ਮਨਜੀਤ ਸਿੰਘ ਬੱਧਣ



ਤੁਰਦੇ ਤੇ ਰੁੱਕਦੇ ਥੱਕ ਰਹੇ ਹਾਂ, ਘੁੱਟ ਚਾਹ ਪੀ ਲਈਏ,
ਕਿੱਧਰੇ ਆਰਾਮ ਤੱਕ ਰਹੇ ਹਾਂ, ਘੁੱਟ ਚਾਹ ਪੀ ਲਈਏ।
ਗੁੜ ਵਾਲੀ ਚਾਹ ਵਿੱਚ ਇਲਾਇਚੀ-ਅਦਰਕ ਵੀ ਹੈ,
ਆਵੇ ਖ਼ੁਸ਼ਬੂ, ਨੇੜੇ ਹੀ ਰਹੀਏ, ਘੁੱਟ ਚਾਹ ਪੀ ਲਈਏ।
ਇਹ ਜਵਾਨੀ, ਗੁਮਾਨੀ ਤੇ ਅੱਖ ਮਸਤਾਨੀ ਦਾ ਅਸਰ,
ਮੁੱਛ 'ਤੇ ਹੱਥ ਤੇ ਜੀ-ਜੀ ਕਹੀਏ, ਘੁੱਟ ਚਾਹ ਪੀ ਲਈਏ।
ਉਮੰਗ ਤੋਂ ਉੱਗਦਾ ਹੈ ਦਿਨ, ਆਸ 'ਤੇ ਅਸਤ ਹੋ ਜਾਵੇ,
ਚੱਲ ਨਸੀਬਾਂ ਨਾਲ ਵੀ ਖਹੀਏ, ਘੁੱਟ ਚਾਹ ਪੀ ਲਈਏ।
ਟੋਟੇ-ਟੋਟੇ ਹੋਇਆ ਵੀ ਝੱਲਾ ਦਿਲ, ਧੜਕ ਰਿਹਾ ਹੈ,
ਲਾ ਕੇ ਕੁਝ ਤੋਪੇ, ਸਿਉਂ ਲਈਏ, ਘੁੱਟ ਚਾਹ ਪੀ ਲਈਏ।
ਇਸ ਪਾਰ ਤੋਂ ਉਸ ਪਾਰ ਹੋ ਜਾਣ ਤੋਂ ਪਹਿਲਾਂ-ਪਹਿਲਾਂ,
ਚੁਸਕੀਆਂ ਨਾਲ ਜੀਅ ਲਈਏ, ਘੁੱਟ ਚਾਹ ਪੀ ਲਈਏ।

## ਗ਼ਜ਼ਲ
ਗੁਰਪ੍ਰੀਤ ਸਿੰਘ ਬਿਲਿੰਗ

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ,
ਹਰ ਰੋਗ, ਹਰ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ।
ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤੱਕ ਪਹੁੰਚ ਜਾਵੇ,
ਮਾਂ ਦੀ ਹੀ ਯਾਦ ਤਪਦੇ ਰਾਹਾਂ 'ਚ ਛਾਂ ਹੁੰਦੀ ਹੈ।
ਮਨੁੱਖ ਭਾਵੇਂ ਹੋ ਜਾਵੇ ਵੱਡਾ, ਚਾਹੇ ਕਿੰਨੀ ਵੀ ਉਮਰ ਦਾ,
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ।
ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ,
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ।
ਮਸਜਿਦਾਂ ਦੀ ਅਜ਼ਾਨ, ਮੰਦਿਰਾਂ ਵਿੱਚ ਹੁੰਦੀ ਆਰਤੀ,
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ।
ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ,
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ ਤੇ ਰਜ਼ਾ ਹੁੰਦੀ ਹੈ।
ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ,
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ।
ਮਾਂ ਮਰ ਕੇ ਵੀ ਨਹੀਂ ਮਰਦੀ, ਹੈ ਗੱਲ ਇਹ ਸੱਚ,
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਸਾਹ ਜਿਉਂਦੀ ਹੈ।

## ਮਿੱਤਰੋ
ਇੰਦਰ ਸਿੰਘ ਮਾਨ

ਇਕੱਲੇ ਮਿੱਤਰੋ
ਕਹਿਣ ਨਾਲ
ਗੱਲ ਨਹੀਂ ਬਣਦੀ
ਮਿੱਤਰਾਂ ਨਾਲ
ਹਰ ਤਰ੍ਹਾਂ ਦੇ
ਦੁੱਖ-ਸੁਖ ਵਿੱਚ
ਨਿਭਣਾ ਪੈਂਦਾ ਹੈ
ਤੁਸੀਂ ਤਾਂ
ਨਿਭਣਾ ਦੂਰ ਦੀ ਗੱਲ
ਉਲਟਾ ਮਿੱਤਰਾਂ ਦਾ
ਲਾਠੀਚਾਰਜ ਨਾਲ
ਸਵਾਗਤ ਕਰਦੇ ਹੋ...!

## ਗ਼ਜ਼ਲ
ਜਸਵਿੰਦਰ ਸਿੰਘ ਰੁਪਾਲ

ਬੇਚੈਨੀ ਤੇ ਘੋਰ ਉਦਾਸੀ,
ਨਿੱਤ ਫੈਲਦੀ ਜਾਏ ਕਿੱਦਾਂ ?
ਕਬਰੀਂ ਬੈਠਾ ਜੀਵਨ ਦਾ ਕੋਈ,
ਗੀਤ ਸੁਹਾਵਾਂ ਗਾਏ ਕਿੱਦਾਂ ?
ਵਿੱਛ ਦੀ ਅੱਗ ਜਵਾਨੀ ਤਾਈਂ,
ਦੇਸਾਂ ਤੋਂ ਪਰਦੇਸ ਲਿਆਈ,
ਚੋਗੇ ਖਾਤਰ ਸੈ ਕੋਹਾਂ ਤੋਂ,
ਸੋਚ ਪਰਿੰਦੇ ਆਏ ਕਿੱਦਾਂ ?
ਪੱਥਰ ਕੁੱਟ ਰਹੀ ਦਾ ਚਿਹਰਾ,
ਸਬਰ ਸ਼ੁਕਰ ਦੀ ਝਲਕ ਦਿਖਾਵੇ,
ਨੈਣਾਂ ਅੰਦਰ ਲੱਖਾਂ ਸੁਫ਼ਨੇ,
ਉਸ ਨੇ ਦੇਖ ਛੁਪਾਏ ਕਿੱਦਾਂ ?
ਬੁੱਢਾ ਬਾਪੂ ਸਮਝ ਸਕੇ ਨਾ,
ਲੁਕਵੀਂ ਸ਼ਕਤੀ ਮੰਡੀ ਵਾਲੀ
ਕਿੱਦਾਂ ਪਨੀਰੀ ਫੈਸ਼ਨ ਵਿੱਚ ਡੋਬੀ,
ਪੁੱਤ ਨਸ਼ੇ 'ਤੇ ਲਾਏ ਕਿੱਦਾਂ ?
ਭੁੱਖਾ ਤਨ ਤਾਂ ਪਿੰਜਰ ਹੋਇਆ,
ਦੇਖ ਹਾਲੇ ਤਕ ਰੂਹ ਜ਼ਿੰਦਾ ਹੈ।
ਮਾਸ ਖੋਰੀਆਂ ਗਿਰਝਾਂ ਨੂੰ ਪਰ,
ਦੇਖਾਂ ਕੋਈ ਬੁਲਾਏ ਕਿੱਦਾਂ ?
ਅੰਬਰ ਤੱਕ ਪਰਵਾਜ਼ ਭਰਾਂ ਮੈਂ,
ਬੱਦਲ ਡਾਢੇ ਨੀਵੇਂ ਰਹਿ ਗਏ
ਤੇਜ਼ ਗੜੇ 'ਤੇ ਝੱਖੜ ਮੈਨੂੰ,
ਦੱਸ ਰੋਕਾਂ ਪਾਏ ਕਿੱਦਾਂ ?
ਹਰ ਪਾਸੇ ਤੋਂ ਨਫ਼ਰਤ ਦਾ
ਨਿਤ ਧੂੰਆਂ ਉੱਪਰ ਉੱਠ ਰਿਹਾ ਹੈ
ਦੇਖ 'ਰੁਪਾਲ' ਇਹ ਸਾਂਝਾ ਵਿਰਸਾ,
ਦਿਲ ਚੋਂ ਦੱਸ ਭੁਲਾਏ ਕਿੱਦਾਂ ?

## ਚੀਖ
ਅਮਰਜੀਤ ਦਸੂਹਾ

ਦਰਦਾਂ ਦੇ ਛਾਲੇ ਉੱਧੜੇ ਪਏ ਨੇ,
ਸਾਹ ਪੀੜਾਂ ਨਾਲ ਉੱਖੜੇ ਪਏ ਨੇ।
ਜ਼ਿੰਦਗੀ ਦੇ ਸਵਾਲ ਉਲਝੇ ਪਏ ਨੇ,
ਜਵਾਬ ਲੇਖਾਂ ਨਾਲ ਰੁੱਸੇ ਪਏ ਨੇ।
ਧਰਤੀ ਦੇ ਪਾਣੀ ਸੁੱਕਦੇ ਪਏ ਨੇ,
ਬਿਰਖ ਵੀ ਜੰਗਲਾਂ 'ਚ ਮੁੱਕਦੇ ਪਏ ਨੇ।
ਕੁੱਖ 'ਚ ਧੀਆਂ ਦੇ ਕਤਲ ਨੇ ਹੁੰਦੇ,
ਕੁਦਰਤ ਅਤੇ ਕਾਦਰ ਗੁੱਸੇ ਪਏ ਨੇ।
ਨੰਗੇ ਤਨ ਪੋਹ ਵਿੱਚ ਠਰਦੇ ਨੇ ਲੋਕ,
ਹਾੜ੍ਹ ਦੀ ਧੁੱਪ ਵਿੱਚ ਸੜਦੇ ਪਏ ਨੇ।
ਕਫ਼ਨ ਕਿਰਤੀਆਂ ਸਿਰ ਬੰਨ੍ਹੇ ਪਏ ਨੇ,
ਹੱਥ ਤਕਦੀਰ ਨਾਲ ਲੜਦੇ ਪਏ ਨੇ।
ਧਨਾਢਾਂ ਦੇ ਢਿੱਡ ਨੇ ਬਾਹਰ ਨੂੰ ਲਟਕੇ,
ਮਜ਼ਲੂਮਾਂ ਦੇ ਚੁੱਲ੍ਹੇ ਬੁਝੇ ਪਏ ਨੇ।
ਵਿਚਾਰੇ ਭੁੱਖ ਨਾਲ ਤਪੇ ਪਏ ਨੇ,
ਪਾਣੀ ਵੀ ਚਿੱਥ ਕੇ ਪੀਂਦੇ ਪਏ ਨੇ।
ਝੱਖੜ ਥੰਮ ਚਾਨਣ ਹੁੰਦੇ ਪਏ ਨੇ,
ਕਲਮ ਅਤੇ ਦਾਤੀ ਸਲਾਹੀਂ ਪਏ ਨੇ।
ਸਾਂਝ ਦੇ ਸਿਰਨਾਵੇਂ ਲਿਖਦੇ ਪਏ ਨੇ,
'ਅਮਰ' ਹੁਣ ਸ਼ਬਦ ਸਹੀ ਰਸਤੇ ਪਏ ਨੇ।

## ਮੁਆਫ਼ੀ ਦਿਓ ਜੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਜੇ ਨਹੀਂ ਕਬੂਲ ਮੇਰੇ ਅਸੂਲ, ਤਾਂ ਮੈਨੂੰ ਮੁਆਫ਼ੀ ਦਿਓ ਜੀ,
ਜੇ ਮੇਰੀ ਗੱਲ ਨਾ ਲੱਗੇ ਸਬੂਲ, ਤਾਂ ਮੈਨੂੰ ਮੁਆਫ਼ੀ ਦਿਓ ਜੀ।
ਮੇਰੀ ਜ਼ਮੀਰ ਨੂੰ ਤੁਹਾਡੇ ਹੁਕਮਾਂ ਤੋਂ, ਸਖ਼ਤ ਹੈ ਨਫ਼ਰਤ,
ਇਸ ਗੁਸਤਾਖ਼ੀ ਲਈ ਹਜ਼ੂਰ, ਮੈਨੂੰ ਮੁਆਫ਼ੀ ਦਿਓ ਜੀ।
ਮਜਬੂਰੀ ਹੈ ਕਿ ਮੈਨੂੰ ਸੱਚੀ ਗੱਲ, ਕਹਿਣੀ ਹੈ ਪੈਂਦੀ,
ਜੇਕਰ ਸੱਚ ਨਹੀਂ ਮਨਜ਼ੂਰ, ਤਾਂ ਮੈਨੂੰ ਮੁਆਫ਼ੀ ਦਿਓ ਜੀ।
ਕੀਮਤ ਘਟਾ ਕੇ ਆਪਣੀ, ਮੈਂ ਜਿਉਣਾ ਨਹੀਂ ਚਾਹੁੰਦਾ,
ਜੇ ਮੈਂ ਲੱਗਾਂ ਤੁਹਾਨੂੰ ਮਗ਼ਰੂਰ, ਤਾਂ ਮੈਨੂੰ ਮੁਆਫ਼ੀ ਦਿਓ ਜੀ।
ਨਾ ਰੱਖਿਓ ਮੈਥੋਂ ਉਮੀਦ, ਕਿਤੇ ਝੁਕ ਜਾਵਣ ਦੀ,
ਜੇ ਮੈਂ ਬਣ ਜਾਵਾਂ ਮਨੂਰ, ਤਾਂ ਮੈਨੂੰ ਮੁਆਫ਼ੀ ਦਿਓ ਜੀ।
ਨਰਕਾਂ ਤੱਕ ਵੀ ਤੁਸੀਂ ਜੇ, ਪਹੁੰਚ ਗਏ ਮੇਰੇ ਪਿੱਛੇ,
ਜੇ ਯਮਰਾਜ ਵੀ ਦਿਸੇ ਕਰੂਰ, ਤਾਂ ਮੈਨੂੰ ਮੁਆਫ਼ੀ ਦਿਓ ਜੀ।
ਸਵਰਗਾਂ ਵਿੱਚ ਤਾਂ ਮੇਰੀ, ਸ਼ਾਇਦ ਨਾ ਹੋਵੇ ਵੁੱਕਤ,
ਜੇ ਧਰਮਰਾਜ ਝਿੜਕੇ ਭਰਪੂਰ, ਤਾਂ ਮੈਨੂੰ ਮੁਆਫ਼ੀ ਦਿਓ ਜੀ।

## ਗ਼ਜ਼ਲ
ਪ੍ਰਤਾਪ 'ਪਾਰਸ' ਗੁਰਦਾਸਪੁਰੀ

ਅੱਜ ਗਵਾ ਕੇ ਕੱਲ੍ਹ ਵਾਸਤੇ ਭਟਕ ਰਿਹਾ ਹੈ ਬੰਦਾ,
ਸੂਲੀ ਉੱਤੇ ਜ਼ਿੰਦਾ ਵੇਖੋ ਲਟਕ ਰਿਹਾ ਹੈ ਬੰਦਾ।
ਖਾਹਸ਼ਾਂ ਅਤੇ ਤ੍ਰਿਸ਼ਨਾਵਾਂ ਨੇ ਪਾ ਕੇ ਰੱਖਿਆ ਘੇਰਾ,
ਗਰਜ਼ਾਂ ਦੇ ਇਹ ਪਿੰਜਰੇ ਪੈ ਕੇ ਖਟਕ ਰਿਹਾ ਹੈ ਬੰਦਾ।
ਖੁਸ਼ੀਆਂ ਵੰਡੇ ਜੀਵਨ ਦੇਵੇ ਰੋਂਦਿਆਂ ਤਾਈਂ ਹਸਾਵੇ,
ਕੈਸੀ ਗੱਲ ਹੈ ਪਰ ਇਸ ਰਾਹ ਤੋਂ ਭਟਕ ਰਿਹਾ ਹੈ ਬੰਦਾ।
ਪਰਬਤ ਤੋੜੇ, ਦਰਿਆਵਾਂ 'ਤੇ ਇਸ ਨੇ ਬੰਨ੍ਹ ਲਗਾਏ,
ਇਸੇ ਕਰਕੇ ਕੁਦਰਤ ਨੂੰ ਵੀ ਖਟਕ ਰਿਹਾ ਹੈ ਬੰਦਾ।
ਜ਼ਹਿਰਾਂ ਬੀਜੇ ਜ਼ਹਿਰਾਂ ਵੰਡੇ ਜ਼ਹਿਰਾਂ ਦੇ ਵਿੱਚ ਰਮਿਆ,
ਫਿਰ ਆਪੇ ਹੀ ਜ਼ਹਿਰ ਰੋਜ਼ਾਨਾ ਗਟਕ ਰਿਹਾ ਹੈ ਬੰਦਾ।
ਇਹ ਵੀ ਸੱਚ ਹੈ ਇਥੋਂ ਤੇਰੇ ਨਾਲ ਨਾ ਕੁਝ ਵੀ ਜਾਣਾ,
ਪਰ 'ਪਾਰਸ' ਇਹ ਸੱਚ ਨੂੰ ਵੇਖੋ ਝਟਕ ਰਿਹਾ ਹੈ ਬੰਦਾ।
ਚੋਰੀ, ਯਾਰੀ, ਠੱਗੀ-ਠੋਰੀ ਕਰਦਾ ਮੂਲ ਨਾ ਡਰਦਾ,
ਸੱਚ ਲੁਕਾ ਕੇ ਕਿੰਨਾ ਬਣ ਇਹ ਚਟਕ ਰਿਹਾ ਹੈ ਬੰਦਾ।

## ਸ਼ਰਧਾ ਦੇ ਫੁੱਲ
ਸੁਖਦੇਵ ਸਿੰਘ ਭੁੱਲੜ

ਅਸੀਂ ਬਾਜ਼ੀਆਂ ਮੋੜਨਾ ਜਾਣਦੇ ਹਾਂ,
ਪੁੱਛ ਸਕਦੇ ਹੋ ਮੁਗ਼ਲ ਦਰਬਾਰ ਕੋਲੋਂ।
ਮੱਸੇ ਰੰਘੜ ਤੋਂ ਜਾਂ ਵਜ਼ੀਦ ਖਾਂ ਤੋਂ,
ਜਾਂ ਫਿਰ ਗੰਗੂ ਤੇ ਚੰਦੂ ਪਰਿਵਾਰ ਕੋਲੋਂ।
ਪੁੱਛ ਵੇਖਿਓ ਕਾਬਲ ਜਾ ਦੁਰਾਨੀਆਂ ਤੋਂ,
ਕਿਵੇਂ ਕੰਬਦੇ ਸੀ ਨਲੂਏ ਸਰਦਾਰ ਕੋਲੋਂ।
ਤੁਸੀਂ ਕਰਿਓ ਪੜਤਾਲ ਲੰਡਨ ਜਾ ਕੇ,
'ਕੱਲੀ-'ਕੱਲੀ ਗੱਲ ਗੋਰੀ ਸਰਕਾਰ ਕੋਲੋਂ।
ਜੇਕਰ ਫਿਰ ਵੀ ਭਰੋਸਾ ਨਾ ਆਇਆ ਤਾਂ,
ਊਧਮ ਸਿੰਘ ਨੂੰ ਯਾਦ ਕਰ ਲੈਣਾ।
ਕਿਵੇਂ ਮਾਰਿਆ ਸੀ ਗੋਰਾ ਸਟੇਜ ਉੱਤੇ,
ਹਾਲ 'ਭੁੱਲੜਾ' ਉਸ ਦਾ ਪੜ੍ਹ ਲੈਣਾ।

## ਗ਼ਜ਼ਲ
ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'

ਧੌਣ ਰਹੀ ਨਾ ਧੜ 'ਤੇ, ਚੜ੍ਹ ਕੇ ਆਏ ਰਾਠ ਨਵਾਬੀ ਦੇ
ਗ਼ੈਰਤ ਵੱਲ ਉਠਾਈ ਉਂਗਲ਼, ਜਿਹਨੇ ਵੱਲ ਪੰਜਾਬੀ ਦੇ।
ਸ਼ੇਰ ਦਹਾੜਨ ਜਦ ਖੜ੍ਹ ਕੇ, ਭਾਜੜ ਜੰਗਲ ਵਿੱਚ ਪੈ ਜਾਂਦੀ
ਫਸਦੇ ਪੈਰ ਨਹੀਂ ਭਾਜੜ ਵਿੱਚ, ਤਿੱਲੇਦਾਰ ਰਕਾਬੀ ਦੇ।
ਕੌਮ ਜੁਝਾਰੂ ਪੰਜਾਬੀ ਨੂੰ, ਵੰਡ ਗਏ ਜਾਤਾਂ ਵਿੱਚ ਵੈਰੀ
ਸ਼ਾਨੋ-ਸ਼ੌਕਤ, ਕਰ 'ਤੇ ਮਿੱਟੀ, ਰੰਗ ਗੁਲਾਬ ਗੁਲਾਬੀ ਦੇ।
ਪੱਥਰ ਵਿੱਚ ਸਜਾ 'ਤਾ, ਰੱਬੀ ਪ੍ਰਕਾਸ਼ ਬ੍ਰਹਿਮੰਡਾਂ ਦਾ
ਪੁੱਠੀ ਖੱਲ ਲੁਹਾ ਪਾ 'ਤੇ ਫਾਹੇ, ਸੋਚ ਇਨਕਲਾਬੀ ਦੇ।
ਲਹਿੰਦਾ-ਚੜ੍ਹਦਾ ਇੱਕ ਹੀ ਸੂਰਜ, ਦਰਿਆਵਾਂ ਦਾ ਪੁੱਤਰ ਹੈ
ਸੁਰ-ਸਰਗਮ ਸੁਣ ਲੈ ਚਾਹੇ, ਮਰਦਾਨੇ ਯਾਰ ਰਬਾਬੀ ਦੇ।
ਕਿਰਦਾਰ ਨਹੀਂ ਹੁੰਦੇ ਬੇਨਸਲੇ, ਬਾਅਦਬ ਲੋਕਾਂ ਦੇ
'ਬਾਲੀ' ਕਾਵਾਂਰੌਲੀ ਵਰਗੇ, ਜਾਣੋ ਕੌਲ ਸ਼ਰਾਬੀ ਦੇ।

## ਬਥੇਰੇ ਦੁੱਖ
ਹਰਭਿੰਦਰ ਸਿੰਘ ਸੰਧੂ

ਦਿਨ ਪੁਰਾਣੇ ਚੇਤੇ ਕਰਕੇ ਲਾਉਂਦੀ ਹੈ ਜਿੰਦ ਝੋਰੇ,
ਕੋਈ ਨਾ ਲੱਭੇ ਵੈਦ ਐਸਾ, ਲੰਘੇ ਪਲ ਜੋ ਮੋੜੇ।
ਜੀਅ ਨਾ ਕਰਦਾ ਹੁੰਦਾ ਟੁੱਟੇ ਰਿਸ਼ਤਾ ਕੋਈ ਪੁਰਾਣਾ,
ਪਰ ਨਹੀਂ ਅੱਖੀਂ ਵੇਖ ਕੇ ਖਾਧੇ ਜਾਂਦੇ ਹੁੰਦੇ ਮਹੁਰੇ।
ਕਈਆਂ ਨੇ ਤਾਂ ਧੀਆਂ ਲੈ ਕੇ ਘੁੱਟ ਸਬਰ ਦੇ ਪੀਤੇ,
ਕਈ ਇੱਕਲੌਤੇ ਪੁੱਤ ਵੀ ਤੁਰਗੇ ਵੱਜੇ ਵੇਖੇ ਲੋਹੜੇ।
ਬਥੇਰੇ ਦੁੱਖ ਹੰਢਾਏ 'ਸੰਧੂ' ਤਕੜਾ ਦਿਲ ਕਰ ਕਰ ਕੇ,
ਉਦੋਂ ਅੱਖ ਨਾ ਜਾਏ ਰੋਕੀ ਜਦੋਂ ਬਾਬਲ ਧੀ ਨੂੰ ਤੋਰੇ।

## ਭਾਰਤੀ ਖੇਡਾਂ ’ਤੇ ਡੋਪਿੰਗ ਦਾ ਕਾਲਾ ਪਰਛਾਵਾਂ

# ਭਾਰਤ ਅੰਦਰ ਡੋਪਿੰਗ ਦੇ ਵਧਦੇ ਕੇਸਾਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

### 5 ਸਾਲਾਂ ’ਚ ਮਾਮਲਿਆਂ ਵਿੱਚ ਰਿਕਾਰਡ ਵਾਧਾ, 59 ਤੋਂ 278 ਤੱਕ ਪੁੱਜਾ ਅੰਕੜਾ

### ਕਈ ਨਾਮਵਰ ਖਿਡਾਰੀ ਲਪੇਟ ’ਚ; ਆਖ਼ਰ ਇਸ ਨਿਘਾਰ ਲਈ ਜ਼ਿੰਮੇਵਾਰ ਕੌਣ ?

ਭਾਰਤੀ ਖੇਡ ਜਗਤ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਾਬੰਦੀਸ਼ੁਦਾ ਦਵਾਈਆਂ ਲੈਣ ਦੇ ਮਾਮਲਿਆਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਇਸ ਕਾਰਨ ਭਾਰਤ ਦੀ ਖੇਡ ਪ੍ਰਣਾਲੀ ਅਤੇ ਐਂਟੀ-ਡੋਪਿੰਗ ਢਾਂਚੇ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਅੰਤਰਰਾਸ਼ਟਰੀ ਪੱਧਰ ’ਤੇ ਭਾਰਤੀ ਖਿਡਾਰੀਆਂ ਦੀ ਸਾਖ ਨੂੰ ਵੱਡਾ ਝਟਕਾ ਲੱਗਿਆ ਹੈ।

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਤਾਜ਼ਾ ਰਿਪੋਰਟ ਅਨੁਸਾਰ ਡੋਪਿੰਗ ਦੇ ਅੰਕੜੇ ਬੇਹੱਦ ਡਰਾਉਣੇ ਹਨ। ਦੇਸ਼ ਵਿੱਚ ਸਾਲ 2020 ਦੌਰਾਨ ਡੋਪਿੰਗ ਦੇ 59 ਮਾਮਲੇ ਸਾਹਮਣੇ ਆਏ ਸਨ। ਸਾਲ 2021 ਵਿੱਚ ਇਹ ਗਿਣਤੀ 51 ਰਹੀ ਸੀ। ਇਸ ਤੋਂ ਬਾਅਦ ਇਹ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਸੀ। ਸਾਲ 2022 ਵਿੱਚ 130 ਮਾਮਲੇ ਦਰਜ ਹੋਏ। ਸਾਲ 2023 ਵਿੱਚ ਇਹ ਗਿਣਤੀ ਵਧ ਕੇ 222 ਤੱਕ ਪਹੁੰਚ ਗਈ ਸੀ। ਸਾਲ 2024 ਵਿੱਚ ਸਾਰੇ ਰਿਕਾਰਡ ਟੁੱਟ ਗਏ ਸਨ ਅਤੇ ਅੰਕੜਾ 278 ਤੱਕ ਪੁੱਜ ਗਿਆ ਸੀ। ਸਾਲ 2025 ਵਿੱਚ ਵੀ 148 ਤੋਂ ਵੱਧ ਖਿਡਾਰੀ ਡੋਪਿੰਗ ਦੇ ਘੇਰੇ ਵਿੱਚ ਆਏ ਸਨ।

ਇਸ ਗੰਭੀਰ ਸਥਿਤੀ ਕਾਰਨ ਅਥਲੈਟਿਕਸ ਇੰਟੈਗਰਿਟੀ ਯੂਨਿਟ ਨੇ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਨੂੰ ‘ਕੈਟਾਗਰੀ-ਏ’ ਵਿੱਚ ਰੱਖ ਦਿੱਤਾ ਹੈ। ਇਹ ਵਰਗੀਕਰਨ ਸਭ ਤੋਂ ਵੱਧ ਜੋਖ਼ਮ ਵਾਲੇ ਦੇਸ਼ਾਂ ਲਈ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਹੁਣ ਭਾਰਤੀ ਅਥਲੀਟਾਂ ’ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਵਿਸ਼ਵ ਐਂਟੀ-ਡੋਪਿੰਗ ਏਜੰਸੀ ਵੀ ਭਾਰਤ ਦੀ ਇਸ ਸਥਿਤੀ ’ਤੇ ਡੂੰਘੀ ਚਿੰਤਾ ਪ੍ਰਗਟਾ ਚੁੱਕੀ ਹੈ।

ਪ੍ਰਮੁੱਖ ਖਿਡਾਰੀ ਜੋ ਆਏ ਡੋਪਿੰਗ ਦੀ ਲਪੇਟ ਵਿੱਚ

ਡੋਪਿੰਗ ਦਾ ਇਹ ਕਾਲਾ ਪਰਛਾਵਾਂ ਸਿਰਫ਼ ਨਵੇਂ ਖਿਡਾਰੀਆਂ ਤੱਕ ਸੀਮਤ ਨਹੀਂ ਰਿਹਾ। ਦੇਸ਼ ਦੇ ਕਈ ਮੰਨੇ-ਪ੍ਰਮੰਨੇ ਅਤੇ ਤਗ਼ਮਾ ਜੇਤੂ ਖਿਡਾਰੀ ਵੀ ਇਸ ਦੀ ਗ੍ਰਿਫ਼ਤ ਵਿੱਚ ਆ ਚੁੱਕੇ ਹਨ:

ਸਾਲ 2016-2018: ਉਲੰਪਿਕ ਜਾਣ ਤੋਂ ਐਨ ਪਹਿਲਾਂ ਪਹਿਲਵਾਨ ਨਰਸਿੰਘ ਯਾਦਵ ਪਾਬੰਦੀਸ਼ੁਦਾ ਸਟੀਰੌਇਡ ਲਈ ਪਾਜ਼ੀਟਿਵ ਪਾਏ ਗਏ ਸਨ ਅਤੇ 4 ਸਾਲ ਦੀ ਪਾਬੰਦੀ ਝੱਲਣੀ ਪਈ ਸੀ। ਇਸੇ ਦੌਰਾਨ ਸ਼ਾਟ ਪੁੱਟ ਅਥਲੀਟ ਇੰਦਰਜੀਤ ਸਿੰਘ ਅਤੇ ਕਈ ਕੌਮੀ ਪੱਧਰ ਦੇ ਭਾਰ ਤੋਲਕ ਡੋਪ ਟੈਸਟ ਵਿੱਚ ਫੇਲ੍ਹ ਹੋਏ ਸਨ।

ਸਾਲ 2021-2022: ਟੋਕੀਓ ਉਲੰਪਿਕਸ ਦੌਰਾਨ ਉਮੀਦ ਜਗਾਉਣ ਵਾਲੀ ਡਿਸਕਸ ਥ੍ਰੋਅਰ ਕਮਲਪ੍ਰੀਤ ਕੌਰ ਡੋਪਿੰਗ




ਵਿੱਚ ਫਸ ਗਈ ਸੀ ਅਤੇ ਉਸ ’ਤੇ ਤਿੰਨ ਸਾਲ ਦੀ ਪਾਬੰਦੀ ਲੱਗੀ ਸੀ। ਇਸੇ ਸਮੇਂ ਏਸ਼ੀਆਈ ਖੇਡਾਂ ਦੀ ਸੋਨ ਤਗ਼ਮਾ ਜੇਤੂ ਦੌੜਾਕ ਐੱਮ.ਆਰ. ਪੂਵੰਮਾ ਵੀ ਡੋਪ ਟੈਸਟ ਵਿੱਚ ਫੇਲ੍ਹ ਸਾਬਤ ਹੋਈ ਸੀ।

ਸਾਲ 2023: ਭਾਰਤ ਦੀ ਸਟਾਰ ਜਿਮਨਾਸਟ ਦੀਪਾ ਕਰਮਾਕਰ ਪਾਬੰਦੀਸ਼ੁਦਾ ਦਵਾਈ ਲੈਣ ਕਾਰਨ 21 ਮਹੀਨਿਆਂ ਦੀ ਪਾਬੰਦੀ ਦਾ ਸ਼ਿਕਾਰ ਰਹੀ ਸੀ। ਇਸੇ ਸਾਲ ਦੌੜਾਕ ਦੁੱਤੀ ਚੰਦ ਨੂੰ ਵੀ ਚਾਰ ਸਾਲਾਂ ਲਈ ਮੁਅੱਤਲ ਕੀਤਾ ਗਿਆ ਸੀ। ਸੰਜੋਗੀਤਾ ਯਾਦਵ ਵਰਗੇ ਕਈ ਵੇਟਲਿਫਟਰ ਵੀ ਇਸ ਸੂਚੀ ਵਿੱਚ ਸ਼ਾਮਲ ਸਨ।

ਸਾਲ 2024-2025: ਰਾਜ ਪੱਧਰੀ ਅਤੇ ਯੂਨੀਵਰਸਿਟੀ ਖੇਡਾਂ ਦੌਰਾਨ ਵੱਡੀ ਗਿਣਤੀ ਵਿੱਚ ਐਥਲੀਟਾਂ ਅਤੇ ਵੇਟਲਿਫਟਰਾਂ ਦੇ ਸੈਂਪਲ ਪਾਜ਼ੀਟਿਵ ਆਏ। ਕਈ ਰਾਸ਼ਟਰੀ ਮੁਕਾਬਲਿਆਂ ਵਿੱਚ ਡੋਪ ਟੈਸਟਿੰਗ ਟੀਮ ਨੂੰ ਵੇਖ ਕੇ ਦੌੜਾਕ ਮੈਦਾਨ ਛੱਡ ਕੇ ਭੱਜਦੇ ਦੇਖੇ ਗਏ ਸਨ।

ਇਸ ਭਿਆਨਕ ਸਥਿਤੀ ਦਾ ਆਖ਼ਰ ਜ਼ਿੰਮੇਵਾਰ ਕੌਣ ਹੈ?

ਖਿਡਾਰੀਆਂ ’ਤੇ ਮੈਡਲ ਜਿੱਤਣ ਦਾ ਭਾਰੀ ਦਬਾਅ ਹੁੰਦਾ ਹੈ। ਨੌਕਰੀ ਅਤੇ ਨਕਦ ਇਨਾਮਾਂ ਦੇ ਲਾਲਚ ਵਿੱਚ ਉਹ ਛੋਟੇ ਰਾਹ ਲੱਭਦੇ ਹਨ।

ਅਗਿਆਨਤਾ ਅਤੇ ਗ਼ੈਰ-ਮਿਆਰੀ ਸਪਲੀਮੈਂਟ: ਬਹੁਤ ਸਾਰੇ ਖਿਡਾਰੀ ਬਿਨਾਂ ਜਾਂਚ ਕੀਤੇ ਪ੍ਰੋਟੀਨ ਅਤੇ ਫੂਡ ਸਪਲੀਮੈਂਟ ਲੈਂਦੇ ਹਨ। ਬਾਜ਼ਾਰ ਵਿੱਚ ਵਿਕਣ ਵਾਲੇ ਕਈ ਸਪਲੀਮੈਂਟਾਂ ਵਿੱਚ ਪਾਬੰਦੀਸ਼ੁਦਾ ਤੱਤ ਰਲੇ ਹੁੰਦੇ ਹਨ। ਖਿਡਾਰੀਆਂ ਤੋਂ ਵੱਧ ਉਨ੍ਹਾਂ ਦੇ ਕੋਚ ਅਤੇ ਜਿੰਮ ਟ੍ਰੇਨਰ ਜ਼ਿੰਮੇਵਾਰ ਹਨ। ਮੈਡਲ ਹਾਸਲ ਕਰਨ ਲਈ ਕਈ ਵਾਰ ਕੋਚ ਹੀ ਖਿਡਾਰੀਆਂ ਨੂੰ ਟੀਕੇ ਅਤੇ ਗੋਲੀਆਂ ਦਿੰਦੇ ਹਨ।

ਪੇਂਡੂ ਅਤੇ ਜ਼ਿਲ੍ਹਾ ਪੱਧਰ ’ਤੇ ਖਿਡਾਰੀਆਂ ਨੂੰ ਐਂਟੀ-ਡੋਪਿੰਗ ਨਿਯਮਾਂ ਦੀ ਸਹੀ ਜਾਣਕਾਰੀ ਨਹੀਂ ਦਿੱਤੀ ਜਾਂਦੀ। ਖੰਘ ਜਾਂ ਬੁਖ਼ਾਰ ਦੀ ਆਮ ਦਵਾਈ ਲੈਣ ਵੇਲੇ ਵੀ ਖਿਡਾਰੀ ਅਣਜਾਣੇ ਵਿੱਚ ਪਾਬੰਦੀਸ਼ੁਦਾ ਸਾਲਟ ਲੈ ਲੈਂਦੇ ਹਨ।

ਨੈਸ਼ਨਲ ਐਂਟੀ-ਡੋਪਿੰਗ ਏਜੰਸੀ (ਨਾਡਾ) ਦਾ ਕਹਿਣਾ ਹੈ ਕਿ ਅੰਕੜੇ ਇਸ ਲਈ ਵਧੇ ਹਨ ਕਿਉਂਕਿ ਹੁਣ ਜਾਂਚ ਅਤੇ ਸੈਂਪਲ ਟੈਸਟਿੰਗ ਬਹੁਤ ਤੇਜ਼ ਕਰ ਦਿੱਤੀ ਗਈ ਹੈ। ਸਰਕਾਰ ਨੇ ‘ਨੈਸ਼ਨਲ ਐਂਟੀ-ਡੋਪਿੰਗ ਐਕਟ 2022’ ਲਾਗੂ ਕੀਤਾ ਹੈ ਤਾਂ ਜੋ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਹੋ ਸਕੇ। ਇਸ ਤੋਂ ਇਲਾਵਾ ਖਿਡਾਰੀਆਂ ਦੀ ਮਦਦ ਲਈ ‘ਨੋਅ ਯੂਅਰ ਮੈਡੀਸਨ’ ਮੋਬਾਈਲ ਐਪ ਸ਼ੁਰੂ ਕੀਤੀ ਗਈ ਹੈ। ਗੁਪਤ ਜਾਣਕਾਰੀ ਦੇਣ ਲਈ ‘ਸਪੀਕ ਅੱਪ’ ਪਲੇਟਫਾਰਮ ਵੀ ਬਣਾਇਆ ਗਿਆ ਹੈ।

ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਸਿਰਫ਼ ਕਾਨੂੰਨ ਬਣਾਉਣ ਨਾਲ ਕੰਮ ਨਹੀਂ ਚੱਲੇਗਾ। ਜ਼ਮੀਨੀ ਪੱਧਰ ’ਤੇ ਕੰਮ ਕਰਨਾ ਹੋਵੇਗਾ। ਕੋਚਾਂ ਅਤੇ ਖੇਡ ਅਕੈਡਮੀਆਂ ਦੀ ਜਵਾਬਦੇਹੀ ਤੈਅ ਕਰਨੀ ਪਵੇਗੀ।

# ਏਸ਼ਿਆਈ ਪੈਰਾ ਖੇਡਾਂ ਵਿੱਚ ਭਾਰਤ ਦੀ ਝੰਡੀ

## ਭਾਰਤੀ ਪੈਰਾ ਖਿਡਾਰੀਆਂ ਨੇ ਜਿੱਤੇ ਰਿਕਾਰਡ 114 ਤਗਮੇ

ਨਾਗੋਆ/ਏ.ਟੀ.ਨਿਊਜ਼ : ਏਸ਼ਿਆਈ ਪੈਰਾ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ 114 ਤਗ਼ਮਿਆਂ ਦੇ ਰਿਕਾਰਡ ਅੰਕੜੇ ਨਾਲ ਆਪਣੀ ਮੁਹਿੰਮ ਦੀ ਸ਼ਾਨਦਾਰ ਸਮਾਪਤੀ ਕੀਤੀ ਹੈ। ਭਾਰਤ ਨੇ 30 ਸੋਨੇ, 35 ਚਾਂਦੀ ਅਤੇ 49 ਕਾਂਸੇ ਦੇ ਤਗ਼ਮੇ ਜਿੱਤ ਕੇ ਤਗ਼ਮਾ ਸੂਚੀ ਵਿੱਚ ਚੌਥਾ ਸਥਾਨ ਹਾਸਲ ਕੀਤਾ ਹੈ। ਇਸ ਵਾਰ ਭਾਰਤ ਦੇ 168 ਖਿਡਾਰੀਆਂ ਨੇ ਹਿੱਸਾ ਲਿਆ ਅਤੇ ਸਾਲ 2023 ਦੀਆਂ ਖੇਡਾਂ ਦੇ 108 ਤਗ਼ਮਿਆਂ (27 ਸੋਨੇ) ਦਾ ਰਿਕਾਰਡ ਤੋੜ ਦਿੱਤਾ। ਮੁਹਿੰਮ ਦੇ ਆਖ਼ਰੀ ਦਿਨ ਨਿਸ਼ਾਨੇਬਾਜ਼ੀ, ਤੀਰਅੰਦਾਜ਼ੀ, ਬੈਡਮਿੰਟਨ ਅਤੇ ਐਥਲੈਟਿਕਸ ’ਚੋਂ ਰਿਕਾਰਡ ਨੌਂ ਸੋਨ ਤਗ਼ਮੇ ਆਏ। ਐਥਲੈਟਿਕਸ ਵਿੱਚ ਭਾਰਤ ਨੇ 65 ਤਗ਼ਮੇ ਜਿੱਤੇ। ਪੁਰਸ਼ਾਂ ਦੇ 400 ਮੀਟਰ ਟੀ64 ਮੁਕਾਬਲੇ ਵਿੱਚ ਸੰਦੀਪ ਨੇ 52.28 ਸਕਿੰਟ ਅਤੇ ਜੈਵਲਿਨ ਥਰੋਅ ਐੱਫ37/38 ਵਿੱਚ ਹਨੀ ਨੇ 60.49 ਮੀਟਰ ਦੂਰ ਨੇਜ਼ਾ ਸੁੱਟ ਕੇ ਆਲਮੀ ਰਿਕਾਰਡ ਬਣਾਉਂਦਿਆਂ ਸੋਨੇ ਦੇ ਤਗ਼ਮੇ ਜਿੱਤੇ।



400 ਮੀਟਰ ਵਿੱਚ ਅਜੈ ਕੁਮਾਰ ਨੇ 53.61 ਸਕਿੰਟ ਨਾਲ ਕਾਂਸੇ ਦਾ ਤਗ਼ਮਾ ਜਿੱਤਿਆ। ਸੁਮਿਤ ਅੰਤਿਲ ਨੇ ਜੈਵਲਿਨ ਥਰੋਅ ਐੱਫ 42-44/61-64 ਵਿੱਚ 72.46 ਮੀਟਰ ਦੀ ਥਰੋਅ ਨਾਲ ਲਗਾਤਾਰ ਦੂਜੀ ਵਾਰ ਸੋਨਾ ਜਿੱਤਿਆ। ਇਸੇ ਵਰਗ ਵਿੱਚ ਮਹਿੰਦਰ ਗੁੱਜਰ ਨੇ ਚਾਂਦੀ ਅਤੇ ਸੰਜੈ ਸੰਦੀਪ ਨੇ ਕਾਂਸੇ ਦਾ ਤਗ਼ਮਾਂ ਜਿੱਤਿਆ। ਕਲੱਬ ਥਰੋਅ ਵਿੱਚ ਪ੍ਰਣਵ ਸੂਰਮਾ ਨੇ 32.87 ਮੀਟਰ ਦੇ ਰਿਕਾਰਡ ਨਾਲ ਸੋਨਾ, ਜਦਕਿ ਮਹਿਲਾ ਲੰਮੀ ਛਾਲ ਟੀ47 ਵਿੱਚ ਨਿਮਿਸ਼ਾ ਅਤੇ 1500 ਮੀਟਰ ਟੀ46 ਦੌੜ ਵਿੱਚ ਪ੍ਰਮੋਦ ਬਿਜਾਰਨੀਆ ਨੇ ਚਾਂਦੀ ਦੇ ਤਗ਼ਮੇ ਜਿੱਤੇ। ਬੈਡਮਿੰਟਨ ਵਿੱਚ ਪੁਰਸ਼ ਸਿੰਗਲਜ਼ ਐੱਸ ਐੱਲ3 ਦੇ ਫਾਈਨਲ ਵਿੱਚ ਨਿਤੇਸ਼ ਕੁਮਾਰ ਨੇ ਪ੍ਰਮੋਦ ਭਗਤ ਨੂੰ ਹਰਾ ਕੇ ਸੋਨਾ ਅਤੇ ਪ੍ਰਮੋਦ ਨੇ ਚਾਂਦੀ ਜਿੱਤੀ। ਐੱਸ ਐੱਲ4 ਵਿੱਚ ਨਵੀਨ ਸਿਵਕੁਮਾਰ ਨੇ ਸੋਨ ਤਗ਼ਮਾ ਹਾਸਲ ਕੀਤਾ। ਮਹਿਲਾ ਡਬਲਜ਼ ਐੱਸ ਐੱਲ3-ਐੱਸ ਯੂ5 ਵਿੱਚ ਤੁਲਸੀਮਤੀ ਮੁਰੂਗੇਸਨ ਅਤੇ ਮਾਨਸੀ ਜੋਸ਼ੀ ਨੇ ਚੀਨ ਦੀ ਜੋੜੀ ਨੂੰ ਹਰਾ ਕੇ ਸੋਨਾ ਜਿੱਤਿਆ। ਤੁਲਸੀਮਤੀ ਨੇ ਮਹਿਲਾ ਸਿੰਗਲਜ਼ ਅਤੇ ਨਿਤੇਸ਼ ਨਾਲ ਮਿਕਸਡ ਡਬਲਜ਼ ਵਿੱਚ ਦੋ ਚਾਂਦੀ ਦੇ ਤਗ਼ਮੇ ਵੀ ਜਿੱਤੇ। ਨਿਸ਼ਾਨੇਬਾਜ਼ੀ ਦੇ ਮਹਿਲਾ 50 ਮੀਟਰ ਰਾਈਫਲ 3 ਪੁਜ਼ੀਸ਼ਨ ਐੱਸ ਐੱਚ1 ਮੁਕਾਬਲੇ ਵਿੱਚ ਮੋਨਾ ਅਗਰਵਾਲ ਨੇ 357.5 ਅੰਕਾਂ ਦੇ ਸੰਸਾਰ ਰਿਕਾਰਡ ਨਾਲ ਆਪਣਾ ਦੂਜਾ ਸੋਨ ਤਗ਼ਮਾ ਜਿੱਤਿਆ।

ਤੀਰਅੰਦਾਜ਼ੀ ਵਿੱਚ ਹਰਵਿੰਦਰ ਸਿੰਘ ਅਤੇ ਵਿਜੈ ਸੁੰਦੀ ਦੀ ਜੋੜੀ ਨੇ ਚੀਨ ਨੂੰ 5-1 ਨਾਲ ਹਰਾ ਕੇ ਪੁਰਸ਼ ਡਬਲਜ਼ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ, ਜਦਕਿ ਮਹਿਲਾ ਡਬਲਜ਼ ਵਿੱਚ ਭਾਵਨਾ ਚੌਧਰੀ ਅਤੇ ਪੂਜਾ ਜਾਤਿਆਨ ਨੂੰ ਚਾਂਦੀ ਮਿਲੀ। ਤੈਰਾਕੀ ਵਿੱਚ ਭਾਰਤ ਨੇ 3 ਚਾਂਦੀ ਅਤੇ 8 ਕਾਂਸੇ ਸਮੇਤ 11 ਤਗ਼ਮੇ ਜਿੱਤੇ। ਨੇਤਰਹੀਣ ਹਿਮਾਂਸ਼ੂ ਨੰਦਲ ਨੇ ਕਾਂਸੇ ਦਾ ਤਗ਼ਮਾ ਜਿੱਤ ਕੇ ਆਪਣੀ ਹੈਟ੍ਰਿਕ ਪੂਰੀ ਕੀਤੀ।




## ਪੰਜਾਬ ਵਿੱਚ ਮੁੜ ਤੋਂ ਕੌਮਾਂਤਰੀ ਟੂਰਨਾਮੈਂਟ ਕਰਵਾਏ ਜਾਣ: ਮਨਪ੍ਰੀਤ ਸਿੰਘ



ਜਲੰਧਰ/ਏ.ਟੀ.ਨਿਊਜ਼: ਭਾਰਤ ਲਈ ਸਭ ਤੋਂ ਵੱਧ ਮੈਚ ਖੇਡਣ ਵਾਲੇ ਹਾਕੀ ਖਿਡਾਰੀ ਮਨਪ੍ਰੀਤ ਸਿੰਘ ਪਿੰਨੀ ਦੀਆਂ ਮਾਸਪੇਸ਼ੀਆਂ (ਕਾਫ਼ ਮਸਲ-ਪਿੰਡਲੀ) ਵਿੱਚ ਸੱਟ ਲੱਗਣ ਕਾਰਨ ਆਗਾਮੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਨਹੀਂ ਖੇਡ ਸਕਣਗੇ। ਉਨ੍ਹਾਂ ਦੇ ਬਾਹਰ ਹੋਣ ਨਾਲ ਉਨ੍ਹਾਂ ਪ੍ਰਸ਼ੰਸਕਾਂ ਨੂੰ ਵੱਡਾ ਝਟਕਾ ਲੱਗਿਆ ਹੈ, ਜੋ ਇਸ ਟੂਰਨਾਮੈਂਟ ਵਿੱਚ ਉਨ੍ਹਾਂ ਦੀ ਇਤਿਹਾਸਕ ਅੱਠਵੀਂ ਹਾਜ਼ਰੀ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਮਨਪ੍ਰੀਤ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਅੱਠ ਐਡੀਸ਼ਨਾਂ ਵਿੱਚ ਖੇਡਣ ਵਾਲੇ ਏਸ਼ੀਆ ਦੇ ਪਹਿਲੇ ਖਿਡਾਰੀ ਬਣਨ ਦਾ ਨਵਾਂ ਰਿਕਾਰਡ ਬਣਾਉਣ ਦੇ ਬਿਲਕੁਲ ਨੇੜੇ ਸਨ। ਇਹ ਟੂਰਨਾਮੈਂਟ ਹੁਣ ਆਪਣੇ ਨੌਂਵੇਂ ਐਡੀਸ਼ਨ ਵਿੱਚ ਪ੍ਰਵੇਸ਼ ਕਰਨ ਜਾ ਰਿਹਾ ਹੈ। ਇਸ ਹੋਣਹਾਰ ਮਿਡਫੀਲਡਰ ਲਈ ਇਹ ਟੂਰਨਾਮੈਂਟ ਇਸ ਲਈ ਵੀ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਉਨ੍ਹਾਂ ਨੇ ਸਾਲ 2011 ਵਿੱਚ ਚੀਨ ਵਿੱਚ ਹੋਏ ਇਸ ਦੇ ਪਹਿਲੇ ਐਡੀਸ਼ਨ ਤੋਂ ਹੀ ਆਪਣੇ ਸਫ਼ਰ ਦੀ ਸ਼ੁਰੂਆਤ ਕੀਤੀ ਸੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਪ੍ਰੀਤ ਨੇ ਟੂਰਨਾਮੈਂਟ ਤੋਂ ਬਾਹਰ ਹੋਣ ’ਤੇ ਡੂੰਘੀ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਿੱਚ ਆਪਣੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਖੇਡਣ ਦਾ ਇੱਕ ਸੁਨਹਿਰੀ ਮੌਕਾ ਸੀ।

ਉਨ੍ਹਾਂ ਕਿਹਾ, ਇਹ ਬਹੁਤ ਵੱਡੀ ਨਿਰਾਸ਼ਾ ਵਾਲੀ ਗੱਲ ਹੈ। ਮੇਰੇ ਲਈ ਆਪਣੇ ਘਰੇਲੂ ਮੈਦਾਨ ’ਤੇ ਖੇਡਣ ਦਾ ਇਹ ਇੱਕ ਵੱਡਾ ਮੌਕਾ ਸੀ, ਪਰ ਹੁਣ ਮੈਂ ਨਹੀਂ ਖੇਡ ਸਕਾਂਗਾ। ਇਹ ਉਹੀ ਥਾਂ ਹੈ ਜਿੱਥੇ ਮੈਂ ਹਾਕੀ ਖੇਡਣਾ ਸ਼ੁਰੂ ਕੀਤਾ ਸੀ, ਇਸ ਲਈ ਮੈਂ ਬਹੁਤ ਉਤਸ਼ਾਹਿਤ ਸੀ। ਮੈਨੂੰ ਨਹੀਂ ਪਤਾ ਕਿ ਅਜਿਹਾ ਮੌਕਾ ਮੈਨੂੰ ਦੁਬਾਰਾ ਕਦੋਂ ਮਿਲੇਗਾ।

ਇਸ ਦੇ ਨਾਲ ਹੀ ਮਨਪ੍ਰੀਤ ਨੇ ਪੰਜਾਬ ਸਰਕਾਰ ਨੂੰ ਸੂਬੇ ਵਿੱਚ ਹੋਰ ਕੌਮਾਂਤਰੀ ਹਾਕੀ ਟੂਰਨਾਮੈਂਟ ਕਰਵਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ, ‘ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਾਂਗਾ ਕਿ ਸੂਬੇ ਵਿੱਚ ਮੁੜ ਤੋਂ ਕੌਮਾਂਤਰੀ ਟੂਰਨਾਮੈਂਟ ਕਰਵਾਏ ਜਾਣ ਤਾਂ ਜੋ ਮੈਨੂੰ ਵੀ ਇੱਥੇ ਆਪਣੇ ਲੋਕਾਂ ਦੇ ਸਾਹਮਣੇ ਖੇਡਣ ਦਾ ਮੌਕਾ ਮਿਲ ਸਕੇ।

# ਕਵੀਸ਼ਰੀ, ਗਾਇਕੀ ਤੇ ਫ਼ਿਲਮਾਂ ਦੀ ਜਿੰਦਜਾਨ

# ਹਰਭਜਨ ਮਾਨ

**ਨਵਦੀਪ ਸਿੰਘ ਗਿੱਲ**

ਹਰਭਜਨ ਮਾਨ ਪਿਛਲੇ ਚਾਰ ਦਹਾਕਿਆਂ ਤੋਂ ਕਵੀਸ਼ਰੀ, ਗਾਇਕੀ ਤੇ ਅਦਾਕਾਰੀ ਦੇ ਖੇਤਰ ਵਿੱਚ ਛਾਇਆ ਹੋਇਆ ਹੈ। ਉਹ ਸ਼੍ਰੋਮਣੀ ਕਵੀਸ਼ਰ ਕਰਨੈਲ ਪਾਰਸ ਦਾ ਵਾਰਿਸ ਹੈ ਅਤੇ ਸਦਾਬਹਾਰ ਗੀਤਕਾਰ ਬਾਬੂ ਸਿੰਘ ਮਾਨ ਨੂੰ ਆਪਣਾ ਰਾਹ ਦਸੇਰਾ ਮੰਨਦਾ ਹੈ। ਕਵੀਸ਼ਰੀ, ਗਾਇਕੀ ਤੇ ਫ਼ਿਲਮਾਂ ਦੀ ਉਹ ਜਿੰਦਜਾਨ ਹੈ ਅਤੇ ਅਖਾੜਾ ਗਾਇਕੀ ਵਿੱਚ ਉਸ ਦਾ ਕੋਈ ਸਾਨੀ ਨਹੀਂ। ਤੜਕ-ਭੜਕ, ਲੱਚਰ, ਫ਼ੁਕਰਪੁਣੇ, ਹਥਿਆਰਾਂ ਤੇ ਨਸ਼ਿਆਂ ਦੇ ਰਾਹ ਪਾਉਣ ਵਾਲੇ ਗਾਇਕਾਂ ਦੀ ਭੀੜ ਤੋਂ ਉਹ ਮੀਲਾਂ ਦੂਰ ਹੈ। ਸਾਰਥਿਕ, ਰਵਾਇਤੀ, ਪਰਿਵਾਰਕ, ਅਰਥ ਭਰਪੂਰ ਗਾਇਕੀ ਦੇ ਚਾਹਵਾਨ ਸਰੋਤਿਆਂ ਦਾ ਉਹ ਚਹੇਤਾ ਕਲਾਕਾਰ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਖੇਮੂਆਣਾ ਦੇ ਜੰਮਪਲ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ 1976-77 ਵਿੱਚ ਬਾਲੜੀ ਉਮਰੇ ਆਪਣੇ ਪਿਤਾ ਹਰਨੇਕ ਸਿੰਘ ਮਾਨ ਦੇ ਪ੍ਰਭਾਵ ਹੇਠ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਕਵੀਸ਼ਰੀ ਜਥੇ ਨੂੰ ਦੇਖਦਿਆਂ ਕਵੀਸ਼ਰੀ ਗਾਉਣੀ ਸ਼ੁਰੂ ਕੀਤੀ। ਪਾਰਸ ਦੀ ਛੂਹ ਨਾਲ ਹੀ ਹਰਭਜਨ ਦੀ ਗਾਇਕੀ ਤਰਾਸ਼ੀ ਗਈ ਤੇ ਉਹ ਸੱਚਮੁੱਚ ਸੋਨਾ ਬਣ ਗਿਆ। ਹਰਭਜਨ ਦੀ ਰਹਿਣੀ-ਬਹਿਣੀ, ਉੱਠਣੀ ਆਦਿ ਸਭ ਉੱਪਰ ਪਾਰਸ ਦਾ ਹੀ ਪ੍ਰਭਾਵ ਹੈ। ਇਸੇ ਲਈ ਉਹ ਸੰਵੇਦਨਸ਼ੀਲ ਵੀ ਹੈ ਤੇ ਚੇਤੰਨ ਦਿਮਾਗ਼ ਵਾਲਾ ਵੀ। 'ਹੰਸਾਂ ਦੀ ਜੋੜੀ' ਤੇ 'ਭਗਤ ਸਿੰਘ ਦੀ ਘੋੜੀ' ਦੀ ਕਵੀਸ਼ਰੀ ਤੋਂ ਗਾਇਕੀ ਦੇ ਸਫ਼ਰ ਦਾ ਆਗਾਜ਼ ਕਰਨ ਵਾਲੇ ਮਾਨ ਭਰਾਵਾਂ ਵਿੱਚੋਂ ਵੱਡਾ ਹਰਭਜਨ 90ਵਿਆਂ ਦੇ ਮੁੱਢ ਵਿੱਚ ਮਾਂ-ਪੁੱਤ ਦੇ ਰਿਸ਼ਤੇ ਦੀ ਤਰਜ਼ਮਾਨੀ ਕਰਦੇ ਗੀਤ 'ਚਿੱਠੀਏ ਨੀਂ ਚਿੱਠੀਏ' ਨਾਲ ਹਰ ਪੰਜਾਬੀ ਦਾ ਅਜਿਹਾ ਚਹੇਤਾ ਹੋਇਆ ਕਿ ਅੱਜ ਉਹ ਪੰਜਾਬੀ ਗਾਇਕੀ ਦੇ ਅੰਬਰ ਉਤੇ ਹੈ। ਮਕਬੂਲੀਅਤ ਦਾ ਸਿਖਰ ਉਸ ਨੇ ਭਾਵੇਂ 1992 ਵਿੱਚ ਆਈ 'ਚਿੱਠੀਏ ਨੀਂ ਚਿੱਠੀਏ' ਰਾਹੀਂ ਛੋਹਿਆ, ਪਰ ਉਸ ਦੀ ਪਹਿਲੀ ਐਲਬਮ 1988 ਵਿੱਚ 'ਇਸ਼ਕ ਦੇ ਮਾਮਲੇ' ਆਈ ਸੀ ਜਿਹੜੀ ਬਾਪੂ ਪਾਰਸ ਵੱਲੋਂ ਲਿਖੇ ਪ੍ਰਸਿੱਧ ਕਿੱਸਿਆਂ 'ਤੇ ਆਧਾਰਿਤ ਸੀ।

ਹਰਭਜਨ ਨੇ ਜ਼ਿਆਦਾਤਰ ਗੀਤ ਕਰਨੈਲ ਪਾਰਸ ਅਤੇ ਬਾਬੂ ਸਿੰਘ ਮਾਨ 'ਮਰਾੜ੍ਹਾਂ ਵਾਲੇ' ਦੇ ਲਿਖੇ ਹੀ ਗਾਏ ਹਨ। ਉਸ ਦੀ ਗਾਇਕੀ ਵਿੱਚ ਰਿਸ਼ਤਿਆਂ ਦੀ ਅਪਣੱਤ, ਲੋਕ ਤੱਤ, ਜ਼ਿੰਦਗੀ ਦੇ ਕੌੜੇ ਸੱਚ, ਲੋਕ ਗਾਥਾਵਾਂ, ਤਰਕ ਭਰਪੂਰ ਮੁੱਖ ਵਿਸ਼ਾ ਰਹੇ ਹਨ। ਉਸ ਦੀ ਆਵਾਜ਼ ਵਿੱਚ ਢਾਡੀ ਕਵੀਸ਼ਰਾਂ ਵਾਲੀ ਬੁਲੰਦੀ ਦੇ ਨਾਲ ਹਉਕਾ ਵੀ ਹੈ ਤੇ ਦਰਦ ਵੀ। ਉਹ ਮਹਿਜ਼ 10 ਵਰ੍ਹਿਆਂ ਦਾ ਸੀ, ਜਦੋਂ ਉਸ ਦੀ ਮਾਤਾ ਅਕਾਲ ਚਲਾਣਾ ਕਰ ਗਈ। 'ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ' ਗਾਉਂਦਾ ਹੋਇਆ ਉਹ ਆਪਣਾ ਦਰਦ ਬੋਲਾਂ ਰਾਹੀਂ ਬਿਆਨਦਾ ਹੈ। ਮਾਂ ਦੇ ਰਿਸ਼ਤੇ ਬਾਰੇ ਗਾਏ ਉਸ ਦੇ ਗੀਤ ਕੁਲਦੀਪ ਮਾਣਕ ਦੇ 'ਮਾਂ ਹੁੰਦੀ ਹੈ ਮਾਂ ਓ ਦੁਨੀਆ ਵਾਲਿਓ' ਤੋਂ ਬਾਅਦ ਸਭ ਤੋਂ ਵੱਧ ਮਕਬੂਲ ਹੋਏ। 'ਬਾਬੁਲ ਮੇਰੀਆਂ ਗੁੱਡੀਆਂ ਤੇਰੇ ਘਰ ਰਹਿ ਗਈਆਂ', 'ਰੋਂਦੀ ਕੂੰਜ ਵਿੱਛੜ ਕੇ ਡਾਰੋਂ' ਅਤੇ 'ਅੰਬੀ ਦਾ ਬੂਟਾ' ਗੀਤ ਧੀ ਦੀ ਡੋਲੀ ਦੇ ਤੁਰ ਜਾਣ ਤੋਂ ਬਾਅਦ ਮਾਪਿਆਂ ਅਤੇ ਧੀ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਦੇ ਹਨ।

ਵਿਜੇ ਧੰਮੀ ਦਾ ਲਿਖਿਆ ਗੀਤਾ 'ਆ ਸੋਹਣਿਆ ਵੇ ਜੱਗ ਜਿਉਂਦਿਆਂ ਦੇ ਮੇਲੇ' ਤਾਂ ਹਰਭਜਨ ਦੀ ਆਵਾਜ਼ ਵਿੱਚ ਰਿਕਾਰਡ ਹੋਣ ਤੋਂ ਬਾਅਦ ਲੋਕ ਗੀਤ ਹੀ ਬਣ ਗਿਆ। 'ਜੱਗ ਜੰਕਸ਼ਨ ਰੇਲਾਂ ਦਾ' ਤੋਂ ਲੈ ਕੇ 'ਮੌਤ ਦੀ ਕਲੀ', 'ਚਹੁੰ ਕੁ ਦਿਨਾਂ ਦਾ ਮੇਲਾ', 'ਮਾਨਾਂ ਮਾਰ ਜਾਣਾ, ਪਿੱਛੇ ਯਾਦਾਂ ਰਹਿ ਜਾਣੀਆਂ' ਅਤੇ 'ਗੁੱਝੇ ਨੇਤਰ' ਆਦਿ ਗੀਤਾਂ ਨਾਲ ਜ਼ਿੰਦਗੀ ਦੀਆਂ ਅਟਲ ਸੱਚਾਈਆਂ ਅਤੇ ਜਨਮ-ਮੌਤ ਨੂੰ ਪੇਸ਼ ਕੀਤਾ। 'ਮੈਂ ਪੰਜਾਬ ਬੋਲਦਾ ਹਾਂ' ਜਿਹੇ ਗੀਤ ਉਸ ਦੇ ਪੰਜਾਬ ਪ੍ਰਤੀ ਫ਼ਿਕਰ ਦੀ ਗਵਾਹੀ ਭਰਦੇ ਹਨ। ਲੋਕ ਤੱਥਾਂ ਵਾਲਾ ਉਸ ਦੀ ਫ਼ਿਲਮ ਵਿਚਲਾ ਇੱਕ ਗੀਤ 'ਤਿੰਨ ਰੰਗ ਨਹੀਂ ਲੱਭਣੇ' ਤਾਂ ਡੀਜੇ ਵਾਲਿਆਂ ਦਾ ਸ਼ਿੰਗਾਰ ਹੀ ਬਣ ਗਿਆ। 'ਸਾਨੂੰ ਬੜਾ ਪਿਆਰਾ ਲੱਗਦਾ ਹੈ ਤੇਰੇ ਵਾਲਾਂ ਵਿਚਲਾ ਚੀਰ ਕੁੜੇ' ਗੀਤ ਰਾਹੀਂ ਉਸ ਨੇ ਵਹਿਮਾਂ ਭਰਮਾਂ 'ਤੇ ਵਿਅੰਗ ਕੀਤਾ ਹੈ। 'ਭਿੱਜ ਗਈ ਕੁੜਤੀ ਲਾਲ' ਗੀਤ 1990 ਦੇ ਸਮੇਂ ਦੇ ਮਕਬੂਲ ਪੌਪ ਗੀਤਾਂ ਵਿੱਚੋਂ ਇੱਕ ਹੈ। 'ਗੱਲ੍ਹਾਂ ਗੋਰੀਆਂ', 'ਲਾਲਾ ਲਾਲਾ ਲਾਲਾ', 'ਲਾਲੀ', 'ਹਾਏ ਮੇਰੀ ਬਿੱਲੋ' ਜਿਹੇ ਗੀਤਾਂ ਨੇ ਉਸ ਨੂੰ ਪੌਪ ਗਾਇਕੀ ਦੇ ਖੇਤਰ ਵਿੱਚ ਵੀ ਮੋਹਰੀ ਬਣਾਇਆ।

ਆਪਣੀ ਗਾਇਕੀ ਦੇ ਸਫ਼ਲ ਸਫ਼ਰ ਦੌਰਾਨ 'ਸਤਰੰਗੀ ਪੀਂਘ' ਟਾਈਟਲ ਹੇਠ ਹਰਭਜਨ ਤੇ ਗੁਰਸੇਵਕ ਦੀਆਂ ਆਈਆਂ ਐਲਬਮਾਂ ਉਸ ਦੀ ਕਵੀਸ਼ਰੀ ਪ੍ਰਤੀ ਪ੍ਰਤੀਬੱਧਤਾ ਜ਼ਾਹਰ ਕਰਦੀਆਂ ਹਨ। ਹਰਭਜਨ ਦੀ ਗਾਇਕੀ ਵਿੱਚ ਧਾਰਮਿਕ ਪੱਖ ਵੀ ਬਹੁਤ ਅਹਿਮ ਹੈ। ਕੁਝ ਸਾਲ ਪਹਿਲਾਂ ਜਦੋਂ ਉਸ ਨੇ ਮਨਪ੍ਰੀਤ ਟਿਵਾਣਾ ਵੱਲੋਂ ਲਿਖਿਆ ਗੀਤ 'ਲੋਕੋਂ ਆਪਣੇ ਬੱਚਿਆਂ ਨੂੰ ਸਰਹਿੰਦ ਵਿਖਾ ਕੇ ਲਿਆਓ' ਗਾਇਆ। ਉਸ ਨੇ ਤਿੰਨ ਧਾਰਮਿਕ ਕੈਸੇਟਾਂ 'ਪੰਥ ਤੇਰੇ ਦੀਆਂ ਗੂੰਜਾਂ', 'ਰਾਜ ਕਰੇਗਾ ਖ਼ਾਲਸਾ' ਤੇ 'ਅੰਮ੍ਰਿਤ ਦਾ ਬਾਟਾ' ਵੀ ਸੰਗਤਾਂ ਦੀ ਝੋਲੀ ਪਾਈਆਂ।

ਕਵੀਸ਼ਰੀ ਤੇ ਗਾਇਕੀ ਵਿੱਚ ਲੋਹਾ ਮਨਵਾਉਣ ਤੋਂ ਬਾਅਦ ਜਦੋਂ ਉਸ ਨੇ ਫ਼ਿਲਮਾਂ ਵੱਲ ਰੁਖ਼ ਕੀਤਾ ਤਾਂ ਪੰਜਾਬੀ ਸਿਨੇਮਾ ਦੀ ਨੁਹਾਰ ਹੀ ਬਦਲ ਦਿੱਤੀ। ਕਰੀਬ ਵੀਹ ਸਾਲ ਪਹਿਲਾਂ ਜਦੋਂ ਪੰਜਾਬੀ ਸਿਨੇਮਾ ਆਪਣੀ ਨਿਵਾਣ 'ਤੇ ਸੀ ਤਾਂ ਉਸ ਨੇ 'ਜੀ ਆਇਆਂ ਨੂੰ' ਫ਼ਿਲਮ ਰਾਹੀਂ ਦਰਸ਼ਕਾਂ ਨੂੰ ਮੁੜ ਸਿਨੇਮਾ ਵੱਲ ਜੋੜਿਆ। 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਮਿੱਟੀ ਵਾਜ਼ਾਂ ਮਾਰਦੀ', 'ਮੇਰਾ ਪਿੰਡ ਮਾਈ ਹੋਮ', 'ਜੱਗ ਜਿਉਂਦਿਆਂ ਦੇ ਮੇਲੇ', 'ਹੀਰ ਰਾਂਝਾ', 'ਯਾਰਾ ਓ ਦਿਲਦਾਰਾ', 'ਹਾਨੀ', 'ਗੱਦਾਰ: ਦਿ ਟਰੇਟਰ', 'ਸਾਡੇ ਸੀ.ਐੱਮ. ਸਾਬ੍ਹ', 'ਪੀ.ਆਰ.' ਆਦਿ ਲਗਾਤਾਰ ਦਰਜਨਾਂ ਹਿੱਟ ਫ਼ਿਲਮਾਂ ਨਾਲ ਪੰਜਾਬੀ ਸਿਨੇਮਾ ਨੂੰ ਅਜਿਹਾ ਖੜ੍ਹਾ ਕੀਤਾ ਕਿ ਅੱਜ ਬੌਲੀਵੁੱਡ ਵਾਲੇ ਕੋਈ ਫ਼ਿਲਮ ਰਿਲੀਜ਼ ਕਰਨ ਤੋਂ ਪਹਿਲਾਂ ਪੰਜਾਬੀ ਫ਼ਿਲਮ ਵੱਲ ਨਜ਼ਰ ਰੱਖਦੇ ਹਨ। ਅੱਜ ਹਰ ਹਫ਼ਤੇ ਔਸਤਨ ਇੱਕ ਪੰਜਾਬੀ ਫ਼ਿਲਮ ਰਿਲੀਜ਼ ਹੋ ਰਹੀ ਹੈ।

ਹਰਭਜਨ ਮਾਨ ਵੱਲੋਂ ਹੁਣ ਆਪਣੇ ਪੁੱਤਰ ਅਵਕਾਸ਼ ਮਾਨ ਨੂੰ ਫ਼ਿਲਮ ਖੇਤਰ ਵਿੱਚ ਉਤਾਰਿਆ ਗਿਆ ਹੈ। ਉਸ ਦੀ ਪਹਿਲੀ ਫ਼ਿਲਮ 'ਇਹ ਦਿਨ ਰੋਜ਼ ਨੀ ਆਉਣੇ' ਪਿਛਲੇ ਦਿਨੀਂ ਰਿਲੀਜ਼ ਹੋਈ ਹੈ ਜਿਸ ਵਿੱਚ ਅਵਕਾਸ਼ ਮਾਨ ਬਤੌਰ ਹੀਰੋ ਅਤੇ ਹਰਭਜਨ ਮਾਨ ਕਰੈਕਟਰ ਹੀਰੋ ਵਜੋਂ ਆਇਆ ਹੈ। ਹਰਭਜਨ ਮਾਨ ਨੇ ਇਸ ਫ਼ਿਲਮ ਦੇ ਟਰੇਲਰ ਨੂੰ ਜਾਰੀ ਕਰਨ ਮੌਕੇ ਨਿਵੇਕਲਾ ਉਪਰਾਲਾ ਕਰਦਿਆਂ ਆਪਣੇ ਬੇਟੇ ਦੀ ਇੱਛਾ ਅਨੁਸਾਰ ਇਹ ਟਰੇਲਰ ਆਪਣੇ ਜੱਦੀ ਪਿੰਡ ਖੇਮੂਆਣਾ ਰਿਲੀਜ਼ ਕੀਤਾ। ਫ਼ਿਲਮ ਦਾ ਟਰੇਲਰ ਰਿਲੀਜ਼ ਸਮਾਰੋਹ ਇੱਕ ਸੱਭਿਆਚਾਰਕ ਮੇਲਾ ਹੀ ਹੋ ਨਿੱਬੜਿਆ ਜਿੱਥੇ ਕਨਾਤਾਂ ਸਜਾਈਆਂ ਗਈਆਂ, ਹਲਵਾਈ ਲਗਾਇਆ ਤੇ ਜਿੱਥੇ ਜਲੇਬੀਆਂ-ਪਕੌੜਿਆਂ ਨਾਲ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਹਰਭਜਨ ਮਾਨ ਤੇ ਅਵਕਾਸ਼ ਮਾਨ ਪਿਓ-ਪੁੱਤਰ ਦੀ ਜੋੜੀ ਨੇ 'ਜੱਗ ਜੰਕਸ਼ਨ ਰੇਲਾਂ ਦਾ' ਕਵੀਸ਼ਰੀ ਗਾਈ। ਇਸੇ ਘਰ ਕਿਸੇ ਵੇਲੇ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਆਪਣੇ ਸਾਥੀਆਂ ਰਣਜੀਤ ਸਿੰਘ ਸਿੱਧਵਾਂ, ਚੰਦ ਸਿੰਘ ਜੰਡੀ, ਕਰਤਾਰ ਸਿੰਘ ਮੰਡੀ ਕਲਾਂ ਨਾਲ ਆਉਂਦੇ ਸਨ। ਹਰਭਜਨ ਮਾਨ ਦੇ ਪਿਤਾ ਹਰਨੇਕ ਸਿੰਘ ਮਾਨ ਦੇ ਭੋਗ ਮੌਕੇ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਕਵੀਸ਼ਰੀ ਗਾਈ ਸੀ। ਪੰਜਾਬੀ ਫ਼ਿਲਮ ਜਗਤ ਲਈ ਇਹ ਵੱਖਰੇ ਤਰ੍ਹਾਂ ਦਾ ਸਮਾਗਮ ਸੀ ਜਿਸ ਨੂੰ ਲੈ ਕੇ ਹਰਭਜਨ ਮਾਨ ਬਹੁਤ ਭਾਵੁਕ ਹੋਇਆ।

ਹਰਭਜਨ ਮਾਨ ਦੀਆਂ ਫ਼ਿਲਮਾਂ ਵਿੱਚ ਪੰਜਾਬੀ ਸੱਭਿਆਚਾਰ, ਪਰਿਵਾਰਕ ਰਿਸ਼ਤੇ, ਪੰਜਾਬ ਨਾਲ ਜੁੜਾਅ, ਪਰਵਾਸ ਅਤੇ ਪਿਆਰ ਵਰਗੇ ਵਿਸ਼ੇ ਵਾਰ-ਵਾਰ ਨਜ਼ਰ ਆਉਂਦੇ ਹਨ। ਉਸ ਦੀਆਂ ਫ਼ਿਲਮਾਂ ਦੀ ਸਭ ਤੋਂ ਵੱਡੀ ਖਾਸੀਅਤ ਇਹ ਰਹੀ ਕਿ ਉਨ੍ਹਾਂ ਵਿੱਚ ਪੰਜਾਬੀਅਤ, ਪਰਿਵਾਰ, ਪਿਆਰ, ਪਿੰਡ, ਪਰਵਾਸ ਅਤੇ ਮਿੱਟੀ ਨਾਲ ਮੋਹ ਵਰਗੇ ਵਿਸ਼ਿਆਂ ਨੂੰ ਕੇਂਦਰ ਵਿੱਚ ਰੱਖਿਆ ਗਿਆ। ਉਸ ਦੀ ਗਾਇਕੀ ਨੇ ਇਨ੍ਹਾਂ ਫ਼ਿਲਮਾਂ ਨੂੰ ਹੋਰ ਭਾਵਨਾਤਮਕ ਬਣਾਇਆ। 'ਜੀ ਆਇਆਂ ਨੂੰ' ਤੋਂ 'ਇਹ ਦਿਨ ਰੋਜ਼ ਨਹੀਂ ਆਉਣੇ' ਤੱਕ ਹਰਭਜਨ ਮਾਨ ਨੇ ਪੰਜਾਬੀ ਦਰਸ਼ਕਾਂ ਦੀਆਂ ਭਾਵਨਾਵਾਂ, ਪੰਜਾਬੀ ਸੱਭਿਆਚਾਰ ਅਤੇ ਵਿਦੇਸ਼ ਵੱਸਦੇ ਪੰਜਾਬੀਆਂ ਦੇ ਆਪਣੀ ਮਿੱਟੀ ਨਾਲ ਰਿਸ਼ਤੇ ਨੂੰ ਪਰਦੇ 'ਤੇ ਜਗ੍ਹਾ ਦਿੱਤੀ। ਨਵੀਂ ਫ਼ਿਲਮ ਵਿੱਚ ਉਸ ਨੇ ਦੋ ਪੀੜ੍ਹੀਆਂ ਦੀ ਸੋਚ ਦੀ ਤਰਜ਼ਮਾਨੀ ਕੀਤੀ ਹੈ। ਗਾਇਕ ਵਜੋਂ ਮਿਲੀ ਮਕਬੂਲੀਅਤ ਨੂੰ ਅਦਾਕਾਰੀ ਅਤੇ ਫ਼ਿਲਮ ਨਿਰਮਾਣ ਵਿੱਚ ਬਦਲ ਕੇ ਹਰਭਜਨ ਮਾਨ ਨੇ ਪੰਜਾਬੀ ਮਨੋਰੰਜਨ ਜਗਤ ਵਿੱਚ ਆਪਣੀ ਇੱਕ ਵੱਖਰੀ ਵਿਰਾਸਤ ਕਾਇਮ ਕੀਤੀ ਹੈ।



# ਦਿਲਜੀਤ ਦੋਸਾਂਝ ਦਾ ਦਿੱਲੀ 'ਚ 30 ਅਕਤੂਬਰ ਨੂੰ ਹੋਵੇਗਾ ਸ਼ੋਅ

## ਦਿੱਲੀ ਪੁਲਿਸ ਵੱਲੋਂ ਦਿਲਜੀਤ ਦੇ ਕੰਸਰਟ ਨੂੰ ਮਿਲੀ ਮਨਜ਼ੂਰੀ



ਨਵੀਂ ਦਿੱਲੀ/ਏ.ਟੀ.ਨਿਊਜ਼ : ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ 30 ਅਕਤੂਬਰ ਨੂੰ ਹੋਣ ਵਾਲੇ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਕੰਸਰਟ ਦੀ ਸੁਰੱਖਿਆ ਮਨਜ਼ੂਰੀ 'ਤੇ ਰੋਕ ਲਗਾਉਣ ਤੋਂ ਇੱਕ ਦਿਨ ਬਾਅਦ, ਦਿੱਲੀ ਪੁਲਿਸ ਨੇ ਆਖਰਕਾਰ ਜ਼ਰੂਰੀ ਮਨਜ਼ੂਰੀ ਦੇ ਦਿੱਤੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਹਿਲਾਂ ਸੁਰੱਖਿਆ ਚਿੰਤਾਵਾਂ ਕਾਰਨ ਇਹ ਮਨਜ਼ੂਰੀ ਰੋਕੀ ਗਈ ਸੀ। ਪਰ ਹੁਣ ਇੱਕ ਮੀਟਿੰਗ ਵਿੱਚ ਸੁਰੱਖਿਆ, ਟਰੈਫਿਕ ਅਤੇ ਭੀੜ ਨੂੰ ਕੰਟਰੋਲ ਕਰਨ ਦੇ ਪੁਖਤਾ ਪ੍ਰਬੰਧਾਂ ਉੱਤੇ ਚਰਚਾ ਕਰਨ ਤੋਂ ਬਾਅਦ ਇਸਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।ਦਿੱਲੀ ਦਾ ਇਹ ਸ਼ੋਅ ਦਿਲਜੀਤ ਦੇ 'ਔਰਾ ਵਰਲਡ ਟੂਰ' ਦੇ ਭਾਰਤੀ ਪੜਾਅ ਦੀ ਸ਼ੁਰੂਆਤ ਹੋਵੇਗਾ। ਦਿਲਜੀਤ ਦੇ ਪਿਛਲੇ 'ਦਿਲ-ਲੁਮੀਨਾਟੀ ਟੂਰ' ਨੂੰ ਲੋਕਾਂ ਵੱਲੋਂ ਬਹੁਤ ਪਿਆਰ ਮਿਲਿਆ ਸੀ, ਜਿਸ ਕਾਰਨ ਇਸ ਵਾਰ ਵੀ ਵੱਡੀ ਗਿਣਤੀ ਵਿੱਚ ਪ੍ਰਸ਼ੰਸਕਾਂ ਦੇ ਆਉਣ ਦੀ ਉਮੀਦ ਹੈ।ਇਹ 'ਔਰਾ ਇੰਡੀਆ ਟੂਰ' ਦਿੱਲੀ ਤੋਂ ਸ਼ੁਰੂ ਹੋ ਕੇ ਇੰਦੌਰ, ਅਹਿਮਦਾਬਾਦ, ਮੁੰਬਈ, ਬੈਂਗਲੁਰੂ ਅਤੇ ਲਖਨਊ ਵਰਗੇ ਹੋਰ ਸ਼ਹਿਰਾਂ ਵਿੱਚ ਵੀ ਜਾਵੇਗਾ। ਪ੍ਰਸ਼ੰਸਕਾਂ ਦੀ ਸਹੂਲਤ ਲਈ ਇਸ ਟੂਰ ਦੀਆਂ ਟਿਕਟਾਂ ਦੀ ਵੱਧ ਤੋਂ ਵੱਧ ਕੀਮਤ 18,000 ਰੁਪਏ ਰੱਖੀ ਗਈ ਹੈ, ਜਿਸ ਵਿੱਚ ਵੱਖ-ਵੱਖ ਕੀਮਤਾਂ ਵਾਲੀਆਂ ਹੋਰ ਟਿਕਟਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

# ਸਲਮਾਨ ਖ਼ਾਨ ਨੇ ਪੰਜਾਬ 'ਚ ਲਾਂਚ ਕੀਤਾ 2500 ਕਰੋੜ ਦਾ ਲਗਜ਼ਰੀ ਹਾਊਸਿੰਗ ਪ੍ਰੋਜੈਕਟ

## ਸੁਰੱਖਿਆ ਚਿੰਤਾਵਾਂ ਕਾਰਨ ਸਮਾਗਮ ਵਿੱਚ ਨਹੀਂ ਪਹੁੰਚੇ



ਚੰਡੀਗੜ੍ਹ/ਏ.ਟੀ.ਨਿਊਜ਼: ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਨੇ ਪੰਜਾਬ (ਚੰਡੀਗੜ੍ਹ ਖੇਤਰ) ਵਿੱਚ ਆਪਣੇ ਨਾਮ ਵਾਲੇ ਇੱਕ ਹਾਈ-ਰਾਈਜ਼ ਲਗਜ਼ਰੀ ਰਿਹਾਇਸ਼ੀ ਪ੍ਰੋਜੈਕਟ ਦਾ ਐਲਾਨ ਕੀਤਾ ਹੈ। ਇਸ ਪ੍ਰੋਜੈਕਟ ਦੀ ਸ਼ੁਰੂਆਤ ਲਈ ਅਦਾਕਾਰ ਲਗਜ਼ਰੀ ਵਾਚ ਅਤੇ ਜਿਊਲਰੀ ਬ੍ਰਾਂਡ 'ਜੈਕਬ ਐਂਡ ਕੋ' ਅਤੇ ਰੀਅਲ ਅਸਟੇਟ ਕੰਪਨੀ 'ਜੀਬੀ ਰਿਐਲਟੀ' ਦੇ ਇੱਕ ਵਿਗਿਆਪਨ ਵਿੱਚ ਨਜ਼ਰ ਆਏ ਹਨ।ਹਾਲਾਂਕਿ, ਸਲਮਾਨ ਖ਼ਾਨ ਇਸ ਲਾਂਚ ਈਵੈਂਟ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਨੇ ਇੱਕ ਵੀਡੀਓ ਸੰਦੇਸ਼ ਭੇਜ ਕੇ ਕਿਹਾ, 'ਕੁਝ ਨਾ-ਟਾਲਣਯੋਗ ਕਾਰਨਾਂ ਕਰਕੇ ਮੈਂ ਅੱਜ ਰਾਤ ਉੱਥੇ ਨਹੀਂ ਪਹੁੰਚ ਸਕਿਆ। ਭਾਵੇਂ ਮੈਂ ਸਰੀਰਕ ਤੌਰ 'ਤੇ ਉੱਥੇ ਮੌਜੂਦ ਨਹੀਂ ਹਾਂ, ਪਰ ਮੇਰਾ ਦਿਲ, ਮੇਰੀਆਂ ਭਾਵਨਾਵਾਂ ਅਤੇ ਮੇਰੀਆਂ ਸ਼ੁਭਕਾਮਨਾਵਾਂ ਤੁਹਾਡੇ ਸਾਰੇ ਨਾਲ ਹਨ।'ਸਲਮਾਨ ਦੀ ਇਸ ਗ਼ੈਰ-ਹਾਜ਼ਰੀ ਨੂੰ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਮਿਲ ਰਹੀਆਂ ਲਗਾਤਾਰ ਧਮਕੀਆਂ ਅਤੇ ਹਾਲੀਆ ਸੁਰੱਖਿਆ ਖ਼ਦਸ਼ਿਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪੁਖ਼ਤਾ ਸੁਰੱਖਿਆ ਪ੍ਰਬੰਧਾਂ ਤੋਂ ਇਲਾਵਾ, ਅਦਾਕਾਰ ਆਪਣੀ ਆਉਣ ਵਾਲੀ ਨਵੀਂ ਫ਼ਿਲਮ 'ਮੌਨਸਟਰ' ਦੀ ਸ਼ੂਟਿੰਗ ਵਿੱਚ ਵੀ ਰੁੱਝੇ ਹੋਏ ਹਨ।

ਰਿਪੋਰਟਾਂ ਅਨੁਸਾਰ, ਇਸ ਪ੍ਰੋਜੈਕਟ ਲਈ ਅਦਾਕਾਰ ਨਾਲ ਜੁੜੇ ਨਾਮ ਜਿਵੇਂ 'ਐਸਕੇ ਟਾਵਰਜ', 'ਦਾ ਸਲਮਾਨ ਖਾਨ ਟਾਵਰਜ' ਅਤੇ ਪਹਿਲਾਂ ਹੀ ਰਜਿਸਟਰ ਕਰਵਾਏ ਗਏ ਸਨ। ਲਗਭਗ 2,500 ਕਰੋੜ ਰੁਪਏ ਦੇ ਨਿਵੇਸ਼ ਵਾਲੇ ਇਸ ਪ੍ਰੋਜੈਕਟ ਵਿੱਚ 6 ਟਾਵਰ ਹੋਣਗੇ, ਜਿਨ੍ਹਾਂ ਵਿੱਚ 3 ਅਤੇ 4 ਬੀ.ਐਚ.ਕੇ. ਲਗਜ਼ਰੀ ਅਪਾਰਟਮੈਂਟਸ ਅਤੇ ਆਧੁਨਿਕ ਸਹੂਲਤਾਂ ਮੌਜੂਦ ਹੋਣਗੀਆਂ। ਪ੍ਰੋਜੈਕਟ ਦੇ ਪ੍ਰਮੋਸ਼ਨਲ ਵੀਡੀਓ ਵਿੱਚ ਸਲਮਾਨ ਖ਼ਾਨ ਸੂਟ-ਬੂਟ ਪਹਿਨੇ ਲਗਭਗ 41 ਲੱਖ ਰੁਪਏ ਦੀ ਸ਼ਾਨਦਾਰ ਘੜੀ ਫਲਾਂਟ ਕਰਦੇ ਦਿਖਾਈ ਦਿੱਤੇ ਹਨ।

### ਮੁੰਬਈ ਵਿੱਚ ਨਵੀਂ ਜਾਇਦਾਦ ਨੂੰ ਮਨਜ਼ੂਰੀ

ਦੂਜੇ ਪਾਸੇ, ਸਲਮਾਨ ਖ਼ਾਨ ਨੂੰ ਮੁੰਬਈ ਦੇ ਬਾਂਦਰਾ (ਚਿੰਬਈ ਖੇਤਰ) ਵਿੱਚ ਉਨ੍ਹਾਂ ਦੇ ਮੌਜੂਦਾ ਨਿਵਾਸ ਗਲੈਕਸੀ ਅਪਾਰਟਮੈਂਟਸ ਦੇ ਨੇੜੇ ਇੱਕ ਨਵੀਂ 6-ਮੰਜ਼ਿਲਾ ਸਮੁੰਦਰ-ਮੁਖੀ ਰਿਹਾਇਸ਼ੀ ਇਮਾਰਤ ਦੀ ਮਨਜ਼ੂਰੀ ਵੀ ਮਿਲ ਗਈ ਹੈ। ਹਾਲਾਂਕਿ, ਇਸ ਗੱਲ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ ਕਿ ਅਦਾਕਾਰ ਜਾਂ ਉਨ੍ਹਾਂ ਦਾ ਪਰਿਵਾਰ ਗਲੈਕਸੀ ਅਪਾਰਟਮੈਂਟਸ ਛੱਡ ਕੇ ਨਵੀਂ ਥਾਂ ਸ਼ਿਫਟ ਹੋਵੇਗਾ ਜਾਂ ਨਹੀਂ।

## ਸਾਲ 1920 ਵਿੱਚ ਹੋਇਆ ਸੀ

ਲੈਨ ਕੈਨਾ ਲਈ ਇਹ ਪ੍ਰੇਰਨਾ ਉਨ੍ਹਾਂ ਦੇ ਬਚਪਨ ਤੋਂ ਜੁੜੀ ਹੋਈ ਸੀ, ਜਦੋਂ ਹੈਮਿਲਟਨ (ਵਿਕਟੋਰੀਆ) ਵਿੱਚ ਉਨ੍ਹਾਂ ਦੇ ਘਰ ਇੱਕ ਸਿੱਖ ਫੇਰੀਵਾਲਾ ਅਕਸਰ ਆਉਂਦਾ ਹੁੰਦਾ ਸੀ। ਲੈਨ ਦੀ ਮਾਂ ਉਸ ਕੋਲੋਂ ਸਾਮਾਨ ਖ਼ਰੀਦਦੀ ਅਤੇ ਉਸ ਦੀਆਂ ਦਸਤਾਰਾਂ ਧੋਂਦੀ ਸੀ, ਬਦਲੇ ਵਿੱਚ ਉਹ ਬਜ਼ੁਰਗ ਪਰਿਵਾਰ ਲਈ ਸ਼ਾਮ ਦਾ ਖਾਣਾ ਬਣਾਉਂਦਾ ਅਤੇ ਭਾਰਤ ਦੀਆਂ ਕਹਾਣੀਆਂ ਸੁਣਾਉਂਦਾ ਸੀ। ਦੂਜੇ ਪਾਸੇ ਕ੍ਰਿਸਟਲ ਦੇ ਪਿਤਾ ਦਾ ਜਨਮ 1912 ਵਿੱਚ ਬਰੇਲੀ (ਉੱਤਰ ਪ੍ਰਦੇਸ਼) ਵਿਖੇ ਹੋਇਆ ਸੀ, ਜਿੱਥੇ ਉਨ੍ਹਾਂ ਦੇ ਦਾਦਾ ਬ੍ਰਿਟਿਸ਼ ਫ਼ੌਜ ਵਿੱਚ ਤਾਇਨਾਤ ਸਨ।

ਸ਼ੁਰੂਆਤੀ ਦੌਰ ਵਿੱਚ ਬਿਨਾਂ ਇੰਟਰਨੈੱਟ ਅਤੇ ਮੋਬਾਈਲ ਫ਼ੋਨਾਂ ਤੋਂ ਲੈਨ ਨੇ ਟਾਈਪਰਾਈਟਰ 'ਤੇ ਕੰਮ ਕਰਦਿਆਂ ਆਸਟ੍ਰੇਲੀਆਈ ਪੁਰਾਲੇਖਾਂ ਅਤੇ ਲੰਡਨ ਸਥਿਤ ਬ੍ਰਿਟਿਸ਼ ਲਾਇਬ੍ਰੇਰੀ ਵਿੱਚ ਈਸਟ ਇੰਡੀਆ ਕੰਪਨੀ ਦੇ ਰਿਕਾਰਡਾਂ ਦੀ ਘੋਖ ਕੀਤੀ। ਸਾਲ 2000 ਵਿੱਚ ਵਿਕਟੋਰੀਆ ਸਰਕਾਰ ਨੇ ਉਨ੍ਹਾਂ ਨੂੰ ਇਹ ਇਤਿਹਾਸ ਲਿਖਣ ਦਾ ਜ਼ਿੰਮਾ ਸੌਂਪਿਆ ਤਾਂ ਜੋ ਨਸਲਵਾਦ ਘਟਾਇਆ ਜਾ ਸਕੇ। ਸਾਲ 2012 ਵਿੱਚ ਚਾਰ ਗੁਰਦੁਆਰਿਆਂ ਦੇ ਸਹਿਯੋਗ ਨਾਲ 'ਆਸਟ੍ਰੇਲੀਅਨ ਇੰਡੀਅਨ ਹਿਸਟੋਰੀਕਲ ਸੁਸਾਇਟੀ' ਬਣਾਈ ਗਈ। ਉਨ੍ਹਾਂ ਦੀਆਂ ਪੁਸਤਕਾਂ ਵਿੱਚ ਪੰਜ ਜਿਲਦਾਂ ਵਾਲੀ ਲੜੀ ਅਤੇ 2019 ਵਿੱਚ ਅੰਗਰੇਜ਼ੀ ਤੇ ਪੰਜਾਬੀ ਵਿੱਚ ਛਪੀ 'ਸਿੱਖ ਹਿਸਟਰੀ ਇਨ ਆਸਟ੍ਰੇਲੀਆ' ਸ਼ਾਮਲ ਹੈ।

ਸਾਲ 2010 ਵਿੱਚ ਇਸ ਜੋੜੇ ਨੇ ਵਾਰਨਾਮਬੂਲ ਵਿੱਚੋਂ ਪੂਰਨ ਸਿੰਘ ਦੀਆਂ ਅਸਥੀਆਂ ਲੱਭੀਆਂ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਉੱਪਲ ਭੂਪਾ ਲੈ ਕੇ ਆਏ, ਜਿੱਥੋਂ ਬਾਅਦ ਵਿੱਚ ਹਰਿਦੁਆਰ ਜਾ ਕੇ ਗੰਗਾ ਵਿੱਚ ਜਲ-ਪ੍ਰਵਾਹ ਕੀਤਾ ਗਿਆ। ਆਪਣੀ ਪੈਨਸ਼ਨ ਦੇ ਪੈਸਿਆਂ ਨਾਲ ਪਹਿਲੇ ਵਿਸ਼ਵ ਯੁੱਧ ਦੇ ਭਾਰਤੀ-ਆਸਟ੍ਰੇਲੀਆਈ ਫ਼ੌਜੀ ਗਣੇਸ਼ਾ ਸਿੰਘ ਦੇ ਤਗ਼ਮੇ ਖ਼ਰੀਦ ਕੇ ਦੇਸ਼ ਵਾਪਸ ਲਿਆਉਣ ਵਾਲੇ ਇਸ ਜੋੜੇ ਨੇ ਕਈ ਪ੍ਰਚਲਿਤ ਧਾਰਨਾਵਾਂ ਨੂੰ ਵੀ ਚੁਣੌਤੀ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਪਹਿਲੇ ਸਿੱਖ 1844 ਵਿੱਚ ਦਾਬੀ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੇ ਰੂਪ ਵਿੱਚ ਕੁਈਨਜ਼ਲੈਂਡ ਪਹੁੰਚੇ ਸਨ। ਉਨ੍ਹਾਂ ਇਹ ਵੀ ਸਾਬਤ ਕੀਤਾ ਕਿ ਆਸਟ੍ਰੇਲੀਆ ਦੇ ਸ਼ੁਰੂਆਤੀ ਵਿਕਾਸ ਵਿੱਚ ਭਾਰਤ ਦਾ ਯੋਗਦਾਨ ਬਰਤਾਨੀਆ ਦੇ ਬਰਾਬਰ ਰਿਹਾ ਹੈ। ਬਜ਼ੁਰਗ ਖੋਜਕਰਤਾ ਜੋੜੇ ਨੂੰ ਉਮੀਦ ਹੈ ਕਿ ਉਨ੍ਹਾਂ ਦਾ ਇਹ ਵਿਸ਼ਾਲ ਇਤਿਹਾਸਕ ਸੰਗ੍ਰਹਿ ਜਲਦੀ ਹੀ ਵਿਕਟੋਰੀਆ ਦੇ ਕਿਸੇ ਅਜਾਇਬ ਘਰ ਵਿੱਚ ਸਥਾਈ ਤੌਰ 'ਤੇ ਸੰਭਾਲਿਆ ਜਾਵੇਗਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਸਾਂਝੇ ਵਿਰਸੇ ਤੋਂ ਜਾਣੂ ਹੋ ਸਕਣ।

***

## ਪੰਜਾਬ 'ਚ ਭਾਜਪਾ-ਅਕਾਲੀ ਗੱਠਜੋੜ

ਪੰਜਾਬ ਵਿੱਚ ਸਰਕਾਰ ਬਣਾਉਣ ਲਈ ਪੇਂਡੂ ਸਿੱਖਾਂ ਦੇ ਨਾਲ-ਨਾਲ ਸ਼ਹਿਰੀ ਹਿੰਦੂ ਭਾਈਚਾਰੇ ਦਾ ਸਮਰਥਨ ਲਾਜ਼ਮੀ ਹੁੰਦਾ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਇਹ ਭਾਈਵਾਲੀ ਬਣੀ ਰਹੀ ਸੀ। ਇਕੱਲੇ ਅਕਾਲੀ ਦਲ ਲਈ ਸ਼ਹਿਰੀ ਸੀਟਾਂ ਜਿੱਤਣਾ ਅਸੰਭਵ ਜਾਪਦਾ ਹੈ, ਜੋ ਸਿਰਫ਼ ਭਾਜਪਾ ਦੇ ਨਾਲ ਮਿਲ ਕੇ ਹੀ ਸੰਭਵ ਹੋ ਸਕਦਾ ਹੈ।

ਪੰਜਾਬ ਵਿੱਚ ਇਸ ਵੇਲੇ ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿਚਾਲੇ ਬਹੁ-ਕੋਣੀ ਮੁਕਾਬਲਾ ਹੈ। ਇਕੱਲੇ ਲੜ ਕੇ ਵੋਟਾਂ ਵੰਡੀਆਂ ਜਾਂਦੀਆਂ ਹਨ। ਜੇਕਰ ਭਾਜਪਾ ਅਤੇ ਅਕਾਲੀ ਦਲ ਮਿਲ ਕੇ ਲੜਦੇ ਹਨ, ਤਾਂ ਕਰੀਬ 30 ਤੋਂ 32 ਫ਼ੀਸਦੀ ਸਾਂਝਾ ਵੋਟ ਬੈਂਕ ਉਨ੍ਹਾਂ ਨੂੰ ਸਿੱਧਾ ਮੁਕਾਬਲੇ ਵਿੱਚ ਲਿਆ ਖੜ੍ਹਾ ਕਰਦਾ ਹੈ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ ਨੂੰ ਆਪਣੀ ਹੀ ਪਾਰਟੀ ਦੇ ਸੀਨੀਅਰ ਟਕਸਾਲੀ ਆਗੂਆਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਦੀ ਸੱਤਾਧਾਰੀ ਪਾਰਟੀ ਦਾ ਸਾਥ ਮਿਲਣ ਨਾਲ ਸੁਖਬੀਰ ਸਿੰਘ ਬਾਦਲ ਆਪਣੇ ਸਿਆਸੀ ਵਿਰੋਧੀਆਂ ਨੂੰ ਠੱਲ੍ਹ ਪਾਉਣ ਅਤੇ ਆਪਣੇ ਆਪ ਨੂੰ ਮਜ਼ਬੂਤ ਦਿਖਾਉਣ ਦੀ ਉਮੀਦ ਰੱਖਦੇ ਹਨ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਾਲੇ ਮੁੜ ਗੱਠਜੋੜ ਦੀਆਂ ਚੱਲ ਰਹੀਆਂ ਕਿਆਸਅਰਾਈਆਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟ ਕੀਤਾ ਹੈ ਕਿ ਅਕਾਲੀ ਦਲ ਆਪਣੀ ਵਿਚਾਰਧਾਰਾ ਨਾਲ ਸਹਿਮਤ ਸਾਰੀਆਂ ਹਮਖ਼ਿਆਲੀ ਧਿਰਾਂ ਨਾਲ ਚੋਣ ਗੱਠਜੋੜ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

***

## ਕੀ ਪੰਜਾਬ ਦੇ ਸਿੱਖ ਭਾਜਪਾ ਵੱਲ ਝੁਕਣਗੇ ?

ਜੇ ਇਹ ਗੱਠਜੋੜ ਨਹੀਂ ਹੁੰਦਾ, ਤਾਂ ਵੋਟਾਂ ਦੀ ਚੌਖੰਭੀ ਵੰਡ ਦਾ ਸਿੱਧਾ ਲਾਹਾ ਸੱਤਾਧਾਰੀ 'ਆਪ' ਜਾਂ ਕਾਂਗਰਸ ਨੂੰ ਮਿਲੇਗਾ। ਜੇਕਰ ਗੱਠਜੋੜ ਸਿਰੇ ਚੜ੍ਹਦਾ ਹੈ, ਤਾਂ ਮੁਕਾਬਲਾ ਤਿਕੋਣਾ ਹੋ ਜਾਵੇਗਾ ਅਤੇ ਪੰਜਾਬ ਦਾ ਚੋਣ ਦੰਗਲ ਹੋਰ ਵੀ ਦਿਲਚਸਪ ਹੋ ਜਾਵੇਗਾ।

ਇਹ ਆਉਣ ਵਾਲੇ ਕੁਝ ਮਹੀਨੇ ਤੈਅ ਕਰਨਗੇ ਕਿ ਕੀ ਪੁਰਾਣੇ ਸਿਆਸੀ ਸਾਥੀ ਆਪਣੀ ਆਪਸੀ ਕੁੜੱਤਣ ਅਤੇ ਸ਼ਰਤਾਂ ਨੂੰ ਪਾਸੇ ਰੱਖ ਕੇ ਮੁੜ ਹੱਥ ਮਿਲਾਉਂਦੇ ਹਨ ਜਾਂ ਫਿਰ ਪੰਜਾਬ ਦੀ ਧਰਤੀ 'ਤੇ ਚੋਹਕੋਣੀ ਟੱਕਰ ਵਿੱਚ ਆਪਣੀ ਵੱਖਰੀ ਕਿਸਮਤ ਅਜ਼ਮਾਉਂਦੇ ਹਨ।

***

## ਅਮਰੀਕਾ ਦੀ ਥਾਂ ਹੋਰ ਮੁਲਕਾਂ 'ਚ ਜਾਣ

ਹਾਲਾਂਕਿ, ਸਤੰਬਰ ਮਹੀਨੇ ਵਿੱਚ 12,285 ਐਂਟਰੀਆਂ ਨਾਲ 5 ਫੀਸਦੀ ਦਾ ਮਾਮੂਲੀ ਸੁਧਾਰ ਦੇਖਣ ਨੂੰ ਮਿਲਿਆ।

ਇੱਕ ਰਿਪੋਰਟ ਅਨੁਸਾਰ ਭਾਰਤੀ ਬਿਨੈਕਾਰਾਂ ਲਈ ਐੱਫ-1 ਵੀਜ਼ਾ ਰੱਦ ਹੋਣ ਦੀ ਦਰ ਵਿੱਤੀ ਸਾਲ 2023 ਵਿੱਚ 36 ਫੀਸਦੀ ਸੀ, ਜੋ 2024 ਵਿੱਚ ਵਧ ਕੇ 53 ਫੀਸਦੀ ਅਤੇ 2025 ਵਿੱਚ 61 ਫੀਸਦੀ ਤੱਕ ਪਹੁੰਚ ਗਈ। ਭਾਰਤ ਦੇ ਵਿਦੇਸ਼ ਮੰਤਰਾਲੇ ਦੁਆਰਾ ਰਾਜ ਸਭਾ ਵਿੱਚ ਦਿੱਤੇ ਜਵਾਬ ਅਨੁਸਾਰ, ਜੂਨ-ਜੁਲਾਈ 2025 ਦੌਰਾਨ ਅਮਰੀਕਾ ਨੇ ਭਾਰਤੀ ਨਾਗਰਿਕਾਂ ਨੂੰ 12,776 ਐੱਫ-1 ਵੀਜ਼ੇ ਜਾਰੀ ਕੀਤੇ ਸਨ, ਜੋ ਪਿਛਲੇ ਸਾਲ ਦੀ ਇਸੇ ਮਿਆਦ (41,336) ਨਾਲੋਂ 69.1 ਫੀਸਦੀ ਘੱਟ ਸਨ।

ਵਿਦੇਸ਼ੀ ਪੜ੍ਹਾਈ ਦੇ ਮਾਹਰਾਂ ਅਨੁਸਾਰ ਅਮਰੀਕੀ ਵੀਜ਼ਾ ਨੀਤੀਆਂ ਵਿੱਚ ਅਨਿਸ਼ਚਿਤਤਾ ਅਤੇ ਵਧ ਰਹੇ ਖਰਚੇ ਇਸ ਗਿਰਾਵਟ ਦਾ ਮੁੱਖ ਕਾਰਨ ਹਨ। ਅਮਰੀਕੀ ਵਿਦੇਸ਼ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਪ੍ਰੋਫਾਈਲ ਜਨਤਕ ਕਰਨਾ ਜ਼ਰੂਰੀ ਕਰ ਦਿੱਤਾ ਗਿਆ ਹੈ ਅਮਰੀਕੀ ਹੋਮਲੈਂਡ ਸਿਕਓਰਿਟੀ ਵਿਭਾਗ ਨੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੀ ਇਜਾਜ਼ਤ ਲਈ ਵਿਦਿਅਕ ਅਦਾਰਿਆਂ 'ਤੇ ਪ੍ਰਤੀ ਵਿਦਿਆਰਥੀ 70,000 ਡਾਲਰ ਅਤੇ ਵਾਧੂ ਮਿਆਦ ਲਈ 30,000 ਡਾਲਰ ਫੀਸ ਲਗਾਉਣ ਦੀ ਤਜਵੀਜ਼ ਰੱਖੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਅਮਰੀਕਾ ਵਿੱਚ ਰਹਿਣ ਦੀ ਮਿਆਦ 4 ਸਾਲ ਤੱਕ ਸੀਮਤ ਕਰਨ ਵਾਲੇ ਨਿਯਮ 'ਤੇ ਮੈਸਾਚੂਸੇਟਸ ਦੀ ਸੰਘੀ ਅਦਾਲਤ ਨੇ ਰੋਕ ਲਗਾ ਦਿੱਤੀ ਹੈ, ਜਿਸ ਵਿਰੁੱਧ ਸਰਕਾਰ ਨੇ ਅਪੀਲ ਕੀਤੀ ਹੈ। ਵੀਜ਼ਾ ਸਟੈਂਪਿੰਗ ਲਈ ਅਪਾਇੰਟਮੈਂਟਾਂ ਨਾ ਮਿਲਣ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੇ ਉਤਾਰ-ਚੜ੍ਹਾਅ ਕਾਰਨ ਕਈ ਪਰਿਵਾਰ ਆਪਣੇ ਫੈਸਲਿਆਂ 'ਤੇ ਮੁੜ ਵਿਚਾਰ ਕਰ ਰਹੇ ਹਨ।

ਅਮਰੀਕੀ ਨੀਤੀਆਂ ਵਿੱਚ ਅਸਥਿਰਤਾ ਅਤੇ ਪੜ੍ਹਾਈ ਤੋਂ ਬਾਅਦ ਰੋਜ਼ਗਾਰ ਦੇ ਅਨਿਸ਼ਚਿਤ ਭਵਿੱਖ ਨੂੰ ਦੇਖਦਿਆਂ ਭਾਰਤੀ ਵਿਦਿਆਰਥੀ ਹੁਣ ਜਰਮਨੀ, ਨੀਦਰਲੈਂਡਜ਼, ਫਰਾਂਸ, ਸਪੇਨ, ਸਿੰਗਾਪੁਰ, ਹਾਂਗਕਾਂਗ ਅਤੇ ਜਾਪਾਨ ਵਰਗੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਕਈ ਵਿਦਿਆਰਥੀ ਭਾਰਤ ਦੀਆਂ ਨਿੱਜੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਜਾਂ ਵੀਜ਼ਾ ਨਿਯਮ ਸਪੱਸ਼ਟ ਹੋਣ ਤੱਕ ਆਪਣੀ ਯਾਤਰਾ ਮੁਲਤਵੀ ਕਰਨ ਨੂੰ ਪਹਿਲ ਦੇ ਰਹੇ ਹਨ।

***

## ਅਮਰੀਕਾ ਵਿੱਚ ਐਚ-ਵੰਨ ਬੀ ਵੀਜ਼ਾ

ਕਾਰ ਦਾ ਖਰੀਦਦਾਰ ਲੱਭਣਾ, ਲੋਨ ਕਲੀਅਰ ਕਰਵਾਉਣਾ ਅਤੇ ਘਰ ਦਾ ਸਮਾਨ ਵੇਚਣਾ ਬਹੁਤ ਮੁਸ਼ਕਲ ਕੰਮ ਹੈ। ਲੋਕ ਸਮਾਨ ਵੇਚਣ ਦੀ ਬਜਾਏ ਏਅਰਪੋਰਟ ਪਾਰਕਿੰਗਾਂ ਜਾਂ ਡੀਲਰਾਂ ਕੋਲ ਗੱਡੀਆਂ ਛੱਡ ਕੇ ਭਾਰਤ ਵਾਪਸ ਮੁੜਨ ਨੂੰ ਹੀ ਆਖ਼ਰੀ ਚਾਰਾ ਸਮਝ ਰਹੇ ਹਨ।

### ਆਰਟੀਫੀਸ਼ੀਅਲ ਇੰਟੈਲੀਜੈਂਸ ਕਾਰਣ ਛਾਂਟੀਆਂ

ਆਈ.ਟੀ. ਸੈਕਟਰ ਵਿੱਚ ਵੱਡੇ ਪੱਧਰ 'ਤੇ ਹੋ ਰਹੀ ਛਾਂਟੀ ਦਾ ਇੱਕ ਵੱਡਾ ਕਾਰਨ ਏਆਈ ਦਾ ਤੇਜ਼ੀ ਨਾਲ ਪਸਾਰ ਹੈ। ਜਿਹੜੇ ਕੋਡਿੰਗ ਜਾਂ ਟੈਸਟਿੰਗ ਦੇ ਕੰਮਾਂ ਲਈ ਪਹਿਲਾਂ ਦਰਜਨਾਂ ਇੰਜੀਨੀਅਰ ਚਾਹੀਦੇ ਸਨ, ਉਹ ਹੁਣ ਆਟੋਮੇਸ਼ਨ ਅਤੇ ਏ.ਆਈ. ਟੂਲਜ਼ ਰਾਹੀਂ ਮਿੰਟਾਂ ਵਿੱਚ ਹੋ ਰਹੇ ਹਨ। ਇਸ ਤੋਂ ਇਲਾਵਾ ਗਲੋਬਲ ਮੰਦੀ ਦੇ ਦਬਾਅ ਹੇਠ ਮਾਈਕ੍ਰੋਸਾਫਟ, ਗੂਗਲ ਅਤੇ ਐਮਾਜ਼ਾਨ ਵਰਗੀਆਂ ਦਿੱਗਜ ਕੰਪਨੀਆਂ ਨੇ ਲਗਾਤਾਰ ਸਟਾਫ਼ ਘਟਾਇਆ ਹੈ। ਭਾਰਤੀਆਂ ਲਈ ਗ੍ਰੀਨ ਕਾਰਡ ਦਾ ਬੈਕਲਾਗ ਦਹਾਕਿਆਂ ਲੰਮਾ ਹੈ। 10-15 ਸਾਲ ਅਮਰੀਕਾ ਵਿੱਚ ਬਿਤਾਉਣ ਅਤੇ ਟੈਕਸ ਭਰਨ ਦੇ ਬਾਵਜੂਦ ਉਹ ਆਰਜ਼ੀ ਵੀਜ਼ਾ ਸਟੇਟਸ 'ਤੇ ਹੀ ਰਹਿੰਦੇ ਹਨ। ਇਸ ਦੌਰਾਨ ਪੀ.ਈ.ਆਰ.ਐਮ. ਪ੍ਰਕਿਰਿਆ 'ਤੇ ਰੋਕਾਂ ਅਤੇ ਵੀਜ਼ਾ ਨਿਯਮਾਂ ਵਿੱਚ ਆ ਰਹੀਆਂ ਸਖ਼ਤੀਆਂ ਨੇ ਭਵਿੱਖ ਨੂੰ ਪੂਰੀ ਤਰ੍ਹਾਂ ਅਨਿਸ਼ਚਿਤ ਬਣਾ ਦਿੱਤਾ ਹੈ।

### ਅੰਕੜੇ ਕੀ ਦੱਸਦੇ ਹਨ ?

ਰਿਪੋਰਟਾਂ ਅਨੁਸਾਰ 2025 ਦੌਰਾਨ 15,000 ਤੋਂ ਵੱਧ ਭਾਰਤੀ ਆਈ.ਟੀ. ਪੇਸ਼ੇਵਰ ਇਸ ਅਨਿਸ਼ਚਿਤਤਾ ਕਾਰਨ ਭਾਰਤ ਪਰਤ ਚੁੱਕੇ ਹਨ, ਅਤੇ 2026 ਵਿੱਚ ਵੀ ਹਜ਼ਾਰਾਂ ਲੋਕ ਵਾਪਸੀ ਦੀ ਰਾਹ ਪੈ ਚੁੱਕੇ ਹਨ। ਬਿਲਡਰਾਂ ਦੀ ਦੱਖਣੀ ਏਸ਼ੀਆਈ ਖਰੀਦਦਾਰਾਂ ਨੂੰ ਵਿਕਰੀ 70% ਤੋਂ ਡਿੱਗ ਕੇ 30% ਤੋਂ ਵੀ ਹੇਠਾਂ ਆ ਗਈ ਹੈ, ਜਿਸ ਨਾਲ ਅਮਰੀਕੀ ਰਿਹਾਇਸ਼ੀ ਬਾਜ਼ਾਰ ਨੂੰ ਵੀ ਵੱਡਾ ਝਟਕਾ ਲੱਗਾ ਹੈ। ਟੈਕਸਾਸ ਵਿੱਚ ਘਰ-ਕਾਰਾਂ ਛੱਡ ਕੇ ਪਰਤ ਰਹੇ ਇਨ੍ਹਾਂ ਪਰਿਵਾਰਾਂ ਦੀ ਕਹਾਣੀ ਇਹ ਸਪੱਸ਼ਟ ਕਰਦੀ ਹੈ ਕਿ ਵਿਦੇਸ਼ ਵਿੱਚ ਬਿਨਾਂ ਪੱਕੀ ਨਾਗਰਿਕਤਾ ਜਾਂ ਸਥਾਈ ਰਿਹਾਇਸ਼ ਤੋਂ ਵੱਡੇ ਕਰਜ਼ੇ ਚੁੱਕ ਕੇ ਕੀਤੀ ਤਰੱਕੀ ਕਿਸੇ ਵੀ ਵੇਲੇ ਨਾਜ਼ੁਕ ਮੋੜ 'ਤੇ ਖੜ੍ਹੀ ਹੋ ਸਕਦੀ ਹੈ।

***

## ਸਾਮਰਾਜ ਅੱਗੇ ਡਟਣ ਵਾਲੀ ਪੰਜਾਬ ਦੀ

ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਉਸ ਦੇ ਰਾਇਲਟੀ ਵਾਲੇ ਰੁਤਬੇ ਕਰਕੇ ਸਰਕਾਰ ਲਈ ਉਹ ਵੱਡੀ ਸਿਰਦਰਦੀ ਬਣ ਚੁੱਕੀ ਸੀ। ਬਰਤਾਨਵੀ ਬਾਦਸ਼ਾਹ ਜਾਰਜ ਪੰਜਵੇਂ ਨੇ ਤੰਗ ਆ ਕੇ ਇੱਕ ਵਾਰ ਕਿਹਾ ਸੀ, 'ਕੀ ਸਾਡਾ ਇਸ ਔਰਤ ਉੱਤੇ ਕੋਈ ਜ਼ੋਰ ਨਹੀਂ ਚੱਲਦਾ ?'

ਉਹ 'ਵਿਮੈਨਜ਼ ਟੈਕਸ ਰਿਜ਼ਿਸਟੈਂਸ ਲੀਗ' ਦੀ ਮੋਹਰੀ ਆਗੂ ਬਣੀ। ਉਸ ਨੇ ਐਲਾਨ ਕੀਤਾ ਕਿ ਜੇ ਔਰਤਾਂ ਨੂੰ ਸਰਕਾਰ ਚੁਣਨ ਦਾ ਜਮਹੂਰੀ ਹੱਕ ਨਹੀਂ ਹੈ, ਤਾਂ ਸਰਕਾਰ ਨੂੰ ਉਨ੍ਹਾਂ ਕੋਲੋਂ ਟੈਕਸ ਲੈਣ ਦਾ ਵੀ ਕੋਈ ਨੈਤਿਕ ਹੱਕ ਨਹੀਂ। ਟੈਕਸ ਦੇਣ ਤੋਂ ਇਨਕਾਰ ਕਰਨ ਬਦਲੇ ਉਸ ਨੂੰ ਤਿੰਨ ਵਾਰ ਫ਼ੈਲਥਮ ਅਦਾਲਤ ਵਿੱਚ ਪੇਸ਼ ਹੋਣਾ ਪਿਆ। ਹਕੂਮਤ ਨੇ ਉਸ ਦੀਆਂ ਕੀਮਤੀ ਚੀਜ਼ਾਂ ਜ਼ਬਤ ਕਰ ਕੇ ਨਿਲਾਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਸਮਰਥਕਾਂ ਨੇ ਉਹ ਚੀਜ਼ਾਂ ਮੁੜ ਖ਼ਰੀਦ ਕੇ ਸੋਫੀਆ ਨੂੰ ਵਾਪਸ ਕਰ ਦਿੱਤੀਆਂ। 1914 ਵਿੱਚ ਜੰਗ ਛਿੜਨ ਮੌਕੇ ਸੋਫੀਆ ਨੇ ਰੈੱਡ ਕਰਾਸ ਵਿੱਚ ਬਤੌਰ ਨਰਸ ਸਵੈ-ਇੱਛੁਕ ਸੇਵਾ ਨਿਭਾਈ। ਉਸ ਨੇ ਬ੍ਰਾਈਟਨ ਪੈਵੇਲੀਅਨ ਹਸਪਤਾਲ ਵਿਖੇ ਫ਼ਰੰਟ ਤੋਂ ਜ਼ਖ਼ਮੀ ਹੋ ਕੇ ਆਏ ਭਾਰਤੀ ਸਿੱਖ ਫ਼ੌਜੀਆਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਈ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ।

ਅਖ਼ੀਰ ਉਸ ਦੇ ਲੰਮੇ ਸੰਘਰਸ਼ ਨੂੰ ਬੂਰ ਪਿਆ ਜਦੋਂ ਬਰਤਾਨੀਆ ਦੀ ਪਾਰਲੀਮੈਂਟ ਨੇ 'ਇਕੁਅਲ ਫਰੈਂਚਾਇਜ਼ ਐਕਟ 1928' ਪਾਸ ਕਰ ਕੇ 21 ਸਾਲ ਤੋਂ ਉੱਪਰ ਦੀਆਂ ਸਾਰੀਆਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਵੋਟ ਦਾ ਅਧਿਕਾਰ ਦਿੱਤਾ।

ਬਰਤਾਨਵੀ ਅਜਾਇਬਘਰਾਂ ਅਤੇ ਡਿਜੀਟਲ ਪਲੇਟਫ਼ਾਰਮਾਂ 'ਤੇ ਸਿੱਖ ਨਿਸ਼ਾਨੀਆਂ

ਅੱਜ ਇੰਗਲੈਂਡ ਦੇ ਵੱਖ-ਵੱਖ ਅਜਾਇਬਘਰਾਂ ਵਿੱਚ ਸੋਫੀਆ ਅਤੇ ਉਸ ਦੇ ਸ਼ਾਹੀ ਪਰਿਵਾਰ ਦੀਆਂ ਇਤਿਹਾਸਕ ਨਿਸ਼ਾਨੀਆਂ ਬੜੇ ਮਾਣ ਨਾਲ ਸਾਂਭੀਆਂ ਗਈਆਂ ਹਨ।

ਐਂਸ਼ੀਐਂਟ ਹਾਊਸ ਮਿਊਜ਼ੀਅਮ, ਨੌਰਫੋਕ: ਸਪੈਰੋ ਪਰਿਵਾਰ ਵੱਲੋਂ ਦਾਨ ਕੀਤੀ ਗਈ ਸੋਫੀਆ ਦੀ ਜੜਾਊ ਮੁੰਦਰੀ ਇੱਥੇ ਪੱਕੇ ਤੌਰ 'ਤੇ ਪ੍ਰਦਰਸ਼ਿਤ ਕੀਤੀ ਗਈ ਹੈ। ਇਹ ਮਿਊਜ਼ੀਅਮ ਮਹਾਰਾਜਾ ਦਲੀਪ ਸਿੰਘ ਦੇ ਅਲਵੇਡਨ ਅਸਟੇਟ ਦੇ ਨੇੜੇ ਹੋਣ ਕਾਰਨ ਸਿੱਖ ਵਿਰਾਸਤ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਹੈ।

ਸੋਫੀਆ ਦੇ ਜਨਮ ਦੇ 150 ਸਾਲ ਪੂਰੇ ਹੋਣ 'ਤੇ ਕੇਨਸਿੰਗਟਨ ਪੈਲੇਸ ਵਿਖੇ 'ਦ ਲਾਸਟ ਪ੍ਰਿੰਸਿਜ਼ ਆਫ਼ ਪੰਜਾਬ' ਨਾਂਅ ਦੀ ਵਿਸ਼ੇਸ਼ ਇਤਿਹਾਸਕ ਪ੍ਰਦਰਸ਼ਨੀ ਲਗਾਈ ਗਈ ਹੈ। ਇੱਥੇ ਉਸ ਦੇ ਬਚਪਨ ਦਾ ਰੌਕਿੰਗ ਹਾਰਸ, ਸ਼ਾਹੀ ਲਿਬਾਸ, ਗ੍ਰਹਿ ਮੰਤਰੀ ਚਰਚਿਲ ਨੂੰ ਲਿਖੀ ਮੂਲ ਚਿੱਠੀ, ਅਦਾਲਤੀ ਦਸਤਾਵੇਜ਼ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਇਤਿਹਾਸਕ ਪੋਸਟਰ ਸਾਂਭੇ ਗਏ ਹਨ।

ਨਿਊ ਵਾਕ ਮਿਊਜ਼ੀਅਮ ਅਤੇ ਵਰਚੁਅਲ ਆਰਕਾਈਵ: 'ਸਿੱਖ ਮਿਊਜ਼ੀਅਮ ਇਨੀਸ਼ੀਏਟਿਵ' ਦੇ ਮੁਖੀ ਗੁਰਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਰਾਜਕੁਮਾਰੀ ਸੋਫੀਆ ਦੇ ਗਹਿਣਿਆਂ ਅਤੇ ਲਾਹੌਰ ਦਰਬਾਰ ਦੀਆਂ ਨਿਸ਼ਾਨੀਆਂ ਨੂੰ ਆਧੁਨਿਕ 34 ਤਕਨੀਕ ਰਾਹੀਂ ਡਿਜੀਟਲ ਰੂਪ ਦਿੱਤਾ ਗਿਆ ਹੈ, ਤਾਂ ਜੋ ਨਵੀਂ ਪੀੜ੍ਹੀ ਘਰ ਬੈਠੇ ਇਸ ਵਿਰਾਸਤ ਨੂੰ ਬਰੀਕੀ ਨਾਲ ਦੇਖ ਸਕੇ।

ਬ੍ਰਿਟਿਸ਼ ਲਾਇਬ੍ਰੇਰੀ ਅਤੇ ਡਾਕ ਟਿਕਟ: ਬ੍ਰਿਟਿਸ਼ ਲਾਇਬ੍ਰੇਰੀ ਵਿੱਚ ਖ਼ੁਫ਼ੀਆ ਏਜੰਸੀਆਂ ਦੀਆਂ ਉਹ ਗੁਪਤ ਫ਼ਾਈਲਾਂ ਮੌਜੂਦ ਹਨ, ਜੋ ਦਰਸਾਉਂਦੀਆਂ ਹਨ ਕਿ ਸਾਮਰਾਜ ਇਸ ਬਾਗ਼ੀ ਰਾਜਕੁਮਾਰੀ ਤੋਂ ਕਿੰਨਾ ਡਰਦਾ ਸੀ। ਸਾਲ 2018 ਵਿੱਚ ਰਾਇਲ ਮੇਲ ਨੇ ਔਰਤਾਂ ਦੇ ਵੋਟ ਅਧਿਕਾਰ ਦੇ 100 ਸਾਲ ਪੂਰੇ ਹੋਣ 'ਤੇ ਸੋਫੀਆ ਦੀ ਤਸਵੀਰ ਵਾਲੀ ਵਿਸ਼ੇਸ਼ ਡਾਕ ਟਿਕਟ ਜਾਰੀ ਕਰ ਕੇ ਉਸ ਦੀ ਕੁਰਬਾਨੀ ਨੂੰ ਮਾਨਤਾ ਦਿੱਤੀ ਸੀ।

ਸਾਲ 1948 ਵਿੱਚ, ਭਾਰਤ ਦੀ ਆਜ਼ਾਦੀ ਤੋਂ ਇੱਕ ਸਾਲ ਬਾਅਦ, ਰਾਜਕੁਮਾਰੀ ਸੋਫੀਆ ਦਾ ਦੇਹਾਂਤ ਹੋ ਗਿਆ। ਆਪਣੀ ਮੌਤ ਤੋਂ ਪਹਿਲਾਂ ਜਦੋਂ ਇੱਕ ਮਹਿਲਾ ਡਾਇਰੈਕਟਰੀ ਲਈ ਉਸ ਕੋਲੋਂ ਉਸ ਦੇ ਜੀਵਨ ਦੇ ਸ਼ੌਕ ਅਤੇ ਕੰਮ ਬਾਰੇ ਪੁੱਛਿਆ ਗਿਆ, ਤਾਂ ਉਸ ਨੇ ਇੱਕ ਲਾਈਨ ਲਿਖੀ ਸੀ: 'ਔਰਤਾਂ ਦੀ ਤਰੱਕੀ।' ਨੋਰਫੋਕ ਦੇ ਅਜਾਇਬਘਰ ਵਿੱਚ ਰੱਖੀ ਇਹ ਜੜਾਊ ਮੁੰਦਰੀ ਅੱਜ ਵੀ ਉਸ ਦਲੇਰ ਧੀ ਦੀ ਮਾਨਵਤਾ, ਸਾਦਗੀ ਅਤੇ ਆਜ਼ਾਦੀ ਦੇ ਅਟੱਲ ਜਜ਼ਬੇ ਦੀ ਅਮਰ ਕਹਾਣੀ ਬਿਆਨ ਕਰ ਰਹੀ ਹੈ।

***

## ਪੰਜਾਬੀ ਕੌਂਸਲਰ ਨਵਜੀਤ ਕੌਰ ਦੀ ਤਸਵੀਰ 'ਤੇ ਕਾਟਾ

ਉਨ੍ਹਾਂ ਸਵਾਲ ਉਠਾਇਆ:ਜੇਕਰ ਕੋਈ ਪੰਜਾਬੀ ਵਾਲੰਟੀਅਰ, ਡਾਕ ਕਰਮਚਾਰੀ ਜਾਂ ਡਿਲੀਵਰੀ ਦੇਣ ਵਾਲਾ ਅਜਿਹੇ ਘਰ ਜਾਵੇ ਤਾਂ ਉਸ ਦੇ ਦਿਲ 'ਤੇ ਕੀ ਬੀਤੇਗੀ ? ਅਜਿਹੇ ਸੰਦੇਸ਼ ਲੋਕਾਂ ਵਿੱਚ ਅਸੁਰੱਖਿਆ ਪੈਦਾ ਕਰਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਇੱਕ ਵਿਅਕਤੀ ਜਾਂ ਘਰ ਵੱਲੋਂ ਕੀਤੀ ਗਈ ਅਜਿਹੀ ਘਟੀਆ ਹਰਕਤ ਪੂਰੇ ਬਰੈਂਪਟਨ ਸ਼ਹਿਰ ਜਾਂ ਪੰਜਾਬੀ ਭਾਈਚਾਰੇ ਦੀ ਪਛਾਣ ਨਹੀਂ ਹੋ ਸਕਦੀ, ਬਰੈਂਪਟਨ ਦੀ ਅਸਲ ਤਾਕਤ ਆਪਸੀ ਏਕਤਾ ਅਤੇ ਸਾਂਝ ਹੈ।

### ਪੁਲਿਸ ਕਾਰਵਾਈ ਅਤੇ ਜਾਂਚ ਦਾ ਰੁਖ਼

ਪੀਲ ਰੀਜਨਲ ਪੁਲੀਸ ਦੇ ਧਿਆਨ ਵਿੱਚ ਇਹ ਮਾਮਲਾ ਆਉਣ ਤੋਂ ਬਾਅਦ ਸਥਾਨਕ ਪੱਧਰ 'ਤੇ ਅਜਿਹੀਆਂ ਘਟਨਾਵਾਂ ਨੂੰ 'ਹੇਟ ਕ੍ਰਾਈਮ' ਅਤੇ 'ਨਫ਼ਰਤ ਤੋਂ ਪ੍ਰੇਰਿਤ ਘਟਨਾ' ਦੇ ਦਾਇਰੇ ਵਿੱਚ ਰੱਖ ਕੇ ਦੇਖਿਆ ਜਾ ਰਿਹਾ ਹੈ। ਪੁਲਿਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਚੋਣਾਂ ਦੌਰਾਨ ਕਿਸੇ ਖ਼ਾਸ ਨਸਲ, ਭਾਸ਼ਾ ਜਾਂ ਧਰਮ ਦੇ ਆਧਾਰ 'ਤੇ ਉਮੀਦਵਾਰਾਂ ਨੂੰ ਧਮਕਾਉਣ ਜਾਂ ਸਮਾਜ ਵਿੱਚ ਵੰਡੀਆਂ ਪਾਉਣ ਵਾਲੀਆਂ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਸਬੰਧੀ ਢੁਕਵੀਂ ਕਾਰਵਾਈ ਕੀਤੀ ਜਾ ਰਹੀ ਹੈ।

### ਸਿਆਸੀ ਆਗੂ ਤੇ ਪੰਥਕ ਧਿਰਾਂ ਇਕਮੁੱਠ

ਇਸ ਘਟਨਾ ਤੋਂ ਬਾਅਦ ਕੈਨੇਡਾ ਦੀ ਸਿਆਸਤ ਵਿੱਚੋਂ ਨਵਜੀਤ ਕੌਰ ਦੇ ਹੱਕ ਵਿੱਚ ਜ਼ੋਰਦਾਰ ਸਮਰਥਨ ਜੁਟਿਆ ਹੈ।

ਜਗਮੀਤ ਸਿੰਘ (ਐੱਨ.ਡੀ.ਪੀ.ਆਗੂ) ਨੇ ਨਵਜੀਤ ਕੌਰ ਦੇ ਜਵਾਬ ਦੀ ਸ਼ਲਾਘਾ ਕਰਦਿਆਂ ਹਮਦਰਦੀ ਪ੍ਰਗਟਾਈ ਅਤੇ ਕਿਹਾ ਕਿ ਕੈਨੇਡਾ ਵਿੱਚ ਨਫ਼ਰਤ ਫੈਲਾਉਣ ਵਾਲਿਆਂ ਲਈ ਕੋਈ ਥਾਂ ਨਹੀਂ ਹੈ।

ਗ੍ਰਾਹਮ ਮੈਕਗ੍ਰੇਗਰ (ਐੱਮ.ਪੀ.ਪੀ.) ਅਤੇ ਮਾਰਟਿਨ ਮੇਡੀਰੋਸ (ਕੌਂਸਲਰ) ਨੇ ਪੰਜਾਬੀਆਂ ਅਤੇ ਘੱਟ-ਗਿਣਤੀਆਂ ਖ਼ਿਲਾਫ਼ ਇਸ ਹਰਕਤ ਨੂੰ ਸ਼ਰਮਨਾਕ ਤੇ ਅਸਵੀਕਾਰਨਯੋਗ ਕਰਾਰ ਦਿੱਤਾ।

ਕੈਨੇਡਾ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੇ ਇਸ ਮਾਮਲੇ 'ਤੇ ਸਖ਼ਤ ਨਾਰਾਜ਼ਗੀ ਪ੍ਰਗਟਾਈ ਹੈ। ਪੰਥਕ ਆਗੂਆਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੀ ਵੱਡੀ ਘਾਲਣਾ ਹੈ, ਪਰ ਚੋਣਾਂ ਦੇ ਦਿਨਾਂ ਵਿੱਚ ਜਾਣਬੁੱਝ ਕੇ ਨਸਲਵਾਦ ਭੜਕਾਇਆ ਜਾ ਰਿਹਾ ਹੈ। ਇੱਕ ਦਸਤਾਰਧਾਰੀ ਸਿੱਖ ਮਹਿਲਾ ਆਗੂ ਦੀ ਤਸਵੀਰ 'ਤੇ ਕਾਟਾ ਮਾਰਨਾ ਅਤੇ 'ਨੋ ਪੰਜਾਬੀ' ਵਰਗੇ ਬੋਰਡ ਲਗਾਉਣਾ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਕਾਰਵਾਈ ਹੈ। ਪੰਥਕ ਜਥੇਬੰਦੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਫ਼ਰਤੀ ਸੰਦੇਸ਼ ਲਗਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਦਮ ਚੁੱਕੇ ਜਾਣ ਤਾਂ ਜੋ ਘੱਟ-ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਘਟਨਾ ਇਸ ਵੇਲੇ ਕੈਨੇਡਾ ਵਿੱਚ ਚੋਣ ਪ੍ਰਚਾਰ ਦੇ ਦੌਰਾਨ ਨਸਲੀ ਵਿਤਕਰੇ ਅਤੇ ਭਾਈਚਾਰਕ ਏਕਤਾ 'ਤੇ ਵੱਡੀ ਬਹਿਸ ਦਾ ਵਿਸ਼ਾ ਬਣੀ ਹੋਈ ਹੈ।

***

## ਕੈਨੇਡਾ 'ਚ ਮਹਿੰਗਾਈ ਕਾਰਨ

*ਓਨਟਾਰੀਓ: 846,724 ਦੌਰੇ — ਲਗਪਗ 11 ਫ਼ੀਸਦੀ ਵਾਧਾ।
*ਕਿਊਬੈਕ: 785,889 ਦੌਰੇ — 5 ਫ਼ੀਸਦੀ ਵਾਧਾ।
* ਬ੍ਰਿਟਿਸ਼ ਕੋਲੰਬੀਆ: 250,505 ਦੌਰੇ — 14 ਫ਼ੀਸਦੀ ਵਾਧਾ।

ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਮਹਿੰਗੇ ਮਕਾਨ, ਵਧਦੇ ਕਿਰਾਏ, ਕਰਿਆਨੇ ਦੀਆਂ ਉੱਚੀਆਂ ਕੀਮਤਾਂ ਅਤੇ ਹੋਰ ਰੋਜ਼ਾਨਾ ਖ਼ਰਚੇ ਵੱਡੀ ਗਿਣਤੀ ਵਿੱਚ ਪਰਿਵਾਰਾਂ ਦੇ ਬਜਟ ਨੂੰ ਪ੍ਰਭਾਵਿਤ ਕਰ ਰਹੇ ਹਨ। ਭੋਜਨ ਜਾਂ ਕਿਰਾਇਆ, ਲੋਕਾਂ ਸਾਹਮਣੇ ਵੱਡੀ ਚੁਣੌਤੀ

ਫੂਡ ਬੈਂਕਾਂ 'ਤੇ ਵਧਦੀ ਨਿਰਭਰਤਾ ਕੈਨੇਡਾ ਵਿੱਚ ਘਰੇਲੂ ਆਰਥਿਕ ਦਬਾਅ ਦੀ ਗੰਭੀਰਤਾ ਨੂੰ ਉਜਾਗਰ ਕਰਦੀ ਹੈ। ਬਹੁਤ ਸਾਰੇ ਪਰਿਵਾਰਾਂ ਲਈ ਆਮਦਨ ਵਿੱਚੋਂ ਘਰ ਦਾ ਕਿਰਾਇਆ, ਬਿਜਲੀ ਦੇ ਬਿੱਲ, ਆਵਾਜਾਈ ਅਤੇ ਖਾਣ-ਪੀਣ ਦਾ ਖ਼ਰਚਾ ਪੂਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ।

ਰਿਪੋਰਟ ਦੇ ਅੰਕੜੇ ਇਹ ਸਵਾਲ ਵੀ ਖੜ੍ਹਾ ਕਰਦੇ ਹਨ ਕਿ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਕਿਹੜੇ ਕਦਮ ਚੁੱਕੇ ਜਾਣ ਦੀ ਲੋੜ ਹੈ, ਤਾਂ ਜੋ ਕਿਸੇ ਵੀ ਪਰਿਵਾਰ ਨੂੰ ਪੇਟ ਭਰਨ ਅਤੇ ਸਿਰ 'ਤੇ ਛੱਤ ਕਾਇਮ ਰੱਖਣ ਵਿੱਚੋਂ ਇੱਕ ਦੀ ਚੋਣ ਨਾ ਕਰਨੀ ਪਵੇ।

***

## ਮਾਨਸਾ ਵਿੱਚ ਨਸ਼ੇ ਕਾਰਨ ਨੌਜਵਾਨ ਦੀ ਮੌਤ

ਪੰਜਾਬ ਕਾਂਗਰਸ ਪ੍ਰਧਾਨ ਪਰਗਟ ਸਿੰਘ ਨੇ ਸਰਕਾਰ ਨੂੰ 'ਪੁਲਿਸ ਰਾਜ' ਕਰਾਰ ਦਿੰਦਿਆਂ ਕਿਹਾ ਕਿ ਵਿਧਾਨ ਸਭਾ ਵਿੱਚ 95 ਸੀਟਾਂ ਜਿੱਤ ਕੇ 'ਰੰਗਲਾ ਪੰਜਾਬ' ਦੇ ਦਾਅਵੇ ਕਰਨ ਵਾਲੇ ਹਾਕਮਾਂ ਨੂੰ ਪੰਜਾਬ ਦੀਆਂ ਸੜਕਾਂ 'ਤੇ ਰੁਲਦੀਆਂ ਨੌਜਵਾਨਾਂ ਦੀਆਂ ਲਾਸ਼ਾਂ ਨਜ਼ਰ ਨਹੀਂ ਆ ਰਹੀਆਂ। ਉਨ੍ਹਾਂ ਕਿਹਾ ਕਿ ਇਨਸਾਫ਼ ਮੰਗ ਰਹੇ ਪੀੜਤ ਪਰਿਵਾਰਾਂ 'ਤੇ ਲਾਠੀਆਂ ਵਰ੍ਹਾਉਣਾ ਸਰਕਾਰ ਦੀ ਨਾਕਾਮੀ ਦਾ ਸਬੂਤ ਹੈ।

ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਇਆ ਕਿ ਸੂਬੇ ਵਿੱਚ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲਾਤ ਪੂਰੀ ਤਰ੍ਹਾਂ ਕਾਬੂ ਤੋਂ ਬਾਹਰ ਹੋ ਚੁੱਕੇ ਹਨ ਅਤੇ ਰਾਜਪਾਲ ਨੂੰ ਪੰਜਾਬ ਵਿੱਚ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋਣ ਦੇ ਆਧਾਰ 'ਤੇ ਰਾਸ਼ਟਰਪਤੀ ਰਾਜ ਲਗਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਸਿਆਸੀ ਵਿਸ਼ਲੇਸ਼ਕਾਂ ਅਤੇ ਡਾ. ਖ਼ੁਸ਼ਹਾਲ ਸਿੰਘ ਅਨੁਸਾਰ ਮਾਨਸਾ ਦੀ ਘਟਨਾ ਲੰਮੇ ਸਮੇਂ ਤੋਂ ਪੈਦਾ ਹੋ ਰਹੀ ਬੇਚੈਨੀ ਦਾ ਸਿੱਟਾ ਹੈ। ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਸ਼ੇ ਨਾਲ ਹੋ ਰਹੀਆਂ ਮੌਤਾਂ ਕਾਰਨ ਲੋਕਾਂ ਦਾ ਗੁੱਸਾ ਵਧ ਰਿਹਾ ਹੈ। ਪ੍ਰਸ਼ਾਸਨ ਨੂੰ ਡਰ ਹੈ ਕਿ ਮ੍ਰਿਤਕ ਦੇਹਾਂ ਵੱਡੇ ਧਰਨਿਆਂ (ਜਿਵੇਂ ਪਰਵਿੰਦਰ ਝੋਟਾ ਮੋਰਚਾ) ਵਿੱਚ ਪਹੁੰਚਣ ਨਾਲ ਇਹ ਇੱਕ ਵਿਸ਼ਾਲ ਸਰਕਾਰ ਵਿਰੋਧੀ ਅੰਦੋਲਨ ਦਾ ਰੂਪ ਧਾਰ ਸਕਦੀਆਂ ਹਨ। ਇਸੇ ਡਰ ਕਾਰਨ ਪ੍ਰਸ਼ਾਸਨ ਸੰਵੇਦਨਸ਼ੀਲਤਾ ਛੱਡ ਕੇ ਪੁਲਿਸ ਦੇ ਜ਼ੋਰ ਨਾਲ ਲਾਸ਼ਾਂ ਖੋਹਣ ਦਾ ਰਾਹ ਅਪਣਾ ਰਿਹਾ ਹੈ, ਜੋ ਸਮਾਜਿਕ ਪੱਧਰ 'ਤੇ ਕਾਫ਼ੀ ਵਿਸਫੋਟਕ ਹਾਲਾਤ ਪੈਦਾ ਕਰ ਰਿਹਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਕਿਸਾਨ ਯੂਨੀਅਨਾਂ ਦਾ ਨੈੱਟਵਰਕ ਬੇਹੱਦ ਮਜ਼ਬੂਤ ਹੈ। ਜਦੋਂ ਕਿਸਾਨ ਯੂਨੀਅਨਾਂ (ਜਿਵੇਂ ਬੀਕੇਯੂ ਉਗਰਾਹਾਂ) ਸਮਾਜਿਕ ਮੁੱਦਿਆਂ ਅਤੇ ਪੁਲਿਸ ਜਬਰ ਵਿਰੁੱਧ ਮੈਦਾਨ ਵਿੱਚ ਉੱਤਰਦੀਆਂ ਹਨ, ਤਾਂ ਇਹ ਸਥਾਨਕ ਮਸਲਾ ਰਾਜ ਪੱਧਰੀ ਟਕਰਾਅ ਦਾ ਰੂਪ ਧਾਰ ਲੈਂਦਾ ਹੈ। ਥਾਣਿਆਂ ਦੇ ਘਿਰਾਓ ਦਾ ਸੱਦਾ ਸਿੱਧੇ ਤੌਰ 'ਤੇ ਸਰਕਾਰ ਦੇ ਪ੍ਰਸ਼ਾਸਨਿਕ ਤੰਤਰ ਨੂੰ ਠੱਪ ਕਰਨ ਦੀ ਸਮਰੱਥਾ ਰੱਖਦਾ ਹੈ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਆਉਣ ਵਾਲੀਆਂ ਚੋਣਾਂ ਅਤੇ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਵਿਰੋਧੀ ਧਿਰਾਂ ਨੂੰ ਸਰਕਾਰ ਦੀ ਘੇਰਾਬੰਦੀ ਲਈ ਇੱਕ ਤਿਆਰ-ਬਰ-ਤਿਆਰ ਭਾਵੁਕ ਅਤੇ ਠੋਸ ਮੁੱਦਾ ਮਿਲ ਗਿਆ ਹੈ। ਦਸਤਾਰਾਂ ਦੀ ਬੇਅਦਬੀ ਅਤੇ ਪੁਲਿਸ ਜਬਰ ਦੇ ਦੋਸ਼ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਜੋ ਸੱਤਾਧਾਰੀ ਧਿਰ ਲਈ ਚੈਲਿੰਜ ਬਣਨਗੇ।

ਭਾਜਪਾ ਦੇ ਸੀਨੀਅਰ ਆਗੂ ਡਾਕਟਰ ਇਕਬਾਲ ਸਿੰਘ ਲਾਲਪੁਰਾ ਦਾ ਕਹਿਣਾ ਹੈ ਕਿ ਲੋਕਾਂ ਦਾ ਪੁਲਿਸ ਜਾਂਚ ਅਤੇ ਨਿਆਂ ਪ੍ਰਣਾਲੀ ਤੋਂ ਭਰੋਸਾ ਉੱਠਣਾ ਸੂਬੇ ਦੇ ਅਮਨ-ਕਾਨੂੰਨ ਲਈ ਖ਼ਤਰਨਾਕ ਸੰਕੇਤ ਹੈ। ਧਾਰਾ 307 ਅਤੇ 302 ਦੇ ਪਰਚੇ ਦਰਜ ਕਰਨ ਦੇ ਪੁਲਿਸ ਦਾਅਵਿਆਂ ਨੂੰ ਲੋਕ ਮਹਿਜ਼ ਧਿਆਨ ਭਟਕਾਉਣ ਵਾਲੀ ਕਾਰਵਾਈ ਵਜੋਂ ਦੇਖ ਰਹੇ ਹਨ।

ਸਮੁੱਚੇ ਤੌਰ 'ਤੇ, ਮਾਨਸਾ ਦੀਆਂ ਸੜਕਾਂ 'ਤੇ ਵਾਪਰੇ ਘਟਨਾਕ੍ਰਮ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਸਿਰਫ਼ ਪ੍ਰਸ਼ਾਸਨਿਕ ਦਬਾਅ ਜਾਂ ਪੁਲਿਸ ਦੇ ਡੰਡੇ ਨਾਲ ਦਬਾਇਆ ਨਹੀਂ ਜਾ ਸਕਦਾ। ਜੇਕਰ ਸਰਕਾਰ ਨੇ ਜ਼ਮੀਨੀ ਪੱਧਰ 'ਤੇ ਸੰਵੇਦਨਸ਼ੀਲਤਾ, ਪਾਰਦਰਸ਼ਤਾ ਅਤੇ ਨਸ਼ਾ ਤਸਕਰਾਂ ਵਿਰੁੱਧ ਨਿਰਪੱਖ ਕਾਰਵਾਈ ਨਾ ਵਿਖਾਈ, ਤਾਂ ਇਹ ਲੋਕ ਰੋਹ ਪੰਜਾਬ ਵਿੱਚ ਸਰਕਾਰ ਲਈ ਹੋਰ ਵੱਡੀਆਂ ਮੁਸੀਬਤਾਂ ਖੜ੍ਹੀਆਂ ਕਰ ਸਕਦਾ ਹੈ।

### ਔਰਤ ਸ਼ਕਤੀਕਰਨ ਦੇ ਦਾਅਵੇ

ਮਨਸੂਈ ਗਰਭ ਧਾਰਨ ਜਿਹੀ ਤਕਨੀਕ ਨਾਲ ਜਦੋਂ ਮਾਪੇ ਨਰ ਸੈੱਲਾਂ ਦੀ ਚੋਣ ਕਰਵਾ ਕੇ ਗੈਰ-ਕੁਦਰਤੀ ਢੰਗਾਂ ਨਾਲ ਗਰਭ ਧਾਰਨ ਕਰਦੇ ਹਨ ਤਾਂ ਇਹੋ ਜਿਹੇ ਨਾਅਰੇ ਤੇ ਦਾਅਵੇ ਝੂਠੇ ਸਾਬਤ ਹੋ ਜਾਂਦੇ ਹਨ।

ਸੋ, ਸਿਆਸੀ ਪਾਰਟੀਆਂ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਔਰਤ ਸ਼ਕਤੀਕਰਨ ਦੇ ਵਾਅਦੇ, ਪ੍ਰੋਗਰਾਮ ਜਾਂ ਨੀਤੀਆਂ/ਸਕੀਮਾਂ ਆਦਿ ਦੇ ਐਲਾਨ ਕਰ ਕੇ ਦਾਅਵੇ ਕੀਤੇ ਜਾਂਦੇ ਹਨ ਕਿ ਉਹੀ ਔਰਤ ਸ਼ਕਤੀਕਰਨ ਦੇ ਅਲੰਬਰਦਾਰ ਹਨ ਪਰ ਹਕੀਕਤ ਕੀ ਹੈ, ਇਹ ਵੀ ਸਰਕਾਰੀ ਅੰਕੜੇ ਅਤੇ ਸੰਸਾਰ ਪੱਧਰ ਦੀਆਂ ਰਿਪੋਰਟਾਂ ਦੱਸ ਦਿੰਦੀਆਂ ਹਨ। ਇਸ ਲਈ ਕੌਮਾਂਤਰੀ ਔਰਤ ਦਿਵਸ ਮਨਾਉਣ ਦਾ ਮਕਸਦ ਕੇਵਲ ਕਾਨਫਰੰਸਾਂ ਕਰ ਕੇ ਬਹਿਸਾਂ ਤੇ ਭਾਸ਼ਣ ਕਰਵਾਉਣਾ ਹੀ ਨਹੀਂ; ਜ਼ਰੂਰਤ ਇਸ ਗੱਲ ਦੀ ਹੈ ਕਿ ਔਰਤਾਂ ਵਿਰੁੱਧ ਹੋ ਰਹੀਆਂ ਹਿੰਸਕ ਘਟਨਾਵਾਂ, ਪੱਖਪਾਤ, ਵਖਰੇਵਾਂ, ਨਾ-ਬਰਾਬਰੀ ਆਦਿ ਨੂੰ ਖ਼ਤਮ ਕਰਨਾ, ਸੰਵਿਧਾਨ ਅਨੁਸਾਰ ਦਰਜ ਕੀਤੇ ਹਰ ਨਾਗਰਿਕ (ਮਰਦ ਔਰਤ) ਨੂੰ ਹਰ ਪੱਖ ਤੋਂ ਬਰਾਬਰ ਸਮਝਣਾ, ਮਰਦ ਪ੍ਰਧਾਨ ਸਮਾਜ ਵਿੱਚ ਔਰਤ ਵਿਰੁੱਧ ਮੌਜੂਦ ਧਾਰਨਾਵਾਂ, ਸੰਕਲਪ, ਬੋਲੀ ਜਾਂਦੀ ਸ਼ਬਦਾਵਲੀ, ਵਰਤਾਰਾ ਆਦਿ ਉੱਪਰ ਸੁਹਿਰਦਤਾ ਨਾਲ ਵਿਚਾਰ ਵਟਾਂਦਰਾ ਕਰਨਾ। ਸਭਿਅਕ ਅਤੇ ਮਰਦ ਔਰਤ ਬਰਾਬਰੀ ਵਾਲੇ ਸਮਾਜ ਉਸਾਰਨ ਵਿੱਚ ਜਮਹੂਰੀ ਅਧਿਕਾਰਾਂ ਦੀ ਪਛਾਣ ਰੱਖਣ ਵਾਲਿਆਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੀ ਅਹਿਮ ਭੂਮਿਕਾ ਹੈ। ਔਰਤ ਨੂੰ ਵੀ ਆਪਣੇ ਆਪ ਨੂੰ ਕਮਜ਼ੋਰ, ਅਬਲਾ, ਨਾਜ਼ੁਕ ਆਦਿ ਸਮਝਣ ਦੀ ਥਾਂ ਆਪਣੀ ਸਮਰੱਥਾ ਤੇ ਕਾਬਲੀਅਤ ਨੂੰ ਜਾਗਰੂਕ ਕਰਨਾ ਪਵੇਗਾ। ਕਿਸੇ ਬਾਹਰੀ ਤਾਕਤ ਦਾ ਸਹਾਰਾ ਲੱਭਣ ਦੀ ਥਾਂ ਮਿਲ ਜੁਲ ਕੇ ਸਚਿਆਰੇ ਵਿਅਕਤੀਆਂ ਦਾ ਕਾਫਲਾ ਬਣਾਉਂਦੇ ਹੋਏ ਅੱਗੇ ਵਧਣਾ ਪਵੇਗਾ।

***

### ਸਮਾਂ ਬਦਲਣ ਨਾਲ ਬਦਲੇ

ਤਿਉਹਾਰ ਕੁਝ ਦਿਨਾਂ ਦੀ ਖ਼ੁਸ਼ੀ ਹਨ ਪਰ ਸਿਹਤ ਲੰਮੇ ਸਮੇਂ ਦੀ ਪੂੰਜੀ ਹੈ। ਇਸ ਸੀਜ਼ਨ 'ਚ ਮਠਿਆਈਆਂ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀ ਮੰਗ ਵਧ ਜਾਂਦੀ ਹੈ। ਇਸੇ ਦੌਰਾਨ ਮਿਲਾਵਟਖੋਰ ਵੀ ਸਰਗਰਮ ਹੋ ਜਾਂਦੇ ਹਨ। ਖ਼ਰੀਦਦਾਰੀ ਕਰਦਿਆਂ ਭਰੋਸੇਯੋਗ ਦੁਕਾਨਦਾਰ ਤੋਂ ਸਾਮਾਨ ਲੈਣਾ, ਪੈਕ ਕੀਤੀਆਂ ਵਸਤਾਂ ਦੀ ਮਿਆਦ ਦੇਖਣਾ ਤੇ ਸ਼ੱਕੀ ਰੰਗ, ਗੰਧ ਜਾਂ ਬਣਾਵਟ ਵਾਲੀਆਂ ਚੀਜ਼ਾਂ ਤੋਂ ਬਚਣਾ ਜ਼ਰੂਰੀ ਹੈ। ਤਿਉਹਾਰ ਦੀ ਖ਼ੁਸ਼ੀ ਸਿਹਤ ਖ਼ਰਾਬ ਕਰ ਕੇ ਮਹਿੰਗੀ ਨਹੀਂ ਪੈਣੀ ਚਾਹੀਦੀ।

ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਹਰ ਕੋਈ ਆਪਣੇ ਕੰਮ, ਪੜ੍ਹਾਈ ਤੇ ਹੋਰ ਜ਼ਿੰਮੇਵਾਰੀਆਂ ਵਿੱਚ ਰੁੱਝਿਆ ਹੋਇਆ ਹੈ। ਕਈ ਵਾਰ ਪਰਿਵਾਰਕ ਮੈਂਬਰ ਇੱਕੋ ਘਰ 'ਚ ਰਹਿੰਦੇ ਹੋਏ ਵੀ ਇਕੱਠੇ ਬੈਠਣ ਤੇ ਗੱਲਬਾਤ ਕਰਨ ਲਈ ਸਮਾਂ ਨਹੀਂ ਕੱਢ ਪਾਉਂਦੇ ਅਜਿਹੇ 'ਚ ਤਿਉਹਾਰ ਸਾਰਿਆਂ ਨੂੰ ਇਕੱਠੇ ਹੋਣ ਦਾ ਮੌਕਾ ਦਿੰਦੇ ਹਨ। ਤਿਉਹਾਰ ਸਾਨੂੰ ਇਹ ਵੀ ਯਾਦ ਦਿਵਾਉਂਦੇ ਹਨ ਕਿ ਖ਼ੁਸ਼ੀਆਂ ਸਿਰਫ਼ ਪੈਸੇ ਨਾਲ ਨਹੀਂ ਖ਼ਰੀਦੀਆਂ ਜਾ ਸਕਦੀਆਂ। ਆਪਣੇ ਮਾਪਿਆਂ ਨਾਲ ਬਿਤਾਏ ਕੁਝ ਪਲ, ਬੱਚਿਆਂ ਦੀਆਂ ਮਾਸੂਮ ਮੁਸਕਰਾਹਟਾਂ ਤੇ ਪਰਿਵਾਰ ਨਾਲ ਮਿਲ ਕੇ ਖਾਧਾ ਭੋਜਨ ਜ਼ਿੰਦਗੀ ਦੀਆਂ ਅਨਮੋਲ ਦੌਲਤਾਂ ਹਨ। ਇਸ ਲਈ ਤਿਉਹਾਰਾਂ ਨੂੰ ਸਿਰਫ਼ ਖ਼ਰੀਦਦਾਰੀ ਤੇ ਦਿਖਾਵੇ ਤੱਕ ਸੀਮਤ ਕਰਨ ਦੀ ਬਜਾਏ ਇਨ੍ਹਾਂ ਨੂੰ ਪਰਿਵਾਰਕ ਸਾਂਝ ਵਧਾਉਣ ਦਾ ਮਾਧਿਅਮ ਬਣਾਉਣਾ ਚਾਹੀਦਾ ਹੈ।

ਤਿਉਹਾਰਾਂ ਵਿਚ ਬਜ਼ੁਰਗਾਂ ਦੀ ਇਕੱਲਤਾ ਹੋਰ ਉੱਭਰ ਕੇ ਸਾਹਮਣੇ ਆਉਂਦੀ ਹੈ। ਬੱਚੇ ਦੂਰ ਵੱਸਦੇ ਹੋਣ ਜਾਂ ਫਿਰ ਪਰਿਵਾਰ ਆਪਣੇ ਕੰਮਾਂ ਵਿਚ ਰੁੱਝਿਆ ਹੋਵੇ ਤਾਂ ਤਿਉਹਾਰ ਉਨ੍ਹਾਂ ਲਈ ਉਡੀਕ ਬਣ ਸਕਦਾ ਹੈ। ਉਨ੍ਹਾਂ ਨਾਲ ਬੈਠਣਾ, ਉਨ੍ਹਾਂ ਦੀਆਂ ਗੱਲਾਂ ਸੁਣਨਾ ਤੇ ਉਨ੍ਹਾਂ ਨੂੰ ਪਰਿਵਾਰਕ ਖ਼ੁਸ਼ੀ ਵਿਚ ਸ਼ਾਮਲ ਕਰਨਾ ਸਭ ਤੋਂ ਵੱਡਾ ਤੋਹਫ਼ਾ ਹੋ ਸਕਦਾ ਹੈ। ਕਈ ਵਾਰ ਕੁਝ ਘੰਟਿਆਂ ਦੀ ਸੰਗਤ ਮਹਿੰਗੇ ਤੋਹਫ਼ੇ ਨਾਲੋਂ ਵੱਧ ਕੀਮਤੀ ਹੁੰਦੀ ਹੈ। ਤਿਉਹਾਰਾਂ ਦੀ ਅਸਲ ਸਫਲਤਾ ਉਸ ਦਿਨ ਹੋਵੇਗੀ, ਜਦੋਂ ਬਾਜ਼ਾਰਾਂ ਦੀ ਚਮਕ ਦੇ ਨਾਲ ਮਨੁੱਖੀ ਰਿਸ਼ਤਿਆਂ 'ਚ ਵੀ ਨਿੱਘ ਹੋਵੇਗਾ, ਘਰਾਂ ਦੀ ਰੌਸ਼ਨੀ ਦੇ ਨਾਲ ਦਿਲਾਂ 'ਚ ਵੀ ਚਾਨਣ ਹੋਵੇਗਾ ਤੇ ਸਾਡੀਆਂ ਨਿੱਜੀ ਖ਼ੁਸ਼ੀਆਂ ਸਮਾਜ ਦੀ ਸਾਂਝੀ ਖ਼ੁਸ਼ੀ ਦਾ ਹਿੱਸਾ ਬਣਨਗੀਆਂ ਕਿਉਂਕਿ ਤਿਉਹਾਰਾਂ ਦੀ ਅਸਲ ਰੌਣਕ ਸਜਾਵਟਾਂ 'ਚ ਨਹੀਂ ਸਗੋਂ ਉਸ ਅਪਣੱਤ ਵਿਚ ਹੈ, ਜੋ ਇਕ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਲਿਆਉਂਦੀ ਹੈ।

ਤਿਉਹਾਰਾਂ ਦੌਰਾਨ ਪਟਾਕਿਆਂ ਦੀ ਤੇਜ਼ ਆਵਾਜ਼ ਪਾਲਤੂ ਤੇ ਬੇਸਹਾਰਾ ਜਾਨਵਰਾਂ ਨੂੰ ਡਰਾ ਦਿੰਦੀ ਹੈ। ਪਾਲਤੂ ਜਾਨਵਰਾਂ ਨੂੰ ਸੁਰੱਖਿਅਤ ਥਾਂ ਰੱਖਣਾ ਤੇ ਸੜਕਾਂ 'ਤੇ ਘੁੰਮਦੇ ਜਾਨਵਰਾਂ ਪ੍ਰਤੀ ਸੰਵੇਦਨਸ਼ੀਲ ਰਹਿਣਾ ਸਾਡੀ ਜ਼ਿੰਮੇਵਾਰੀ ਹੈ। ਜੇ ਸਾਡੇ ਆਲੇ-ਦੁਆਲੇ ਕੋਈ ਬੇਸਹਾਰਾ ਕੁੱਤਾ, ਬਿੱਲੀ ਜਾਂ ਹੋਰ ਜਾਨਵਰ ਡਰਿਆ ਹੋਇਆ ਦਿਖਾਈ ਦੇਵੇ ਤਾਂ ਉਸ ਨਾਲ ਪਿਆਰ ਤੇ ਹਮਦਰਦੀ ਨਾਲ ਪੇਸ਼ ਆਈਏ। ਤਿਉਹਾਰਾਂ ਨੂੰ ਪਿਆਰ, ਦਇਆ ਤੇ ਸਾਂਝੀਵਾਲਤਾ ਨਾਲ ਮਨਾਉਣਾ ਚਾਹੀਦਾ ਹੈ ਕਿਉਂਕਿ ਸਾਡੀ ਖ਼ੁਸ਼ੀ ਕਿਸੇ ਬੇਜ਼ੁਬਾਨ ਦੇ ਡਰ ਜਾਂ ਦਰਦ ਦਾ ਕਾਰਨ ਨਹੀਂ ਬਣਨੀ ਚਾਹੀਦੀ।

ਤਿਉਹਾਰਾਂ ਦੀ ਸਜਾਵਟ ਕੁਦਰਤ ਦੀ ਕੀਮਤ 'ਤੇ ਨਹੀਂ ਹੋਣੀ ਚਾਹੀਦੀ। ਪਲਾਸਟਿਕ ਦੀ ਵਰਤੋਂ ਘਟਾਉਣੀ, ਕੂੜਾ ਇਧਰ-ਉਧਰ ਨਾ ਸੁੱਟਣਾ ਅਤੇ ਪ੍ਰਦੂਸ਼ਣ ਘਟਾਉਣ ਵਾਲੇ ਢੰਗ ਅਪਣਾਉਣੇ ਚਾਹੀਦੇ ਹਨ। ਵਾਤਾਵਰਨ ਦੀ ਸੰਭਾਲ ਲਈ ਅਸੀਂ ਛੋਟੇ-ਛੋਟੇ ਪਰ ਮਹੱਤਵਪੂਰਨ ਕਦਮ ਚੁੱਕ ਸਕਦੇ ਹਾਂ। ਸਜਾਵਟ ਲਈ ਪਲਾਸਟਿਕ ਦੀ ਥਾਂ ਫੁੱਲਾਂ, ਪੱਤਿਆਂ ਤੇ ਮੁੜ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕੂੜਾ ਸੜਕਾਂ, ਗਲੀਆਂ ਤੇ ਜਨਤਕ ਥਾਵਾਂ 'ਤੇ ਸੁੱਟਣ ਦੀ ਬਜਾਏ ਕੂੜੇਦਾਨ 'ਚ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪਾਣੀ ਅਤੇ ਬਿਜਲੀ ਦੀ ਬੇਲੋੜੀ ਵਰਤੋਂ ਤੋਂ ਬਚਣਾ ਚਾਹੀਦਾ ਹੈ। ਬੱਚਿਆਂ ਨੂੰ ਵੀ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ। ਜੇ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝੇ ਤਾਂ ਤਿਉਹਾਰਾਂ ਨੂੰ ਸਾਫ਼-ਸੁਥਰੇ ਤੇ ਵਾਤਾਵਰਨ-ਪੱਖੀ ਢੰਗ ਨਾਲ ਮਨਾਇਆ ਜਾ ਸਕਦਾ ਹੈ। ਕੁਦਰਤ ਨੂੰ ਨੁਕਸਾਨ ਪਹੁੰਚਾ ਕੇ ਮਨਾਇਆ ਤਿਉਹਾਰ ਅਸਲ ਖ਼ੁਸ਼ੀ ਨਹੀਂ ਦੇ ਸਕਦਾ।

ਤਿਉਹਾਰਾਂ ਦੇ ਰੰਗ ਭਾਵੇਂ ਸਮੇਂ ਨਾਲ ਬਦਲ ਰਹੇ ਹਨ ਪਰ ਇਨ੍ਹਾਂ ਦੀ ਅਸਲ ਰੂਹ ਨਹੀਂ ਬਦਲਣੀ ਚਾਹੀਦੀ। ਆਨਲਾਈਨ ਬਾਜ਼ਾਰ ਆਉਣ, ਮੋਬਾਈਲ ਸਾਡੀ ਜ਼ਿੰਦਗੀ ਦਾ ਹਿੱਸਾ ਬਣਨ, ਖ਼ਰੀਦਦਾਰੀ ਦੇ ਢੰਗ ਬਦਲਣ ਪਰ ਸਾਂਝ, ਸੇਵਾ, ਸਤਿਕਾਰ ਤੇ ਅਪਣੱਤ ਦੀ ਥਾਂ ਕੋਈ ਤਕਨਾਲੋਜੀ ਨਹੀਂ ਲੈ ਸਕਦੀ। ਤਿਉਹਾਰ ਦੀ ਅਸਲ ਰੌਸ਼ਨੀ ਘਰ ਦੀ ਸਜਾਵਟ 'ਚ ਨਹੀਂ ਸਗੋਂ ਉਸ ਅਪਣੱਤ ਵਿਚ ਹੈ, ਜੋ ਸਾਡੇ ਦਿਲ ਤੋਂ ਨਿਕਲ ਕੇ ਦੂਜੇ ਤੱਕ ਪਹੁੰਚਦੀ ਹੈ।

***

### ਕੀ ਚੋਣ ਕਮਿਸ਼ਨ, ਅਦਾਲਤ, ਅਫ਼ਸਰਸ਼ਾਹੀ

ਇਹੀ ਗੱਲ ਅਫ਼ਸਰਸ਼ਾਹੀ ਅਤੇ ਪੁਲਿਸ ਪ੍ਰਸ਼ਾਸਨ ਬਾਰੇ ਵੀ ਕਹੀ ਜਾ ਸਕਦੀ ਹੈ। ਕੀ ਮੁਸਲਮਾਨਾਂ ਅਤੇ ਇਸਾਈਆਂ ਖ਼ਿਲਾਫ਼ ਉਹਨਾਂ ਦੀਆਂ ਕਾਰਵਾਈਆਂ ਸਰਕਾਰ ਦੇ ਦਬਾਅ ਕਾਰਨ ਹਨ ਜਾਂ ਇਸ ਲਈ ਕਿ ਉਹਨਾਂ ਵਿੱਚੋਂ ਬਹੁਤੇ ਅਧਿਕਾਰੀ ਭਾਜਪਾ ਨਾਲ ਵਿਚਾਰਧਾਰਕ ਤੌਰ 'ਤੇ ਸਹਿਮਤ ਹਨ ਅਤੇ ਭਾਰਤ ਨੂੰ ਇੱਕ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦੇ ਹਨ?

ਸੜਕਾਂ 'ਤੇ ਬੁਲਡੋਜ਼ਰ ਸਿਆਸਤਦਾਨ ਨਹੀਂ ਚਲਾ ਰਹੇ, ਸਗੋਂ ਪ੍ਰਸ਼ਾਸਨਿਕ ਅਧਿਕਾਰੀ ਚਲਾ ਰਹੇ ਹਨ। ਮੁਸਲਮਾਨਾਂ ਨੂੰ ਝੂਠੇ ਘੜੇ ਗਏ ਕੇਸਾਂ ਵਿੱਚ ਸਿਆਸੀ ਆਗੂ ਨਹੀਂ, ਸਗੋਂ ਪੁਲਿਸ ਅਧਿਕਾਰੀ ਗ੍ਰਿਫ਼ਤਾਰ ਕਰ ਰਹੇ ਹਨ। ਤਬਲੀਗੀ ਜਮਾਤ ਖ਼ਿਲਾਫ਼ ਝੂਠਾ ਮੁਕੱਦਮਾ ਸਿਆਸਤਦਾਨਾਂ ਨੇ ਨਹੀਂ, ਪੁਲਿਸ ਨੇ ਦਰਜ ਕੀਤਾ ਸੀ। ਨੋਇਡਾ ਵਿੱਚ ਮਜ਼ਦੂਰਾਂ ਦੇ ਸੰਘਰਸ਼ ਦਾ ਸਾਥ ਦੇਣ ਵਾਲੀ ਕਲਾਕਾਰ ਆਕ੍ਰਿਤੀ 'ਤੇ ਝੂਠਾ ਕੇਸ ਭਾਜਪਾ ਆਗੂਆਂ ਨੇ ਨਹੀਂ, ਨੋਇਡਾ ਦੀ ਡਿਪਟੀ ਕਮਿਸ਼ਨਰ (ਜ਼ਿਲ੍ਹਾ ਅਧਿਕਾਰੀ) ਨੇ ਦਰਜ ਕਰਵਾਇਆ ਸੀ। ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਖ਼ਿਲਾਫ਼ ਜਿਹੜੀ ਚਾਰਜਸ਼ੀਟ ਲਿਖੀ ਗਈ ਹੈ, ਉਹ ਭਾਜਪਾ ਦਫ਼ਤਰ ਵਿੱਚ ਨਹੀਂ, ਦਿੱਲੀ ਪੁਲਿਸ ਦੇ ਦਫ਼ਤਰ ਵਿੱਚ ਤਿਆਰ ਕੀਤੀ ਗਈ ਹੈ। ਬਾਬਰੀ ਮਸਜਿਦ ਵਾਲੀ ਜ਼ਮੀਨ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਅਦਾਲਤ ਨੇ ਦਿੱਤੀ, ਅਤੇ ਗਿਆਨਵਾਪੀ ਮਸਜਿਦ ਨੂੰ ਵੀ ਅਦਾਲਤ ਨੇ ਹੀ ਵਿਵਾਦਤ ਬਣਾਇਆ।

ਅਜਿਹੀਆਂ ਮਿਸਾਲਾਂ ਦੀ ਸੂਚੀ ਬਹੁਤ ਲੰਮੀ ਹੈ। ਕੀ ਇਸ ਸਭ ਨਾਲ ਇਹ ਸ਼ੱਕ ਯਕੀਨ ਵਿੱਚ ਨਹੀਂ ਬਦਲਦਾ ਕਿ ਭਾਰਤ ਦੇ ਰਾਜਸੀ ਅਤੇ ਸੰਵਿਧਾਨਕ ਅਦਾਰਿਆਂ ਨੇ ਆਪਣੀ ਵਫ਼ਾਦਾਰੀ ਬਦਲ ਲਈ ਹੈ ਅਤੇ ਹੁਣ ਉਹਨਾਂ ਦਾ ਮਾਰਗਦਰਸ਼ਕ ਦੇਸ਼ ਦਾ ਸੰਵਿਧਾਨ ਨਹੀਂ ਰਿਹਾ?

***

### ਜੰਗਾਂ-ਯੁੱਧਾਂ ਵਿੱਚ ਵੀ ਅਡੋਲ ਰਿਹਾ ਖ਼ਾਲਸੇ

ਮੈਂ ਬੰਬਈ ਤੋਂ ਦੋ ਦਿਨ ਅਤੇ ਦੋ ਰਾਤਾਂ ਦਾ ਰੇਲ ਸਫ਼ਰ ਤੁਹਾਡੇ ਇੱਕ ਆਗੂ ਮਾਸਟਰ ਤਾਰਾ ਸਿੰਘ ਨਾਲ ਇੱਕੋ ਡੱਬੇ ਵਿੱਚ ਕੀਤਾ। ਪੂਰੇ ਸਫ਼ਰ ਦੌਰਾਨ ਸਾਡੇ ਦੋਹਾਂ ਤੋਂ ਇਲਾਵਾ ਕੋਈ ਤੀਜਾ ਮੁਸਾਫ਼ਰ ਨਹੀਂ ਸੀ। ਇੰਨੇ ਲੰਬੇ ਸਫ਼ਰ ਦੌਰਾਨ ਮੈਂ ਇਹ ਦੇਖ ਕੇ ਹੈਰਾਨ ਰਹਿ ਗਈ ਕਿ ਤੁਹਾਡੇ ਇਸ ਆਗੂ ਨੇ ਇੱਕ ਵਾਰ ਵੀ ਮੇਰੇ ਵੱਲ ਸਿੱਧੀ ਜਾਂ ਤਿਰਛੀ ਅੱਖ ਨਾਲ ਨਹੀਂ ਤੱਕਿਆ। ਅਸੀਂ ਅਮਰੀਕਾ ਵਾਸੀ ਭਾਰਤੀ ਇਤਿਹਾਸ ਵਿੱਚ ਲਛਮਣ ਜਤੀ ਬਾਰੇ ਸੁਣਦੇ ਆਏ ਹਾਂ, ਪਰ ਤੁਹਾਡੇ ਆਗੂ ਦੇ ਇਸ ਅਦੁੱਤੀ ਸੰਜਮ ਨੂੰ ਦੇਖ ਕੇ ਪਤਾ ਲੱਗਦਾ ਹੈ ਕਿ ਤੁਹਾਡੇ ਦੇਸ਼ ਵਿੱਚ ਲਛਮਣ ਜਤੀ ਅੱਜ ਵੀ ਮੌਜੂਦ ਹਨ।

ਕੁਝ ਸਮਾਂ ਪਹਿਲਾਂ ਇੱਕ ਅਖ਼ਬਾਰੀ ਇੰਟਰਵਿਊ ਦੌਰਾਨ ਬਾਲੀਵੁੱਡ ਫ਼ਿਲਮਸਾਜ਼ ਸ਼ੇਖਰ ਕਪੂਰ ਨੇ ਸਿੱਖਾਂ ਦੇ ਕਿਰਦਾਰ ਦੀ ਮਿਸਾਲ ਦਿੰਦਿਆਂ ਕਿਹਾ ਸੀ, 'ਬਚਪਨ ਵਿੱਚ ਜਦੋਂ ਸਾਡਾ ਪਰਿਵਾਰ ਦਿੱਲੀ ਰਹਿੰਦਾ ਸੀ, ਉਦੋਂ ਘਰ ਦੀਆਂ ਧੀਆਂ ਨੂੰ ਕਿਹਾ ਜਾਂਦਾ ਸੀ ਕਿ ਜੇਕਰ ਤੁਸੀਂ ਕਿਸੇ ਖ਼ਤਰੇ ਜਾਂ ਮੁਸੀਬਤ ਵਿੱਚ ਇਕੱਲੀਆਂ ਹੋਵੋ, ਤਾਂ ਨੇੜੇ ਕਿਸੇ ਸਰਦਾਰ ਕੋਲ ਚਲੇ ਜਾਣਾ; ਉਹ ਆਪਣੀ ਜਾਨ ਦੇ ਕੇ ਵੀ ਤੁਹਾਡੀ ਰੱਖਿਆ ਕਰੇਗਾ।

ਦਰਅਸਲ, ਇਤਿਹਾਸ ਵਿੱਚ ਸਿੱਖਾਂ ਦੇ ਬੁਲੰਦ ਇਖ਼ਲਾਕੀ ਕਿਰਦਾਰ ਦੀ ਨੀਂਹ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਰੱਖ ਦਿੱਤੀ ਸੀ। ਉਨ੍ਹਾਂ ਨੇ 15ਵੀਂ ਸਦੀ ਵਿੱਚ ਸਮਾਜ ਵੱਲੋਂ ਤ੍ਰਿਸਕਾਰੀ ਗਈ ਔਰਤ ਨੂੰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਸੰਦੇਸ਼ ਦੇ ਕੇ ਸਤਿਕਾਰ ਬਖ਼ਸ਼ਿਆ ਅਤੇ ਇੱਕ ਸੱਭਿਅਕ ਮਨੁੱਖ ਬਣਨ ਲਈ ਉੱਚੇ-ਸੁੱਚੇ ਆਚਰਣ ਨੂੰ ਸਰਵੋਤਮ ਮੰਨਿਆ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥
(ਅੰਗ: 62)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਾਈ ਇਸਤਰੀ ਦੇ ਮਾੜੇ ਸੰਗ ਨੂੰ ਜ਼ਹਿਰੀਲੇ ਸੱਪ ਦੇ ਸਾਥ ਬਰਾਬਰ ਦੱਸਿਆ ਹੈ:

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥
(ਅੰਗ: 403)

ਜੰਗ ਦੇ ਮੈਦਾਨ ਵਿੱਚ ਵੀ ਔਰਤ ਪ੍ਰਤੀ ਅਦਬੀ ਨਜ਼ਰੀਆ ਅਤੇ ਅਡੋਲ ਮਾਨਸਿਕ ਸੰਜਮ ਕਾਇਮ ਰੱਖਣ ਪਿੱਛੇ ਗੁਰੂ ਸਾਹਿਬਾਨ ਦੀ ਦਿੱਤੀ ਉਹ ਇਲਾਹੀ ਪ੍ਰੇਰਨਾ ਕਾਰਜਸ਼ੀਲ ਰਹੀ, ਜੋ ਦੁਨੀਆ ਦੀ ਕਿਸੇ ਫ਼ੌਜੀ ਅਕੈਡਮੀ ਵਿੱਚ ਨਹੀਂ ਮਿਲਦੀ। ਸਿੱਖਾਂ ਨੂੰ ਰਣ-ਤੱਤੇ ਅੰਦਰ ਸਰੀਰਕ ਬਲ ਨਾਲ ਦੁਸ਼ਮਣ ਨਾਲ ਲੋਹਾ ਲੈਣ ਤੋਂ ਪਹਿਲਾਂ, ਆਪਣੇ ਅੰਦਰੋਂ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) 'ਤੇ ਕਾਬੂ ਪਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅੰਦਰੂਨੀ ਵਿਕਾਰਾਂ ਨੂੰ ਮਾਰ ਕੇ ਧਰਮ ਹਿੱਤ ਜੂਝਣ ਵਾਲੇ ਨੂੰ ਹੀ ਗੁਰਮਤਿ ਨੇ ਸੱਚਾ ਸੂਰਮਾ ਮੰਨਿਆ ਹੈ:

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥
(ਅੰਗ: 404)

ਅਜੋਕੇ ਦੌਰ ਵਿੱਚ ਜੇਕਰ ਸਿੱਖੀ ਸਰੂਪ ਵਿੱਚ ਵਿਚਰਨ ਵਾਲੇ ਕੁਝ ਸਿਆਸੀ ਜਾਂ ਧਾਰਮਿਕ ਆਗੂਆਂ ਦੇ ਕਿਰਦਾਰ ਵਿੱਚ ਆਈ ਗਿਰਾਵਟ 'ਤੇ ਉਂਗਲਾਂ ਉੱਠ ਰਹੀਆਂ ਹਨ, ਤਾਂ ਉਸ ਦੇ ਸੁਧਾਰ ਅਤੇ ਪ੍ਰੇਰਨਾ ਦੇ ਸੋਮੇ ਸਾਡੇ ਸੁਨਹਿਰੀ ਇਤਿਹਾਸ ਅਤੇ ਪੁਰਾਤਨ ਰਵਾਇਤਾਂ ਵਿੱਚ ਹੀ ਮੌਜੂਦ ਹਨ।

***

### ਅਮਰੀਕੀ ਜੀਵਨ ਸ਼ੈਲੀ ਅਪਨਾਉਣ ਦੇ ਨਾਲ-ਨਾਲ

ਐਰੀਜ਼ੋਨਾ ਵਿੱਚ ਇੱਕ ਸਿੱਖ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਇਸੇ ਡਰ ਅਤੇ ਨੌਕਰੀਆਂ ਨਾ ਮਿਲਣ ਦੇ ਖ਼ਦਸ਼ੇ ਕਾਰਨ ਬਹੁਤ ਸਾਰੇ ਲੋਕਾਂ ਨੇ ਆਪਣਾ ਬਾਹਰੀ ਸਰੂਪ ਤਿਆਗ ਦਿੱਤਾ ਸੀ। ਬਲਵਿੰਦਰ ਕੌਰ ਖ਼ੁਦ ਵੀ ਸਿਰ ਨਹੀਂ ਢਕਦੀ, ਪਰ ਉਸ ਦਾ ਮੰਨਣਾ ਹੈ ਕਿ ਬਾਹਰੀ ਦਿੱਖ ਬਦਲ ਜਾਣ ਦਾ ਮਤਲਬ ਧਰਮ ਨੂੰ ਛੱਡਣਾ ਨਹੀਂ ਹੁੰਦਾ। ਉਸ ਦੇ ਦਿਲ ਵਿੱਚ ਸਿੱਖੀ ਪੂਰੀ ਤਰ੍ਹਾਂ ਵੱਸਦੀ ਹੈ ਅਤੇ ਉਸ ਦਾ ਪਰਿਵਾਰ ਹਰ ਗੁਰਪੁਰਬ ਪੂਰੀ ਸ਼ਰਧਾ ਨਾਲ ਮਨਾਉਂਦਾ ਹੈ। ਸਿੱਖੀ ਦਾ ਅਸਲ ਤੱਤ ਇੱਕ ਚੰਗਾ ਇਨਸਾਨ ਬਣਨਾ, ਸਾਰਿਆਂ ਨੂੰ ਬਰਾਬਰ ਸਮਝਣਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਬਾਹਰੀ ਰੂਪ ਨਾ ਧਾਰਨ ਕਰਨ ਕਾਰਨ ਅਜਿਹੇ ਪਰਿਵਾਰਾਂ ਨੂੰ ਅਕਸਰ ਆਪਣੇ ਹੀ ਭਾਈਚਾਰੇ ਅੰਦਰ ਨੁਕਤਾਚੀਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਸਾਰੇ ਮਾਹੌਲ ਦੇ ਵਿਚਕਾਰ ਨਵੀਂ ਪੀੜ੍ਹੀ ਦੀ ਇੱਕ ਅਜਿਹੀ ਤਸਵੀਰ ਵੀ ਉੱਭਰ ਰਹੀ ਹੈ ਜੋ ਹੌਸਲਾ ਵਧਾਉਣ ਵਾਲੀ ਹੈ। ਤਲਵਿੰਦਰ ਸਿੰਘ ਦਾ 16 ਸਾਲਾ ਪੁੱਤਰ ਰਣਵੀਰ ਸਿੰਘ ਇਸ ਦੀ ਵੱਡੀ ਮਿਸਾਲ ਹੈ। ਮਾਲਡਨ ਦੇ ਇੱਕ ਚਾਰਟਰ ਸਕੂਲ ਵਿੱਚ 11ਵੀਂ ਜਮਾਤ ਦਾ ਵਿਦਿਆਰਥੀ ਰਣਵੀਰ ਆਈਸ ਹਾਕੀ ਖੇਡਦਾ ਹੈ, ਉੱਚ ਪੜ੍ਹਾਈ ਦੀ ਤਿਆਰੀ ਕਰ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਵਿੱਚ ਪੂਰੀ ਮੁਹਾਰਤ ਨਾਲ ਤਬਲਾ ਵਜਾਉਂਦਾ ਹੈ। ਰਣਵੀਰ ਆਪਣੇ ਸਕੂਲ ਵਿੱਚ ਇਕੱਲਾ ਦਸਤਾਰਧਾਰੀ ਨੌਜਵਾਨ ਹੈ। ਜਦੋਂ ਸਾਥੀ ਵਿਦਿਆਰਥੀ ਉਸ ਨੂੰ ਗ਼ਲਤਫ਼ਹਿਮੀ ਵਿੱਚ ਮੁਸਲਿਮ ਸਮਝਦੇ ਹਨ, ਤਾਂ ਉਹ ਗੁੱਸਾ ਕਰਨ ਦੀ ਬਜਾਏ ਉਨ੍ਹਾਂ ਨੂੰ ਸਿੱਖ ਧਰਮ ਅਤੇ ਆਪਣੇ ਵਿਰਸੇ ਬਾਰੇ ਦੱਸਦਾ ਹੈ।

ਰਣਵੀਰ ਨੂੰ ਆਪਣੀ ਵੱਖਰੀ ਦਿੱਖ ਉੱਤੇ ਪੂਰਾ ਮਾਣ ਹੈ। ਉਸ ਦਾ ਕਹਿਣਾ ਹੈ ਕਿ ਦਸਤਾਰ ਉਸ ਨੂੰ ਭੀੜ ਤੋਂ ਵੱਖਰਾ ਕਰਦੀ ਹੈ ਅਤੇ ਅਮਰੀਕਾ ਵਰਗੇ ਦੇਸ਼ ਵਿੱਚ ਇੱਕ ਵਿਲੱਖਣ ਪਛਾਣ ਦਿੰਦੀ ਹੈ। ਉਹ ਭਵਿੱਖ ਵਿੱਚ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਿਹਾ ਹੈ ਅਤੇ ਜਿੱਥੇ ਵੀ ਜਾਵੇਗਾ, ਆਪਣੀ ਦਸਤਾਰ ਅਤੇ ਤਬਲੇ ਨੂੰ ਆਪਣੇ ਨਾਲ ਲੈ ਕੇ ਜਾਵੇਗਾ।

ਵਿਦੇਸ਼ਾਂ ਵਿੱਚ ਵਸਦੇ ਸਿੱਖ ਪਰਿਵਾਰਾਂ ਲਈ ਅੱਜ ਸਭ ਤੋਂ ਵੱਡੀ ਤਰਜੀਹ ਇਹੋ ਹੈ ਕਿ ਉਹ ਬੱਚਿਆਂ ਉੱਤੇ ਧਰਮ ਨੂੰ ਜ਼ਬਰਦਸਤੀ ਥੋਪਣ ਦੀ ਬਜਾਏ ਆਪਣੇ ਕਿਰਦਾਰ ਰਾਹੀਂ ਉਨ੍ਹਾਂ ਸਾਹਮਣੇ ਮਿਸਾਲ ਪੇਸ਼ ਕਰਨ। ਪੱਛਮੀ ਰਹਿਣ-ਸਹਿਣ ਦੀਆਂ ਚੁਣੌਤੀਆਂ ਅਤੇ ਸਮਾਜਿਕ ਵਿਤਕਰੇ ਦੇ ਬਾਵਜੂਦ, ਇਹ ਭਾਈਚਾਰਾ ਮਨੁੱਖਤਾ ਦੀ ਸੇਵਾ, ਬਰਾਬਰੀ ਅਤੇ ਸਤਿਕਾਰ ਦੇ ਗੁਰੂ-ਸੰਦੇਸ਼ ਨੂੰ ਅਪਨਾ ਕੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਦ੍ਰਿੜ੍ਹ ਹੈ।

***

### ਆਮਦਨ 'ਚ ਅਸਮਾਨਤਾਵਾਂ

ਇਸ ਦੇ ਨਾਲ ਹੀ ਔਰਤਾਂ ਨੂੰ ਔਸਤਨ ਮਿਲਦੀਆ ਉਜ਼ਰਤਾਂ ਪੁਰਸ਼ਾਂ ਦੇ ਮੁਕਾਬਲੇ ਬਹੁਤ ਘੱਟ ਹਨ, ਔਰਤਾਂ ਦੀ ਕੰਮ 'ਚ ਭਾਗੇਦਾਰੀ ਵੀ ਕਾਫ਼ੀ ਘੱਟ ਹੈ, ਭਾਵ ਲਿੰਗ ਦੇ ਆਧਾਰ 'ਤੇ ਵੱਡੇ ਪੱਧਰ 'ਤੇ ਭੇਦਭਾਵ ਪ੍ਰਚੱਲਿਤ ਹੈ। ਇਵੇਂ ਹਾਲੇ ਵੀ ਅਸੰਗਠਿਤ ਖੇਤਰ 'ਚ ਬਹੁਤੇ ਕਾਮੇਂ ਕੰਮ ਕਰਨ ਲਈ ਮਜ਼ਬੂਰ ਹਨ ਕਿਉਂਕਿ ਸੰਗਠਿਤ ਖੇਤਰ ਲੋੜੀਂਦਾ ਰੁਜ਼ਗਾਰ ਪੈਦਾ ਕਰਨ ਤੋਂ ਅਸਮਰਥ ਹੈ ਕਿਉਂਕਿ ਦੇਸ਼ ਦਾ ਜਿਹੜਾ ਵੀ ਵਿਕਾਸ ਹੋ ਰਿਹਾ ਹੈ ਉਹ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕਰ ਰਿਹਾ। ਦੇਸ਼ 'ਚ ਹਾਲੇ ਵੀ ਸਕਿੱਲ/ਹੁਨਰ ਨਿਰਮਾਣ ਦੀ ਬਹੁਤ ਵੱਡੀ ਘਾਟ ਪਾਈ ਜਾ ਰਹੀ ਹੈ, ਜਿਸ ਕਾਰਨ ਕਾਫ਼ੀ ਨੌਜਵਾਨਾਂ ਨੂੰ ਲਾਭਕਾਰੀ ਰੁਜ਼ਗਾਰ ਨਹੀਂ ਮਿਲ ਰਿਹਾ। ਇਹਨਾਂ ਖਾਮੀਆਂ ਨੂੰ ਲੋਕ/ਕਾਮਿਆਂ ਪੱਖੀ ਨੀਤੀਆਂ ਬਣਾ ਕੇ ਦੂਰ ਕਰਨ ਦੀ ਸਖ਼ਤ ਲੋੜ ਹੈ।

ਇਸ ਤੋਂ ਸਪੱਸ਼ਟ ਹੈ ਕਿ ਦੇਸ਼ 'ਚ ਬਹੁਤ ਵੱਡੀ ਗਿਣਤੀ ਕਾਮਿਆਂ ਦੀ ਉਹਨਾਂ ਨੂੰ ਪ੍ਰਾਪਤ ਰੁਜ਼ਗਾਰ ਤੋਂ ਰੋਜ਼ਾਨਾ ਦੀ ਆਮਦਨ ਬਹੁਤ ਘੱਟ ਅਤੇ ਨੀਵੇਂ ਪੱਧਰ ਦੀ ਹੈ। ਕੇਵਲ ਰੋਜ਼ਾਨਾ ਆਮਦਨ ਹੀ ਘੱਟ ਨਹੀਂ ਸਗੋਂ ਕਾਨੂੰਨ ਦੁਆਰਾ ਨਿਰਧਾਰਤ ਘੱਟੋ ਘੱਟ ਮਜ਼ਦੂਰੀ ਦੀਆਂ ਦਿਹਾੜੀਆਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਇਹ ਵੀ ਸਪੱਸ਼ਟ ਦਿਖਾਈ ਦਿੰਦਾ ਹੈ ਪੁਰਸ਼ ਕਾਮਿਆਂ ਦੇ ਮੁਕਾਬਲੇ ਔਰਤ ਕਾਮਿਆਂ ਨੂੰ ਉਜ਼ਰਤਾਂ ਸਬੰਧੀ ਅਤੇ ਰੁਜ਼ਗਾਰ ਸਬੰਧੀ ਵੱਧ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਨਵੇਂ ਲੇਬਰ ਕੋਡਜ਼ ਲਾਗੂ ਹੋਣ ਤੋਂ ਬਾਅਦ ਵੱਡੀ ਗਿਣਤੀ 'ਚ ਕਾਮਿਆਂ ਨੂੰ ਉਜ਼ਰਤਾਂ ਸਬੰਧੀ, ਕੰਮ ਕਰਨ ਦੇ ਘੰਟਿਆਂ ਤੇ ਹਾਲਤਾਂ ਸਬੰਧੀ, ਸੰਗਠਿਤ ਹੋਣ ਸਬੰਧੀ ਅਤੇ ਝਗੜਿਆਂ ਦੇ ਨਿਪਟਾਰੇ ਸਬੰਧੀ ਹੋਰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਮਾਂ ਤੇ ਹਾਲਾਤ ਮੰਗ ਕਰਦੇ ਹਨ ਕਿ ਕਾਮਿਆਂ ਦੀ ਰੋਜ਼ਾਨਾ ਘੱਟੋ-ਘੱਟ ਮਜ਼ਦੂਰੀ 'ਚ ਚੋਖਾ ਵਾਧਾ ਕੀਤਾ ਜਾਵੇ ਤੇ ਉਸ ਨੂੰ ਕਾਨੂੰਨ ਮੁਤਾਬਕ ਲਾਗੂ ਕਰਨ ਦਾ ਪ੍ਰਬੰਧ ਵੀ ਕੀਤਾ ਜਾਣਾ ਚਾਹੀਦਾ ਹੈ। ਜਿੱਥੇ ਤੱਕ ਸੰਭਵ ਹੋ ਸਕੇ ਘੱਟੋ ਘੱਟ ਮਜ਼ਦੂਰੀ ਦੀ ਦਰ ਨੂੰ ਪ੍ਰਤੀ ਘੰਟਾ ਦੇ ਹਿਸਾਬ ਨਾਲ ਸਾਰੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਖ਼ਤ ਕਾਨੂੰਨੀ ਕਾਰਵਾਈ ਨਾਲ ਲਾਗੂ ਵੀ ਕੀਤਾ ਜਾਣਾ ਚਾਹੀਦਾ ਹੈ।

***

### ਨਵੇਂ ਬੀਜ ਬਿੱਲ ਨਾਲ ਕਿਸਾਨੀ ਹੱਕਾਂ

ਉਨ੍ਹਾਂ ਦੇ ਰਾਹ ਵਿੱਚ ਵੀ ਰੁਕਾਵਟਾਂ ਖੜ੍ਹੀਆਂ ਹੋਣਗੀਆਂ।

ਇਸ ਦਾ ਅਰਥ ਇਹ ਹੈ ਕਿ ਅਸੀਂ ਵੀ.ਸੀ.ਯੂ. ਦੇ 'ਸੂਈ ਜੈਨਰਿਸ' ਦਾ ਰਾਹ ਛੱਡ ਕੇ ਵਿਸ਼ਵ ਪੱਧਰ 'ਤੇ ਬੀਜਾਂ ਨੂੰ ਕੰਟਰੋਲ ਕਰਨ ਵਾਲੇ ਯੂ.ਪੀ.ਓ.ਵੀ. ਨਾਲ ਸਹਿਮਤੀ ਵੱਲ ਵਧ ਰਹੇ ਹਾਂ, ਜੋ ਕਾਫ਼ੀ ਚਿਰ ਤੋਂ ਭਾਰਤ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਇੱਕ ਵਾਰ ਜਦੋਂ ਅਸੀਂ ਇਸ ਢਾਂਚੇ ਵਿੱਚ ਫਸ ਗਏ, ਤਾਂ ਕਿਸਾਨ ਆਪਣੇ ਲਈ ਵੀ ਬੀਜ ਸਾਂਭ ਕੇ ਨਹੀਂ ਰੱਖ ਸਕਣਗੇ। 11 ਸਤੰਬਰ 2026 ਦੀ ਇੱਕ ਖ਼ਬਰ ਮੁਤਾਬਕ 'ਕੋਰਟੇਵਾ' ਕੰਪਨੀ ਭਾਰਤ ਵਿੱਚੋਂ ਕਣਕ ਦੇ ਚੰਗੇ ਗੁਣਾਂ ਵਾਲੇ ਬੀਜ (ਜਰਮਪਲਾਜ਼ਮ) ਇਕੱਠੇ ਕਰਕੇ, ਜੈਨੇਟਿਕ ਇੰਜੀਨੀਅਰਿੰਗ ਰਾਹੀਂ ਵੱਧ ਝਾੜ ਦੇਣ ਵਾਲੇ ਅਤੇ ਮੌਸਮ ਅਨੁਕੂਲ ਹਾਈਬ੍ਰਿਡ ਬੀਜ ਤਿਆਰ ਕਰਕੇ ਦੇਵੇਗੀ।

ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਸਾਡਾ ਜਰਮਪਲਾਜ਼ਮ ਮੁਫ਼ਤ ਵਿੱਚ ਲੈ ਕੇ, ਉਸ ਤੋਂ ਤਿਆਰ ਕੀਤੇ ਹਾਈਬ੍ਰਿਡ ਬੀਜ ਕਿਸਾਨਾਂ ਨੂੰ ਬਹੁਤ ਮਹਿੰਗੇ ਭਾਅ ਵੇਚੇ ਜਾਣਗੇ। ਇਸ ਤੋਂ ਵੀ ਵੱਡੀ ਚਿੰਤਾ ਇਹ ਹੈ ਕਿ ਕਿਸਾਨ ਨੂੰ ਹਰ ਸਾਲ ਨਵਾਂ ਬੀਜ ਕੰਪਨੀ ਤੋਂ ਹੀ ਖ਼ਰੀਦਣਾ ਪਵੇਗਾ। ਜਦਕਿ ਅੱਜ ਕਿਸਾਨ ਇੱਕ ਏਕੜ ਦੀ ਉਪਜ ਤੋਂ ਅਗਲੇ ਸਾਲ ਲਈ 40 ਤੋਂ 50 ਏਕੜ ਜੋਗਾ ਬੀਜ ਆਪ ਤਿਆਰ ਕਰ ਲੈਂਦਾ ਹੈ। ਕੀ ਨਿੱਜੀ ਕੰਪਨੀਆਂ ਤੋਂ ਹਾਈਬ੍ਰਿਡ ਬੀਜ ਤਿਆਰ ਕਰਵਾਉਣਾ ਲਾਜ਼ਮੀ ਹੈ? ਕੀ ਆਈ.ਸੀ.ਏ.ਆਰ. ਦੇ ਖੋਜ ਕੇਂਦਰਾਂ ਅਤੇ ਯੂਨੀਵਰਸਿਟੀਆਂ ਵਿੱਚ ਲੱਖਾਂ ਰੁਪਏ ਤਨਖ਼ਾਹਾਂ ਲੈਣ ਵਾਲੇ ਸਾਡੇ ਵਿਗਿਆਨੀ ਇਸ ਕਿਸਾਨ-ਵਿਰੋਧੀ ਨੀਤੀ ਦਾ ਵਿਕਲਪ ਦੇਣ ਦੇ ਯੋਗ ਨਹੀਂ ਹਨ?

***

### ਕੈਨੇਡਾ ਵਿੱਚ ਕਿਉਂ ਫੇਲ ਰਹੀ ਹੈ

ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਇੱਥੇ ਆ ਕੇ ਵਪਾਰ ਅਤੇ ਵੱਖ ਵੱਖ ਧੰਦੇ ਕਰ ਸਕਣ, ਫੈਕਟਰੀਆਂ ਲਗਾ ਸਕਣ। ਇਸ ਨੂੰ ਛੱਡ ਕੇ ਜਾ ਰਹੇ ਵਪਾਰੀਆਂ ਅਤੇ ਕਾਰਖਾਨੇਦਾਰਾਂ ਦੇ ਜਾਣ ਦੇ ਕਾਰਨਾਂ ਉੱਤੇ ਵਿਚਾਰ ਕਰਕੇ ਉਨ੍ਹਾਂ ਨੂੰ ਮੁੜ ਇਸ ਦੇਸ਼ ਵਿੱਚ ਵਾਪਸ ਲਿਆਦਾਂ ਜਾਵੇ। ਇੱਥੋਂ ਦੀ ਆਮਦਨ ਦੇ ਵੱਡੇ ਸਾਧਨਾਂ ਤੇਲ ਅਤੇ ਕੁਦਰਤੀ ਸਰੋਤਾਂ ਦੇ ਵਪਾਰ ਵਿੱਚ ਆਉਣ ਵਾਲੇ ਘਟਾਅ ਦੇ ਕਾਰਨਾਂ ਨੂੰ ਲੱਭ ਕੇ ਵਪਾਰ ਨੂੰ ਵਧਾਇਆ ਜਾਵੇ। ਰੀਅਲ ਅਸਟੇਟ ਵਿੱਚ ਲਗਾਏ ਜਾਣ ਵਾਲੇ ਪੈਸੇ ਨੂੰ ਰੋਕਣ ਲਈ ਕਾਨੂੰਨ ਬਣਾਇਆ ਜਾਵੇ, ਉਹ ਪੈਸਾ ਫੈਕਟਰੀਆਂ ਲਗਾਉਣ, ਵਪਾਰ ਨੂੰ ਵਧਾਉਣ, ਫਾਰਮ ਹਾਊਸ ਬਣਾਉਣ, ਬਾਗ਼ ਬਗੀਚੇ ਲਗਾਉਣ ਅਤੇ ਹੋਰ ਧੰਦੇ ਕਰਨ ਵਿੱਚ ਲਗਾਇਆ ਜਾਵੇ ਜਿਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਬੈਂਕਾਂ ਦੀਆਂ ਐੱਫ.ਡੀ.ਆਰ. ਉੱਤੇ ਵਿਆਜ ਦਰਾਂ ਵਿੱਚ ਵਾਧਾ ਕੀਤਾ ਜਾਵੇ। ਰੁਜ਼ਗਾਰ ਦੇ ਸਾਧਨਾਂ ਅਤੇ ਦੂਜੇ ਦੇਸ਼ਾਂ ਤੋਂ ਬੁਲਾਏ ਜਾਣ ਵਾਲੇ ਲੋਕਾਂ ਵਿਚਕਾਰ ਸੰਤੁਲਨ ਬਣਾ ਕੇ ਰੱਖਿਆ ਜਾਵੇ।

ਵੱਧ ਤੋਂ ਵੱਧ ਨਵੀਆਂ ਫੈਕਟਰੀਆਂ ਲਗਾਈਆਂ ਜਾਣ ਅਤੇ ਨਵੇਂ ਧੰਦੇ ਸ਼ੁਰੂ ਕੀਤੇ ਜਾਣ। ਵਿਜ਼ਿਟਰ ਵੀਜ਼ੇ ਉੱਤੇ ਆਏ ਲੋਕਾਂ ਨੂੰ ਰੁਜ਼ਗਾਰ ਦੇਣਾ ਬੰਦ ਕੀਤਾ ਜਾਵੇ। ਬਜ਼ੁਰਗਾਂ ਦੀ ਬਜਾਏ ਨੌਜਵਾਨਾਂ ਨੂੰ ਹੀ ਕੰਮ ਦਿੱਤਾ ਜਾਵੇ। ਸਿਹਤ, ਸਿੱਖਿਆ, ਪੁਲਿਸ, ਫ਼ੌਜ, ਟਰਾਂਸਪੋਰਟ ਅਤੇ ਹੋਰ ਵਿਭਾਗਾਂ ਵਿੱਚ ਭਰਤੀ ਕੀਤੀ ਜਾਵੇ। ਬਜ਼ੁਰਗਾਂ ਅਤੇ ਬੱਚਿਆਂ ਦੀ ਸੰਭਾਲ ਲਈ ਨੈਨੀ ਦੀਆਂ ਨੌਕਰੀਆਂ ਦੀ ਵਿਵਸਥਾ ਕੀਤੀ ਜਾਵੇ। ਮੁਲਕ ਦੀ ਸਾਫ਼ ਸਫ਼ਾਈ ਲਈ ਨਗਰ ਕੌਂਸਲਾਂ ਵਿੱਚ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ। ਸਰਕਾਰਾਂ ਦੇ ਨਾਲ ਨਾਲ ਇਸ ਮੁਲਕ 'ਚ ਰਹਿੰਦੇ ਪ੍ਰਵਾਸੀ ਲੋਕਾਂ ਨੂੰ ਟੈਕਸਾਂ ਦੀ ਚੋਰੀ ਬੰਦ ਕਰਨੀ ਪਵੇਗੀ, ਠੱਗੀਆਂ, ਧੋਖਾਧੜੀਆਂ, ਹੇਰਾ ਫੇਰੀਆਂ, ਲੁੱਟਾਂ ਖੋਹਾਂ, ਮਾਰ ਮਰਾਈ, ਗੱਡੀਆਂ ਚੋਰੀ ਕਰਨ, ਬੀਮਾ ਯੋਜਨਾ ਦੀ ਦੁਰਵਰਤੋਂ ਕਰਨ ਵਰਗੀਆਂ ਮਾੜੀਆਂ ਆਦਤਾਂ ਤੋਂ ਦੂਰ ਰਹਿਣਾ ਪਵੇਗਾ। ਇੱਥੇ ਪੜ੍ਹਨ ਅਤੇ ਰੁਜ਼ਗਾਰ ਲੱਭਣ ਆਉਣ ਵਾਲੇ ਨੌਜਵਾਨਾਂ ਨੂੰ ਕੋਈ ਨਾ ਕੋਈ ਹੁਨਰ ਆਪਣੇ ਨਾਲ ਲੈ ਕੇ ਆਉਣਾ ਪਵੇਗਾ। ਜੇਕਰ ਇੱਥੋਂ ਦੀਆਂ ਸਰਕਾਰਾਂ ਅਤੇ ਇੱਥੇ ਵੱਸਦੇ ਪਰਵਾਸੀਆਂ ਨੇ ਇਨ੍ਹਾਂ ਗੱਲਾਂ ਉੱਤੇ ਅਮਲ ਨਾ ਕੀਤਾ ਤਾਂ ਇੱਥੇ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੋਵੇਗਾ।

RAISING VOICE FOR TRUTH

ਹੋਕਾ TV

# HOKA TV

## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ

# ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH

ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**